16-NOV-PAGE-1.qxd 11/15/2022 9:00 PM Page 1

ਬੁੱਧਵਾਰ, 16 ਨਵੰਬਰ, 2022
1 ਮੱਘਰ { ਨਾਨਕਸ਼ਾਹੀ 554 / ਬਿਕਰਮੀ 2079 }
ਜਿਲਦ/VOL. : 71
ਅੰਕ/NO. : 166

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 16 NOVEMBER, 2022

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਪੰਜਾਬ ਦੋਖੀ ਤਾਕਤਾਂ ਸੂਬੇ ਨੂੰ ਤੱਤੀਆਂ ਹਵਾਵਾਂ ਦੇ ਹਵਾਲੇ ਕਰਨ ਦੇ ਆਹਰ 'ਚ : ਬੰਤ ਬਰਾੜ



**ਸ਼ਾਹਕੋਟ (ਗਿਆਨ ਸੈਦਪੁਰੀ)**

ਅੰਗਰੇਜ਼ਾਂ ਦੇ ਪਿੱਠੂ ਰਹੇ ਲੋਕ ਪੰਜਾਬ ਵਿੱਚ ਆਪਣੇ ਦੁਰਪ੍ਰਚਾਰ ਰਾਹੀਂ ਭਾਈ ਲਾਲੋਆਂ ਦੇ ਪੈਰੋਕਾਰਾਂ ਦੇ ਅਕਸ ਨੂੰ ਖਰਾਬ ਕਰਨ ਦੀਆਂ ਕੋਝੀਆਂ ਕੋਸ਼ਿਸ਼ਾਂ ਵਿੱਚ ਲੱਗੇ ਹੋਏ ਹਨ। ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ ਅਤੇ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਨੇ ਕੀਤਾ। ਉਹ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਏਟਕ ਦੀ ਅਹਿਮ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾ ਪੰਜਾਬ ਦੇ ਅਜੋਕੇ ਸੰਕਟਮਈ ਦੌਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਆਰ ਐੱਸ ਐੱਸ ਆਪਣੀਆਂ ਫਾਸ਼ੀਵਾਦੀ ਰੁਚੀਆਂ ਅਧੀਨ ਪੰਜਾਬ ਨੂੰ ਤੱਤੀਆਂ ਹਵਾਵਾਂ ਦੇ ਹਵਾਲੇ ਕਰਨਾ ਚਾਹੁੰਦੀ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸੋਚ ਅਤੇ ਫਲਸਫੇ ਨੂੰ ਨਿੰਦਿਆ ਜਾ ਰਿਹਾ ਹੈ। ਕਮਿਊਨਿਸਟਾਂ 'ਤੇ ਲਗਾਤਾਰ ਵਿਚਾਰਧਾਰਕ ਹਮਲੇ ਕੀਤੇ ਜਾ ਰਹੇ ਹਨ। ਉਹਨਾ ਆਰ ਐੱਸ ਐੱਸ ਦੇ ਪਿਛੋਕੜ ਬਾਰੇ ਗੱਲ ਕਰਦਿਆਂ ਕਿਹਾ ਕਿ ਇਤਿਹਾਸਕ ਤੱਥ ਸਾਫ ਤੌਰ 'ਤੇ ਜ਼ਾਹਰ ਕਰਦੇ ਰਹੇ ਹਨ ਕਿ ਇਹ ਅੰਗਰੇਜ਼ਾਂ ਦੇ ਪਿੱਠੂ ਸਨ। ਅੱਜ ਇਹ ਲੋਕ ਦੇਸ਼ ਭਗਤੀ ਦਾ ਬੁਰਕਾ ਪਾ ਕੇ ਪੰਜਾਬ ਅਤੇ ਦੇਸ਼ ਦਾ ਭਲਾ ਚਾਹੁਣ ਵਾਲੀਆਂ ਤਾਕਤਾਂ ਵਿਰੁੱਧ ਗੁੰਮਰਾਹਕੁਨ ਪ੍ਰਚਾਰ ਕਰ ਰਹੇ ਹਨ। ਉਨ੍ਹਾ ਕਿਹਾ ਕਿ ਆਰ ਐੱਸ ਐੱਸ ਦੇ ਮਨਸ਼ਿਆਂ ਦੀ ਪੂਰਤੀ ਕਰਨ ਵਿੱਚ ਕੁਝ ਹੋਰ ਵਿਅਕਤੀ ਜਾਂ ਸੰਸਥਾਵਾਂ ਨੂੰ ਉਭਾਰਿਆ ਜਾ ਰਿਹਾ ਹੈ। ਕਮਿਊਨਿਸਟਾਂ ਵਿਰੁੱਧ ਸਿੱਖ ਵਿਰੋਧੀ ਹੋਣ ਦਾ ਦੁਰ-ਪ੍ਰਚਾਰ ਕੀਤਾ ਜਾ ਰਿਹਾ ਹੈ। ਗੁਰੂ ਨਾਨਕ ਦੇ ਮਨੁੱਖਵਾਦੀ ਫਲਸਫੇ ਤੋਂ ਕਮਿਊਨਿਸਟਾਂ ਨੂੰ ਦੂਰ ਕਰਨ ਦੀਆਂ ਕੋਝੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਉਹਨਾ ਕਿਹਾ ਕਿ ਕਮਿਊਨਿਸਟਾਂ ਦੇ ਲੋਕ-ਪੱਖੀ ਵਰਤਾਰੇ ਤੋਂ ਇਹ ਸਿੱਧ ਹੋ ਚੁੱਕਾ ਹੈ ਕਿ ਇਹ ਭਾਈ ਲਾਲੋ ਦੀ ਧਿਰ ਨਾਲ ਖੜੇ ਹਨ ਅਤੇ ਗੁਰੂ ਨਾਨਕ ਦੇ ਸਾਂਝੀਵਾਲਤਾ ਦੇ ਫਲਸਫੇ ਦੇ ਧਾਰਨੀ ਹਨ। ਉਨ੍ਹਾ ਕਿਹਾ ਕਿ ਆਰ ਐੱਸ ਐੱਸ ਅਤੇ ਹੋਰ ਪੰਜਾਬ ਦੋਖੀ ਤਾਕਤਾਂ ਦਾ ਮੂੰਹ-ਤੋੜ ਜਵਾਬ ਦੇਣ ਲਈ ਸੰਘਰਸ਼ ਹੀ ਇੱਕੋ-ਇਕ ਰਾਹ ਹੈ।

ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ 3 ਦਸੰਬਰ ਨੂੰ ਪਟਿਆਲਾ ਵਿੱਚ ਕੀਤੀ ਜਾ ਰਹੀ ਸੂਬਾ ਏਟਕ ਦੀ ਕਾਨਫਰੰਸ ਅਤੇ 16 ਤੋਂ 20 ਦਸੰਬਰ ਨੂੰ ਹੋ ਰਹੀ ਕੇਰਲਾ ਦੇ ਅੱਲਾਪੂਜਾ ਸ਼ਹਿਰ ਵਿੱਚ 42ਵੀਂ ਨੈਸ਼ਨਲ ਕਾਂਗਰਸ (ਏਟਕ) ਦੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾ ਦੱਸਿਆ ਕਿ 3 ਦਸੰਬਰ ਨੂੰ ਏਟਕ ਦੀ ਸੂਬਾ ਕਾਨਫਰੰਸ ਠੀਕ 10 ਵਜੇ ਸ਼ੁਰੂ ਹੋ ਜਾਵੇਗੀ। ਇਸ ਵਿੱਚ 150 ਡੈਲੀਗੇਟ ਹਿੱਸਾ ਲੈਣਗੇ। ਇਸੇ ਤਰਾਂ ਏਟਕ ਦੀ ਨੈਸ਼ਨਲ ਕਾਂਗਰਸ ਦੇ ਡੈਲੀਗੇਟ 2020 ਦੀ ਮੈਂਬਰਸ਼ਿਪ 'ਤੇ ਅਧਾਰਤ ਬਣਨਗੇ।

ਉਹਨਾ ਪੰਜਾਬ ਦੇ ਲੋਕਾਂ ਦੀਆਂ ਭਖਦੀਆਂ ਮੰਗਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਤੇ ਮੰਗਾਂ ਸੰਬੰਧੀ ਅਤੀਤ ਵਿੱਚ ਸਰਕਾਰ ਨਾਲ ਹੋਈਆਂ ਵੱਖ-ਵੱਖ ਮੀਟਿੰਗਾਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਆਉਂਦੇ ਸਮੇਂ ਵਿੱਚ ਲੋਕ ਮਸਲੇ ਹੱਲ ਕਰਵਾਉਣ ਲਈ ਇੱਕ ਵੱਡੀ ਰੈਲੀ ਕੀਤੀ ਜਾਵੇਗੀ। ਮੀਟਿੰਗ ਵਿੱਚ ਏਟਕ ਦੇ ਉਪ ਪ੍ਰਧਾਨ ਡੀ ਪੀ ਮੌੜ, ਸੁਖਦੇਵ ਸ਼ਰਮਾ ਤੇ ਅਮਰਜੀਤ ਸਿੰਘ ਆਸਲ (ਦੋਵੇਂ ਸਕੱਤਰ ਏਟਕ) ਨੇ ਵੀ ਵਿਚਾਰ ਸਾਂਝੇ ਕੀਤੇ।

ਮੀਟਿੰਗ ਦੇ ਸ਼ੁਰੂ ਵਿੱਚ ਕਾਮਰੇਡ ਰਣਧੀਰ ਸਿੰਘ ਗਿੱਲ, ਗਿਆਨੀ ਗੁਰਦੇਵ ਸਿੰਘ ਨਿਹਾਲ ਸਿੰਘ ਵਾਲਾ, ਅਵਤਾਰ ਵਲਟੋਹਾ (ਭਰਾਤਾ ਬਲਕਾਰ ਵਲਟੋਹਾ), ਪ੍ਰੀਤਮ ਸਿੰਘ ਦਰਦੀ, ਕਰਤਾਰ ਕਾਲਾ ਤੇ ਪਿਛਲੇ ਸਮੇਂ ਵਿਛੋੜਾ ਦੇ ਗਏ ਹੋਰ ਸਾਥੀਆਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਦਸਵਿੰਦਰ ਕੌਰ, ਦੇਵੀ ਕੁਮਾਰੀ ਸਰਹਾਲੀ ਕਲਾਂ, ਸਰੋਜ ਰਾਣੀ ਛਪੜੀਵਾਲਾ, ਜਗਦੀਸ਼ ਸਿੰਘ ਚਾਹਲ ਤੇ ਜਗਸੀਰ ਖੋਸਾ ਸ਼ਾਮਲ ਸਨ।

## ਮਨਰੇਗਾ ਫੰਡ ਨਾ ਦਿੱਤਾ ਤਾਂ ਜੀ ਐੱਸ ਟੀ ਰੋਕਾਂਗੇ : ਮਮਤਾ

**ਕੋਲਕਾਤਾ :** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮੰਗਲਵਾਰ ਝਾਰਗ੍ਰਾਮ 'ਚ ਕੇਂਦਰ 'ਤੇ ਦੋਸ਼ ਲਗਾਇਆ ਕਿ ਉਸ ਨੇ ਰਾਜ ਦੇ ਹਿੱਸੇ ਦਾ ਮਨਰੇਗਾ ਦਾ ਪੈਸਾ ਰੋਕਿਆ ਹੋਇਆ ਹੈ। ਉਨ੍ਹਾ ਕਿਹਾ ਕਿ ਕੀ ਕੇਂਦਰ ਸਾਡੇ ਤੋਂ ਆਪਣੇ ਬਕਾਏ ਲਈ ਹੱਥ ਫੈਲਾਉਣ ਦੀ ਉਮੀਦ ਕਰ ਰਿਹਾ ਹੈ ? ਉਨ੍ਹਾ ਕੇਂਦਰ ਨੂੰ ਕਿਹਾ ਕਿ ਉਹ ਬਕਾਏ ਜਾਰੀ ਕਰੇ ਜਾਂ ਫੇਰ ਸੱਤਾ ਤੋਂ ਲਾਂਭੇ ਹੋ ਜਾਵੇ। ਜੇ ਫੰਡ ਜਾਰੀ ਨਾ ਕੀਤਾ ਤਾਂ ਰਾਜ ਸਰਕਾਰ ਜੀ ਐੱਸ ਟੀ ਦਾ ਭੁਗਤਾਨ ਰੋਕ ਸਕਦੀ ਹੈ।

## ਭਾਰਤ ਜੋੜੋ ਯਾਤਰਾ ਨੇ ਕਾਂਗਰਸੀਆਂ 'ਚ ਏਕਤਾ ਲਿਆਂਦੀ : ਰਮੇਸ਼

**ਵਾਸ਼ਿਮ :** ਕਾਂਗਰਸ ਦੇ ਸੀਨੀਅਰ ਨੇਤਾ ਜੈਰਾਮ ਰਮੇਸ਼ ਨੇ ਮੰਗਲਵਾਰ ਕਿਹਾ ਕਿ 'ਭਾਰਤ ਜੋੜੋ ਯਾਤਰਾ' ਨੇ ਅਜਿਹੇ ਸਮੇਂ 'ਚ ਪਾਰਟੀ 'ਚ ਏਕਤਾ ਲਿਆ ਦਿੱਤੀ ਹੈ, ਜਦੋਂ ਉਹ ਸਿਆਸੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। 'ਭਾਰਤ ਜੋੜੋ ਯਾਤਰਾ' ਮੰਗਲਵਾਰ ਨੂੰ ਆਪਣੇ 69ਵੇਂ ਦਿਨ 'ਚ ਦਾਖਲ ਹੋ ਗਈ ਅਤੇ ਇਸ ਤੋਂ ਪਹਿਲਾਂ ਇਹ ਦਿਨ 'ਚ ਹੰਗੋਲੀ ਤੋਂ ਸ਼ੁਰੂ ਹੋ ਕੇ ਮਹਾਰਾਸ਼ਟਰ ਦੇ ਵਿਦਰਭ ਖੇਤਰ ਦੇ ਵਾਸ਼ਿਮ ਜ਼ਿਲ੍ਹੇ 'ਚ ਪਹੁੰਚੀ।

## ਚੋਣ ਕਮਿਸ਼ਨ ਨੂੰ ਸ਼ਿਵ ਸੈਨਾ ਦਾ ਵਿਵਾਦ ਛੇਤੀ ਨਿਬੇੜਨ ਦੀ ਹਦਾਇਤ

**ਨਵੀਂ ਦਿੱਲੀ :** ਦਿੱਲੀ ਹਾਈ ਕੋਰਟ ਨੇ ਸ਼ਿਵ ਸੈਨਾ ਪਾਰਟੀ ਦੇ ਨਾਂਅ ਅਤੇ ਚੋਣ ਨਿਸ਼ਾਨ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਦੇ ਚੋਣ ਕਮਿਸ਼ਨ ਦੇ ਅੰਤਰਮ ਆਦੇਸ਼ ਖਿਲਾਫ ਊਧਵ ਠਾਕਰੇ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਉਸ ਨੇ ਚੋਣ ਕਮਿਸ਼ਨ ਨੂੰ ਕਿਹਾ ਕਿ ਉਹ ਸ਼ਿਵ ਸੈਨਾ ਦੇ ਦੋ ਧੜਿਆਂ ਵਿਚਾਲੇ ਚੱਲ ਰਹੇ ਵਿਵਾਦ ਦਾ ਛੇਤੀ ਤੋਂ ਛੇਤੀ ਨਿਬੇੜਾ ਕਰੇ।

## 8,000,000,000



**ਸੰਯੁਕਤ ਰਾਸ਼ਟਰ :** ਪਿਛਲੇ 12 ਸਾਲਾਂ 'ਚ ਇੱਕ ਅਰਬ ਦੇ ਵਾਧੇ ਤੋਂ ਬਾਅਦ ਮੰਗਲਵਾਰ ਵਿਸ਼ਵ ਦੀ ਆਬਾਦੀ 8 ਅਰਬ ਤੱਕ ਪਹੁੰਚ ਗਈ। ਇਸ ਦੇ ਨਾਲ ਹੀ ਭਾਰਤ ਅਗਲੇ ਸਾਲ ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਵਜੋਂ ਚੀਨ ਨੂੰ ਪਛਾੜਨ ਦੇ ਕੰਢੇ ਹੈ। ਸੰਯੁਕਤ ਰਾਸ਼ਟਰ ਨੇ ਕਿਹਾ ਕਿ ਵਿਸ਼ਵਵਿਆਪੀ ਅੰਕੜਾ ਜਨਤਕ ਸਿਹਤ 'ਚ ਵੱਡੇ ਸੁਧਾਰਾਂ ਨੂੰ ਦਰਸਾਉਂਦਾ ਹੈ, ਜਿਸ ਨਾਲ ਮੌਤ ਦੇ ਜੋਖਮ ਨੂੰ ਘਟਾਇਆ ਗਿਆ ਹੈ ਅਤੇ ਜੀਵਨ ਦੀ ਸੰਭਾਵਨਾ ਵਧੀ ਹੈ। ਸੰਯੁਕਤ ਰਾਸ਼ਟਰ ਆਬਾਦੀ ਫੰਡ ਨੇ ਟਵੀਟ ਕੀਤਾ—ਅੱਠ ਅਰਬ ਉਮੀਦਾਂ। ਅੱਠ ਅਰਬ ਸੁਪਨੇ। ਅੱਠ ਅਰਬ ਸੰਭਾਵਨਾਵਾਂ। ਸਾਡਾ ਗ੍ਰਹਿ ਹੁਣ ਅੱਠ ਅਰਬ ਲੋਕਾਂ ਦਾ ਘਰ ਹੈ।

ਭਾਰਤ ਵੱਲੋਂ 2023 'ਚ ਦੁਨੀਆ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਵਜੋਂ ਚੀਨ ਨੂੰ ਪਿੱਛੇ ਛੱਡਣ ਦਾ ਅਨੁਮਾਨ ਹੈ। ਚੀਨ ਦੀ 1.426 ਅਰਬ ਦੇ ਮੁਕਾਬਲੇ 2022 'ਚ ਭਾਰਤ ਦੀ ਆਬਾਦੀ 1.412 ਅਰਬ ਹੈ ਤੇ ਇਹ 2050 'ਚ 1.668 ਅਰਬ ਹੋਣ ਦਾ ਅਨੁਮਾਨ ਹੈ, ਜੋ ਸਦੀ ਦੇ ਮੱਧ ਤੱਕ ਚੀਨ ਦੀ 1.317 ਅਰਬ ਆਬਾਦੀ ਤੋਂ ਕਾਫੀ ਅੱਗੇ ਹੋ ਜਾਵੇਗੀ। ਆਬਾਦੀ ਦੀ ਘੜੀ ਨੇ 15 ਨਵੰਬਰ ਨੂੰ 8,000,000,000 ਦਾ ਅੰਕੜਾ ਦਿਖਾਇਆ।

## ਆਰ ਐੱਸ ਐੱਸ ਤੇ ਭਾਜਪਾ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ 'ਚ ਦਖਲ ਬੰਦ ਕਰਨ : ਗਰੇਵਾਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਆਰ ਐੱਸ ਐੱਸ ਮੁਖੀ ਮੋਹਨ ਭਾਗਵਤ ਨੂੰ ਪੱਤਰ ਲਿਖ ਕੇ ਆਰ ਐੱਸ ਐੱਸ ਤੇ ਭਾਜਪਾ ਵੱਲੋਂ ਸਿੱਖ ਮਸਲਿਆਂ ਵਿਚ ਬੇਲੋੜੀ ਦਖਲਅੰਦਾਜ਼ੀ ਬੰਦ ਕਰਨ ਲਈ ਕਿਹਾ ਹੈ। ਸ਼੍ਰੋਮਣੀ ਕਮੇਟੀ ਦੇ ਸਥਾਪਨਾ ਦਿਵਸ ਮੌਕੇ ਮੰਗਲਵਾਰ ਭਾਗਵਤ ਨੂੰ ਲਿਖੇ ਪੱਤਰ ਵਿਚ ਭਾਈ ਗਰੇਵਾਲ ਨੇ ਸਖਤ ਸ਼ਬਦਾਂ ਵਿਚ ਕਿਹਾ ਕਿ ਵੱਡੀਆਂ ਕੁਰਬਾਨੀਆਂ ਤੋਂ ਬਾਅਦ ਹੋਂਦ ਵਿਚ ਆਈ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਲਈ ਆਰੰਭੇ ਗਏ ਸੰਘਰਸ਼ ਨੇ ਦੇਸ਼ ਦੀ ਅਜ਼ਾਦੀ ਦੇ ਘੋਲ ਦਾ ਮੁੱਢ ਬੰਨ੍ਹਿਆ ਸੀ, ਪਰ ਦੁੱਖ ਦੀ ਗੱਲ ਹੈ ਕਿ ਮੌਜੂਦਾ ਸਮੇਂ ਭਾਜਪਾ ਦੀ ਕੇਂਦਰ ਸਰਕਾਰ ਅਤੇ ਭਾਜਪਾ ਦੇ ਆਗੂਆਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਨੂੰ ਉਲਝਾਉਣ ਲਈ ਸਿੱਧੇ ਤੌਰ 'ਤੇ ਦਖਲ ਦਿੱਤਾ ਜਾ ਰਿਹਾ ਹੈ। ਇਸ ਦੀ ਮਿਸਾਲ ਇਸੇ ਮਹੀਨੇ 9 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਮੌਕੇ ਸਾਹਮਣੇ ਆਈ ਹੈ। ਉਨ੍ਹਾ ਕਿਹਾ ਕਿ ਆਰ ਐੱਸ ਐੱਸ ਦੀ ਰਾਜਸੀ ਧਿਰ ਭਾਜਪਾ ਦੀ ਅਗਵਾਈ ਵਾਲੀ ਭਾਰਤ ਸਰਕਾਰ, ਹਰਿਆਣਾ ਦੀ ਭਾਜਪਾ ਸਰਕਾਰ ਅਤੇ ਸੰਵਿਧਾਨਕ

● ਬਾਕੀ ਸਫ਼ਾ 2 'ਤੇ

## ਲੋਕ ਨੁਮਾਇੰਦਿਆਂ ਬਾਰੇ ਫੈਸਲਾ ਰਾਖਵਾਂ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਮੰਗਲਵਾਰ ਇਸ ਮਾਮਲੇ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਕਿ ਕੀ ਕਿਸੇ ਲੋਕ ਨੁਮਾਇੰਦੇ ਦੇ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ 'ਤੇ ਰੋਕ ਲਗਾਈ ਜਾ ਸਕਦੀ ਹੈ? ਜਸਟਿਸ ਐੱਸ ਏ ਨਜ਼ੀਰ ਦੀ ਅਗਵਾਈ ਵਾਲੀ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਇਸ ਮਾਮਲੇ 'ਤੇ ਅਟਾਰਨੀ ਜਨਰਲ ਆਰ ਵੈਂਕਟਾਰਮਨੀ, ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਅਤੇ ਹੋਰ ਧਿਰਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣੀਆਂ। ਬੈਂਚ ਦੇ ਦੋ ਹੋਰਨਾਂ ਮੈਂਬਰਾਂ ਵਿਚ ਜਸਟਿਸ ਬੀ ਆਰ ਗਵਈ, ਜਸਟਿਸ ਏ ਐੱਸ ਬੋਪੰਨਾ, ਜਸਟਿਸ ਵੀ ਰਾਮਸੁਬਰਾਮਨੀਅਨ ਅਤੇ ਜਸਟਿਸ ਬੀ ਵੀ ਨਾਗਰਤਨ ਸ਼ਾਮਲ ਹਨ।

## ਰੈਗਿੰਗ ਕੇਸ 'ਚ 3 ਹੋਰ ਫੜੇ

**ਹੈਦਰਾਬਾਦ :** ਇੱਥੇ ਬਿਜ਼ਨਸ ਸਕੂਲ ਦੇ ਅੱਠ ਵਿਦਿਆਰਥੀਆਂ ਨੂੰ ਕਥਿਤ ਤੌਰ 'ਤੇ ਰੈਗਿੰਗ ਕਰਨ ਅਤੇ ਵਿਦਿਆਰਥੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ।

ਇਸ ਘਟਨਾ ਨਾਲ ਸੰਬੰਧਤ ਵੀਡੀਓ ਸੋਸ਼ਲ ਮੀਡੀਆ 'ਤੇ ਸਾਹਮਣੇ ਆਉਣ ਤੋਂ ਬਾਅਦ ਮਾਮਲੇ ਨੇ ਫਿਰਕੂ ਮੋੜ ਲੈ ਲਿਆ ਸੀ। ਪੰਜ ਵਿਦਿਆਰਥੀਆਂ ਨੂੰ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ, ਜਦਕਿ ਤਿੰਨ ਹੋਰਨਾਂ ਨੂੰ ਸੋਮਵਾਰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਇਸ ਦੇ ਨਾਲ ਹੀ ਦੋ ਹੋਰ ਮੁਲਜ਼ਮ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਘਟਨਾ ਦੇ ਸੰਬੰਧ ਵਿਚ ਕਾਰਵਾਈ ਨਾ ਕਰਨ ਦੇ ਦੋਸ਼ ਵਿਚ ਬਿਜ਼ਨਸ ਸਕੂਲ ਦੇ ਪ੍ਰਬੰਧਕਾਂ ਦੇ 9 ਮੈਂਬਰਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

## ਦੁਬਈ ਜਾਣ ਵਾਲੇ 3 ਪੰਜਾਬੀਆਂ ਤੋਂ ਡੇਢ ਕਰੋੜ ਦੀ ਵਿਦੇਸ਼ੀ ਕਰੰਸੀ ਫੜੀ

**ਚੰਡੀਗੜ੍ਹ :** ਅੰਮ੍ਰਿਤਸਰ ਅਤੇ ਚੰਡੀਗੜ੍ਹ ਹਵਾਈ ਅੱਡਿਆਂ 'ਤੇ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ ਦੇ ਅਧਿਕਾਰੀਆਂ ਨੇ ਤਿੰਨ ਯਾਤਰੀਆਂ ਤੋਂ 1.52 ਕਰੋੜ ਰੁਪਏ ਦੀ ਵਿਦੇਸ਼ੀ ਕਰੰਸੀ ਜ਼ਬਤ ਕੀਤੀ ਹੈ। ਅੰਮ੍ਰਿਤਸਰ ਹਵਾਈ ਅੱਡੇ 'ਤੇ ਲੁਧਿਆਣਾ ਜ਼ੋਨਲ ਯੂਨਿਟ ਦੀ ਟੀਮ ਨੇ ਦੁਬਈ ਜਾਣ ਵਾਲੇ ਦੋ ਯਾਤਰੀਆਂ ਨੂੰ ਰੋਕਿਆ। ਚੈਕਿੰਗ ਦੌਰਾਨ ਟੀਮ ਨੇ 1.08 ਕਰੋੜ ਰੁਪਏ ਦੀ ਵਿਦੇਸ਼ੀ ਕਰੰਸੀ ਜ਼ਬਤ ਕੀਤੀ, ਜੋ ਉਨ੍ਹਾਂ ਸਾਮਾਨ 'ਚ ਲੁਕਾਈ ਹੋਈ ਸੀ। ਚੰਡੀਗੜ੍ਹ 'ਚ ਡੀ ਆਰ ਆਈ ਟੀਮ ਨੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਦੁਬਈ ਜਾਣ ਵਾਲੇ ਇੱਕ ਹੋਰ ਯਾਤਰੀ ਨੂੰ ਰੋਕਿਆ ਅਤੇ ਉਸ ਕੋਲੋਂ 44 ਲੱਖ ਰੁਪਏ ਦੀ ਵਿਦੇਸ਼ੀ ਕਰੰਸੀ ਜ਼ਬਤ ਕੀਤੀ। ਸੂਤਰਾਂ ਨੇ ਦੱਸਿਆ ਕਿ ਦਰਹਾਮ, ਯੂਰੋ ਅਤੇ ਓਮਾਨੀ ਰਿਆਲ ਬਰਾਮਦ ਕੀਤੇ ਗਏ। ਸਾਰੇ ਯਾਤਰੀ ਪੰਜਾਬ ਦੇ ਸਨ।

## ਮੋਦੀ ਵੱਲੋਂ ਯੂਕਰੇਨ ਵਿਵਾਦ ਦੇ ਕੂਟਨੀਤਕ ਹੱਲ 'ਤੇ ਮੁੜ ਜ਼ੋਰ



**ਬਾਲੀ (ਇੰਡੋਨੇਸ਼ੀਆ) :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਊਰਜਾ ਸਪਲਾਈ 'ਤੇ ਕਿਸੇ ਤਰ੍ਹਾਂ ਦੀ ਪਾਬੰਦੀ ਨੂੰ ਉਤਸ਼ਾਹਤ ਨਾ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਸਥਿਰਤਾ ਯਕੀਨੀ ਬਣਾਉਣ ਦਾ ਸੱਦਾ ਦਿੰਦੇ ਹੋਏ ਕੂਟਨੀਤੀ ਰਾਹੀਂ ਯੂਕਰੇਨ ਵਿਵਾਦ ਨੂੰ ਹੱਲ ਕਰਨ ਦੀ ਅਪੀਲ ਕੀਤੀ ਹੈ। ਸਾਲਾਨਾ ਜੀ-20 ਸੰਮੇਲਨ ਦੇ ਸੈਸ਼ਨ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਜਲਵਾਯੂ ਪਰਿਵਰਤਨ, ਕੋਵਿਡ-19 ਮਹਾਂਮਾਰੀ ਅਤੇ ਯੂਕਰੇਨ ਸੰਕਟ ਕਾਰਨ ਪੈਦਾ ਹੋਈਆਂ ਕੌਮਾਂਤਰੀ ਚੁਣੌਤੀਆਂ ਨੇ ਦੁਨੀਆ ਨੂੰ ਤਬਾਹ ਕਰ ਦਿੱਤਾ ਹੈ ਅਤੇ ਦੁਨੀਆ ਗੰਭੀਰ ਆਰਥਕ ਸੰਕਟ 'ਚ ਆ ਗਈ ਹੈ।

## ਭਾਰਤ ਰੂਸ ਖਿਲਾਫ ਵੋਟਿੰਗ ਤੋਂ ਦੂਰ ਰਿਹਾ

**ਸੰਯੁਕਤ ਰਾਸ਼ਟਰ :** ਭਾਰਤ ਸੰਯੁਕਤ ਰਾਸ਼ਟਰ ਮਹਾਂ ਸਭਾ ਵਿਚ ਉਸ ਮਤੇ ਦੇ ਖਰੜੇ 'ਤੇ ਵੋਟਿੰਗ ਤੋਂ ਦੂਰ ਰਿਹਾ, ਜਿਸ ਵਿਚ ਰੂਸ ਨੂੰ ਯੂਕਰੇਨ 'ਤੇ ਹਮਲਾ ਕਰਕੇ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਕਰਨ ਅਤੇ ਜੰਗ ਵਿਚ ਹੋਏ ਨੁਕਸਾਨ ਲਈ ਉਸ ਨੂੰ ਮੁਆਵਜ਼ਾ ਦੇਣ ਲਈ ਜਵਾਬਦੇਹ ਠਹਿਰਾਉਣ ਦੀ ਮੰਗ ਕੀਤੀ ਗਈ ਸੀ। ਤਾਂ ਵੀ, 193 ਮੈਂਬਰੀ ਮਹਾਂ ਸਭਾ ਨੇ ਯੂਕਰੇਨ ਵੱਲੋਂ ਪੇਸ਼ ਕੀਤੇ ਮਤੇ ਦੇ ਖਰੜੇ ਨੂੰ ਮਨਜ਼ੂਰੀ ਦੇ ਦਿੱਤੀ। ਮਤੇ ਦੇ ਪੱਖ 'ਚ 94 ਅਤੇ ਵਿਰੋਧ 'ਚ 14 ਵੋਟਾਂ ਪਈਆਂ। ਇਸ ਦੇ ਨਾਲ ਹੀ ਭਾਰਤ, ਬੰਗਲਾਦੇਸ਼, ਭੂਟਾਨ, ਬ੍ਰਾਜ਼ੀਲ, ਮਿਸਰ, ਇੰਡੋਨੇਸ਼ੀਆ, ਇਜ਼ਰਾਈਲ, ਨੇਪਾਲ, ਪਾਕਿਸਤਾਨ, ਦੱਖਣੀ ਅਫਰੀਕਾ ਅਤੇ ਸ੍ਰੀਲੰਕਾ ਸਮੇਤ 73 ਮੈਂਬਰ ਵੋਟਿੰਗ ਤੋਂ ਦੂਰ ਰਹੇ। ਬੇਲਾਰੂਸ, ਚੀਨ, ਕਿਊਬਾ, ਉੱਤਰੀ ਕੋਰੀਆ, ਈਰਾਨ, ਰੂਸ ਅਤੇ ਸੀਰੀਆ ਨੇ ਮਤੇ ਦੇ ਖਰੜੇ ਦੇ ਖਿਲਾਫ ਵੋਟ ਪਾਈ।

## ਅੱਜ-ਨਾਮਾ

ਰਾਜਸੀ ਨਕਸ਼ਾ ਪੰਜਾਬ ਵਿੱਚ ਰੰਗ ਬਦਲੇ,
ਬਦਲਦੀ ਆਗੂਆਂ ਦੀ ਭਾਸ਼ਾ ਜਾਏ ਬੇਲੀ।
ਕਾਂਗਰਸ ਹਾਲੇ ਵੀ ਉੱਠਦੀ ਜਾਪਦੀ ਨਹੀਂ,
ਖੜੋਤੀ ਗੱਡੀ ਨੂੰ ਗੇਅਰ ਉਹ ਲਾਏ ਬੇਲੀ।
ਪਾਰਟੀ ਆਪ ਪਈ ਸੱਤਾ ਦੀ ਨੀਂਦ ਮਾਣੇ,
ਉਸ ਨੂੰ ਯਾਦ ਨਾ ਭਲਕ ਦੀ ਆਏ ਬੇਲੀ।
ਅਕਾਲੀ ਦਲ ਆ ਅੰਦਰ ਤੋਂ ਪਿਆ ਪਾਟਾ,
ਬਣਦੀ ਕਦੀ ਵੀ ਸਾਂਝੀ ਨਹੀਂ ਰਾਏ ਬੇਲੀ।
ਸਰਗਰਮੀ ਵਧੀ ਕੁਝ ਜਾਪਦੀ ਭਾਜਪਾ ਦੀ,
ਆਵੇ ਅੰਦਰ ਦੀ ਬਾਹਰ ਨਹੀਂ ਗੱਲ ਬੇਲੀ।
ਲੁਕਵੀਂ ਚਾਲ ਉਸ ਦੀ ਏਹੀ ਰਹੀ ਜੇਕਰ,
ਸਕਣਾ ਹੱਲਾ ਨਹੀਂ ਕਿਸੇ ਉਹ ਝੱਲ ਬੇਲੀ।

-ਤੀਸ ਮਾਰ ਖਾਂ

## ਸੂਟਕੇਸ 'ਚੋਂ ਲਾਸ਼ ਬਰਾਮਦ



**ਜਲੰਧਰ (ਸੁਰਿੰਦਰ ਕੁਮਾਰ)** ਸਥਾਨਕ ਰੇਲਵੇ ਸਟੇਸ਼ਨ ਵਿਖੇ ਮੰਗਲਵਾਰ ਸਵੇਰੇ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਲਾਲ ਰੰਗ ਦੇ ਬ੍ਰੀਫਕੇਸ 'ਚੋਂ ਲਾਸ਼ ਬਰਾਮਦ ਹੋਈ। ਇਕ ਰਾਹਗੀਰ ਨੇ ਬ੍ਰੀਫਕੇਸ ਨਾਲ ਲਾਸ਼ ਦੀਆਂ ਲੱਤਾਂ ਲਟਕਦੀਆਂ ਦੇਖੀਆਂ ਤੇ ਪੁਲਸ ਨੂੰ ਸੂਚਨਾ ਦਿੱਤੀ। 32 ਸਾਲਾ ਵਿਅਕਤੀ ਦੀ ਇਸ ਲਾਸ਼ ਦੇ ਹੱਥ 'ਚ ਪਾਈ ਹੋਈ ਅੰਗੂਠੀ 'ਤੇ ਸ਼ਮੀਮ ਨਾਂਅ ਲਿਖਿਆ ਹੋਇਆ ਹੈ। ਹੋਰ ਕੋਈ ਪਛਾਣ ਪੱਤਰ ਨਹੀਂ ਮਿਲਿਆ ਹੈ। ਸੀਸੀਟੀਵੀ ਜਾਂਚ 'ਚ ਸਾਹਮਣੇ ਆਇਆ ਕਿ ਸਵੇਰੇ 6.45 ਵਜੇ ਇਕ 40 ਸਾਲ ਦੇ ਕਰੀਬ ਵਿਅਕਤੀ ਉੱਥੇ ਆਇਆ ਅਤੇ ਸੂਟਕੇਸ ਰੱਖ ਕੇ ਚਲਾ ਗਿਆ।



16-NOV-PAGE-1.qxd 11/15/2022 9:01 PM Page 2



## ਡੀ ਏ ਵੀ ਕਕਰਾਲਾ 'ਚ ਬਾਲ ਦਿਵਸ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ)**-ਬਾਲ ਦਿਵਸ ਦੇ ਮੌਕੇ ਡੀ.ਏ.ਵੀ ਪਬਲਿਕ ਸਕੂਲ ਕਕਰਾਲਾ ਵਿਖੇ ਪ੍ਰਿੰਸੀਪਲ ਮਨੋਜ ਕੁਮਾਰ ਸ਼ਰਮਾ ਦੀ ਦੇਖ-ਰੇਖ ਹੇਠ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦੇ ਆਯੋਜਨ ਲਈ ਹਾਊਸ ਇੰਚਾਰਜ ਸ੍ਰੀਮਤੀ ਸੀਮਾ ਹਾਂਡਾ ਅਤੇ ਸਮੂਹ ਅਧਿਆਪਕ ਸਾਹਿਬਾਨ ਨੇ ਵਿਸ਼ੇਸ਼ ਸਹਿਯੋਗ ਦਿੱਤਾ।ਸਵੇਰ ਦੀ ਸਭਾ ਵਿੱਚ ਅਧਿਆਪਕਾਂ ਨੇ ਆਪਣੇ ਭਾਸ਼ਣਾਂ ਰਾਹੀਂ ਬਾਲ ਦਿਵਸ ਦੇ ਇਤਿਹਾਸ ਬਾਰੇ ਦੱਸਿਆ ਤੇ ਵਿਦਿਆਰਥੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਦੇਸ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਦਾ ਬੱਚਿਆਂ ਨਾਲ ਵਿਸ਼ੇਸ਼ ਪਿਆਰ ਅਤੇ ਸਨੇਹ ਹੋਣ ਕਾਰਨ ਉਨ੍ਹਾਂ ਨੂੰ ਚਾਚਾ ਨਹਿਰੂ ਕਿਹਾ ਜਾਂਦਾ ਸੀ। ਸਕੂਲ ਮੁਖੀ ਵੱਲੋਂ ਡੀ.ਏ.ਵੀ ਨੈਸ਼ਨਲ ਸਪੋਰਟਸ ਅਤੇ ਪੰਜਾਬ ਸਰਕਾਰ ਵੱਲੋਂ ਆਯੋਜਤ ਜ਼ਿਲ੍ਹਾ ਅਤੇ ਰਾਜ ਪੱਧਰੀ ਖੇਡਾਂ ਵਿੱਚ ਜੇਤੂ ਰਹੇ ਖਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ ਤੇ ਸਮੂਹ ਸਟਾਫ਼ ਅਤੇ ਬੱਚਿਆਂ ਵੱਲੋਂ ਤਾੜੀਆਂ ਮਾਰ ਕੇ ਉਨ੍ਹਾਂ ਦਾ ਹੌਸਲਾ ਵਧਾਇਆ ਗਿਆ। ਸਕੂਲ ਦੇ ਖਿਡਾਰੀਆਂ ਵੱਲੋਂ ਡੀ.ਏ.ਵੀ ਨੈਸ਼ਨਲ ਸਪੋਰਟਸ ਵਿੱਚ ਕਲਸਟਰ ਪੱਧਰ 'ਤੇ 37 ਗੋਲ੍ਡ 21 ਸਿਲਵਰ ਅਤੇ 2 ਬ੍ਰੌਂਜ ਮੈਡਲ ਅਤੇ ਡੀ.ਏ.ਵੀ ਨੈਸ਼ਨਲ ਸਪੋਰਟਸ ਵਿੱਚ ਸਟੇਟ ਪਧਰ ਤੇ 5 ਗੋਲਡ 8 ਸਿਲਵਰ ਤੇ 5 ਬ੍ਰੌਂਜ ਮੈਡਲ ਹਾਸਲ ਕੀਤੇ ਗਏ। ਪੰਜਾਬ ਸਰਕਾਰ ਵੱਲੋਂ ਆਯੋਜਤ ਖੇਡਾਂ ਵਿੱਚ ਜ਼ੋਨ ਪੱਧਰ 'ਤੇ 16 ਗੋਲਡ ਤੇ ਜ਼ਿਲ੍ਹਾ ਪੱਧਰ ਤੇ 2 ਗੋਲਡ ਮੈਡਲ ਹਾਸਲ ਕੀਤੇ। ਸੀ.ਬੀ.ਐਸ.ਈ ਸਹੋਦਯਾ ਸੰਸਥਾਨ ਵੱਲੋਂ ਆਯੋਜਤ ਖੇਡਾਂ ਵਿੱਚ 12 ਗੋਲਡ ਅਤੇ 12 ਸਿਲਵਰ ਮੈਡਲ ਹਾਸਲ ਕੀਤੇ ਗਏ।

## ਮਾਤਾ ਜੀ ਦਾ ਅੰਗੀਠਾ ਸਾਂਭ ਕੇ ਨਿੰਮ ਦਾ ਪੌਦਾ ਲਾਉਣ ਦਾ ਉਪਰਾਲਾ ਪ੍ਰਸੰਸਾਯੋਗ : ਸੰਧਵਾਂ



**ਕੋਟਕਪੂਰਾ (ਰਛਪਾਲ ਭੁੱਲਰ)**-ਮੁਹੱਲਾ ਹਰਨਾਮਪੁਰਾ ਦੇ ਵਸਨੀਕ ਸਾਬਕਾ ਕੌਂਸਲਰ ਊਧਮ ਸਿੰਘ ਦੇ ਸਤਿਕਾਰਤ ਮਾਤਾ ਸੁੰਦਰ ਕੌਰ ਪਤਨੀ ਸਵ: ਜੀਵਨ ਸਿੰਘ 95 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੇ ਅੰਤਮ ਸਸਕਾਰ ਮੌਕੇ ਭਾਰੀ ਗਿਣਤੀ ਵਿੱਚ ਰਾਜਨੀਤਕ, ਗੈਰ ਸਿਆਸੀ, ਧਾਰਮਿਕ, ਸਮਾਜਿਕ, ਵਿੱਦਿਅਕ ਅਤੇ ਵਪਾਰਕ ਖੇਤਰਾਂ ਨਾਲ ਸਬੰਧਤ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ ਸੀ ਤੇ ਮਾਤਾ ਸੁੰਦਰ ਕੌਰ ਜੀ ਦੇ ਪਰਵਾਰ ਨੇ ਰੂੜੀਵਾਦੀ ਰਸਮਾਂ ਨੂੰ ਦਰਕਿਨਾਰ ਕਰਦਿਆਂ ਉਨ੍ਹਾਂ ਦਾ ਅੰਗੀਠਾ ਸਾਂਭ ਕੇ ਰਾਮਬਾਗ ਵਿੱਚ ਨਿੰਮ ਦਾ ਪੌਦਾ ਲਾਇਆ ਅਤੇ ਮੰਨਿਆ ਕਿ ਪਲੀਤ ਹੋ ਰਹੇ ਵਾਤਾਵਰਣ ਤੇ ਪ੍ਰਦੂਸ਼ਿਤ ਕੀਤੇ ਜਾ ਰਹੇ ਪਾਣੀਆਂ ਦੀ ਸੰਭਾਲ ਕਰਨੀ ਜ਼ਰੂਰੀ ਹੈ। ਮਾਤਾ ਜੀ ਦੇ ਵੱਡੇ ਬੇਟੇ ਸੋਹਣ ਸਿੰਘ ਮੁਤਾਬਿਕ ਪਾਣੀ ਡੂੰਘੇ ਹੋ ਗਏ, ਵੱਡੇ ਸ਼ਹਿਰਾਂ ਦਾ ਕੂੜਾ ਕਰਕਟ ਦਰਿਆਵਾਂ ਵਿੱਚ ਪੈਣ ਕਰਕੇ ਪੀਣ ਵਾਲਾ ਪਾਣੀ ਵੀ ਪ੍ਰਦੂਸ਼ਿਤ ਕਰ ਦਿੱਤਾ ਗਿਆ ਤੇ ਰੂੜੀਵਾਦੀ ਰਸਮਾਂ ਕਰਕੇ ਅਸੀਂ ਖੁਦ ਵੀ ਪਾਣੀ ਨੂੰ ਪ੍ਰਦੂਸ਼ਿਤ ਕਰਨ ਦਾ ਸਬੱਬ ਬਣਦੇ ਰਹੇ। ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਸਮੇਤ ਮਨਤਾਰ ਸਿੰਘ ਬਰਾੜ ਸਾਬਕਾ ਵਿਧਾਇਕ, ਸੀਨੀਅਰ ਕਾਂਗਰਸੀ ਆਗੂ ਅਜੈਪਾਲ ਸਿੰਘ ਸੰਧੂ ਤੇ ਹੋਰਨਾਂ ਪਤਵੰਤਿਆਂ ਨੇ ਮਾਤਾ ਜੀ ਦੇ ਪੁੱਤਰਾਂ ਸੋਹਣ ਸਿੰਘ, ਊਧਮ ਸਿੰਘ, ਅਵਤਾਰ ਸਿੰਘ, ਅਮਰੀਕ ਸਿੰਘ ਸਮੇਤ ਸਮੁੱਚੇ ਪਰਵਾਰ ਦਾ ਧੰਨਵਾਦ ਕਰਦਿਆਂ ਆਖਿਆ ਕਿ ਜਿੱਥੇ ਉਕਤ ਪਰਵਾਰ ਦੇ ਇਸ ਉਪਰਾਲੇ ਨਾਲ ਹੋਰਨਾ ਨੂੰ ਪ੍ਰੇਰਨਾ ਮਿਲਣੀ ਸੁਭਾਵਕ ਹੈ, ਉੱਥੇ ਮਾਤਾ ਸੁੰਦਰ ਕੌਰ ਜੀ ਦੇ ਜਹਾਨੋਂ ਕੂਚ ਕਰ ਜਾਣ ਦੇ ਬਾਵਜੂਦ ਸਮਾਜ ਨੂੰ ਆਕਸੀਜਨ ਮੁਹੱਈਆ ਕਰਾਉਣ ਲਈ ਪਰਵਾਰ ਵੱਲੋਂ ਲਾਏ ਨਿੰਮ ਦਾ ਬੂਟਾ ਲਾਉਣ ਅਤੇ ਉਸਦੀ ਸੰਭਾਲ ਯਕੀਨੀ ਬਣਾਉਣ ਵਾਲੇ ਉਪਰਾਲੇ ਵੀ ਪ੍ਰਸੰਸਾਯੋਗ ਹਨ।

## ਸਰਕਾਰੀ ਸਕੂਲ ਬੱਲਮਗੜ੍ਹ 'ਚ ਬਾਲ ਦਿਵਸ ਮਨਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਲਮਗੜ੍ਹ ਵਿਖੇ ਬਾਲ ਦਿਵਸ ਮਨਾਇਆ ਗਿਆ। ਇਸ ਮੌਕੇ ਦਾਖਲਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਬਾਲ ਦਿਵਸ ਸੰਬਧੀ ਵਿਸ਼ੇਸ਼ ਪ੍ਰੋਗਰਾਮ ਦਾ ਪ੍ਰਿੰਸੀਪਲ ਰਿੰਪੀ ਨੇ ਰਿਬਨ ਕੱਟ ਕੇ ਉਦਘਾਟਨ ਕੀਤਾ। ਇਸ ਮੌਕੇ ਸਕੂਲ ਵਿੱਚ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਮੁਕਾਬਲੇ ਕਰਾਏ ਗਏ ਤੇ ਵੱਖ ਵੱਖ ਮੁਕਾਬਲਿਆਂ ਵਿੱਚ 6ਵੀਂ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਦੇ ਨਾਲ ਹੀ ਵਿਸ਼ੇਸ਼ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਇਸ ਮੌਕੇ ਸਕੂਲ ਦੇ ਮੈਗਜ਼ੀਨ 'ਅਣਬੋਲ ਬੋਲ' ਦੀ ਘੁੰਡ ਚੁਕਾਈ ਵੀ ਕੀਤੀ ਗਈ। ਇਸ ਮੌਕੇ ਐੱਸ.ਐੱਮ.ਸੀ. ਮੈਂਬਰ ਤੇ ਸਮੂਹ ਸਟਾਫ ਅਤੇ ਸਕੂਲੀ ਵਿਦਿਆਰਥੀ ਹਾਜ਼ਰ ਸਨ।

## 6 ਸ਼ਖ਼ਸੀਅਤਾਂ ਨੂੰ ਲਾਲਾ ਲਾਜਪਤ ਰਾਏ ਐਵਾਰਡ ਨਾਲ ਕੀਤਾ ਸਨਮਾਨਤ



**ਜਗਰਾਉਂ (ਅਮਿਤ ਖੰਨਾ)**-ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੇ ਬਲੀਦਾਨ ਦਿਵਸ ਨੂੰ ਸਮਰਪਤ ਸ੍ਰੀ ਅਗਰਸੇਨ ਸਮਿਤੀ ਜਗਰਾਉਂ 'ਚ ਲਾਲਾ ਜੀ ਦੇ ਜੱਦੀ ਘਰ ਵਿਖੇ ਲਾਲਾ ਲਾਜਪਤ ਰਾਏ- 2022 ਪੁਰਸਕਾਰ ਸਮਾਗਮ ਕਰਵਾਇਆ ਗਿਆ। ਸਮਾਗਮ 'ਚ ਉੱਤਮ ਹਿੰਦੂ ਅਖ਼ਬਾਰ ਦੇ ਮੁੱਖ ਸੰਪਾਦਕ ਇਰਵਿਨ ਖੰਨਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਸਮਾਗਮ ਦੀ ਪ੍ਰਧਾਨਗੀ ਰਾਸ਼ਟਰੀ ਯੁਵਾ ਆਗੂ ਭਾਰਤੀ ਜਨਤਾ ਪਾਰਟੀ ਅੰਕਿਤ ਬਾਂਸਲ ਨੇ ਕੀਤੀ। ਸੰਸਥਾ ਚੇਅਰਮੈਨ ਪਿਊਸ਼ ਗਰਗ ਤੇ ਪ੍ਰਧਾਨ ਅਨਮੋਲ ਗਰਗ ਨੇ ਦੱਸਿਆ ਕਿ ਸੰਸਥਾ ਵੱਲੋਂ ਮਰਹੂਮ ਸੁਸ਼ੀਲ ਕੁਮਾਰ ਜੈਨ, ਮੈਡਮ ਕੰਚਨ ਗੁਪਤਾ, ਮੈਡਮ ਜਸਵੀਰ ਕੌਰ, ਕੈਪਟਨ ਨਰੇਸ਼ ਵਰਮਾ, ਗੁਰਪ੍ਰੀਤ ਸਿੰਘ ਮਣਕੂ, ਸਵਰਿਤੀ ਸਿੰਗਲਾ ਨੂੰ ਲਾਲਾ ਲਾਜਪਤ ਰਾਏ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ। ਇਸ ਮੌਕੇ ਨੌਜਵਾਨ ਆਗੂ ਅੰਕਿਤ ਬਾਂਸਲ ਨੇ ਕਿਹਾ ਕਿ ਲਾਲਾ ਲਾਜਪਤ ਰਾਏ ਐਵਾਰਡ ਸ਼ੁਰੂ ਕਰਨ ਨਾਲ ਲੋਕਾਂ ਵਿੱਚ ਇੱਕ ਚੰਗਾ ਸੁਨੇਹਾ ਜਾਵੇਗਾ। ਇਸ ਮੌਕੇ ਜਨਰਲ ਸਕੱਤਰ ਗੌਰਵ ਸਿੰਗਲਾ ਤੇ ਖਜ਼ਾਨਚੀ ਮੋਹਿਤ ਗੋਇਲ ਨੇ ਕਿਹਾ ਕਿ ਲਾਲਾ ਲਾਜਪਤ ਰਾਏ ਐਵਾਰਡ ਦਾ ਹਰ ਸਾਲ ਵਿਸਥਾਰ ਕੀਤਾ ਜਾਵੇਗਾ। ਇਸ ਮੌਕੇ ਮਾਰਕੀਟ ਕਮੇਟੀ ਜਗਰਾਉਂ ਦੇ ਸਾਬਕਾ ਚੇਅਰਮੈਨ ਕਾਕਾ ਗਰੇਵਾਲ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਖੁੱਲਰ, ਸੀਨੀਅਰ ਭਾਜਪਾ ਆਗੂ ਰਜਿੰਦਰਾ ਸ਼ਰਮਾ, ਪੈਪਸੂ ਰੋਡਵੇਜ਼ ਦੇ ਸਾਬਕਾ ਡਾਇਰੈਕਟਰ ਪੁਰਸ਼ੋਤਮ ਖਲੀਫਾ, ਕੌਂਸਲਰ ਬੌਬੀ ਕਪੂਰ, ਕੌਂਸਲਰ ਹਿਮਾਂਸ਼ੂ ਮਲਿਕ, ਸਮਾਜ ਸੇਵੀ ਜਤਿੰਦਰ ਪਾਲ ਧੀਮਾਨ, ਨਵੀਨ ਗੋਇਲ, ਪੱਤਰਕਾਰ ਵਿਨੋਦ ਕੁਮਾਰ, ਸਤਪਾਲ ਸਿੰਘ ਦੇਹੜਕਾ ਤੇ ਕਮੇਟੀ ਦੇ ਸਮੂਹ ਮੈਂਬਰ ਹਾਜ਼ਰ ਸਨ।

## ਸਰਕਾਰੀ ਸਕੂਲ ਚੀਮਾ 'ਚ ਮੈਗਜ਼ੀਨ ਦੀ ਘੁੰਡ ਚੁਕਾਈ



**ਚੀਮਾ ਮੰਡੀ (ਰਵਿੰਦਰ ਚੀਮਾ)**-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚੀਮਾ ਵਿਖੇ 'ਬਾਲ ਦਿਵਸ' ਮੌਕੇ ਮੈਗਜ਼ੀਨ "ਨਿੱਕੇ-ਨਿੱਕੇ ਪਟਬੀਜਣੇ' ਅੰਕ-4 ਸੈਸ਼ਨ 2022-23 ਦੀ ਘੁੰਡ ਚੁਕਾਈ ਕੀਤੀ ਗਈ। ਮੈਗਜ਼ੀਨ ਦੀ ਘੁੰਡ ਚੁਕਾਈ ਦੀ ਰਸਮ ਸਕੂਲ ਮੁਖੀ ਗੁਲਜ਼ਾਰ ਸਿੰਘ ਵੱਲੋਂ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਵਿੱਚ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਸਮੇਂ ਸਕੂਲ ਦੇ ਕਮੇਟੀ ਮੈਂਬਰ ਗੁਰਜੰਟ ਸਿੰਘ, ਬਹਾਦਰ ਸਿੰਘ ਐੱਮ ਸੀ, ਮੈਗਜ਼ੀਨ ਦੇ ਸੰਪਾਦਕ ਸੁਖਜੀਤ ਸਿੰਘ, ਗੁਰਪ੍ਰੀਤ ਕੌਰ, ਸੁਖਪਾਲ ਸਿੰਘ ਲਾਇਬ੍ਰੇਰੀ ਇੰਚਾਰਜ ਤੇ ਸਮੂਹ ਸਟਾਫ ਮੈਂਬਰਜ਼ ਮੌਜੂਦ ਸਨ।

## 'ਆਪ' ਆਗੂਆਂ ਨੇ ਮੁਹੱਲਾ ਕਲੀਨਿਕ ਦੇ ਡਾਕਟਰਾਂ ਨਾਲ ਕੀਤੀ ਮੁਲਾਕਾਤ



**ਨਾਭਾ (ਵਰਿੰਦਰ ਵਰਮਾ)**-ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਅਸ਼ੋਕ ਅਰੋੜਾ ਤੇ 'ਆਪ' ਫਾਊਂਡਰ ਮੈਂਬਰ ਡਾ. ਜਸਵੰਤ ਸਿੰਘ ਕਪੂਰ ਨੇ ਭਗਵੰਤ ਮਾਨ ਸਰਕਾਰ ਵੱਲੋਂ ਸਥਾਪਤ ਕੀਤੇ ਮੁਹੱਲਾ ਕਲੀਨਿਕ ਵਿਖੇ ਨਾਭਾ ਤਾਇਨਾਤ ਡਾਕਟਰਾਂ ਨਾਲ ਮੁਲਾਕਾਤ ਕੀਤੀ। ਦੌਰਾਨ ਦੋਵੇਂ ਆਗੂਆਂ ਨੇ ਹਾਜ਼ਰ ਮਰੀਜ਼ਾਂ ਦਾ ਹਾਲ-ਚਾਲ ਜਾਣਿਆ ਤੇ ਦੱਸਿਆ ਕਿ ਮੁਹੱਲਾ ਕਲੀਨਿਕ 'ਚ ਰੋਜ਼ਾਨਾ 100 ਦੇ ਕਰੀਬ ਮਰੀਜ਼ ਲਾਹਾ ਲੈ ਰਹੇ ਹਨ। ਡਾ. ਕਪੂਰ ਤੇ ਅਸ਼ੋਕ ਅਰੋੜਾ ਨੇ ਕਿਹਾ ਕਿ ਸੂਬੇ 'ਚ ਆਉਣ ਵਾਲੇ ਸਮੇਂ ਦੌਰਾਨ ਹੋਣ ਜਾ ਰਹੀਆਂ ਨਗਰ ਨਿਗਮ ਚੋਣਾਂ 'ਚ 'ਆਪ' ਸ਼ਾਨਦਾਰ ਜਿੱਤ ਹਾਸਲ ਕਰੇਗੀ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਸੁਚੱਜੀ ਅਗਵਾਈ ਹੇਠ ਸ਼ਹਿਰ ਨੂੰ ਹੁਣ ਉਹ ਸਭ ਸਹੂਲਤਾਂ ਬਿਨਾਂ ਖੱਜਲ ਖੁਆਰ ਤੋਂ ਮਿਲ ਰਹੀਆਂ ਹਨ, ਜਿਨ੍ਹਾਂ ਲਈ ਉਹ ਹੁਣ ਤੱਕ ਤਰਸਦੇ ਰਹੇ ਹਨ। ਆਗੂਆਂ ਨੇ ਕਿਹਾ ਕਿ ਸ਼ਹਿਰ 'ਚ ਲੰਮੇ ਸਮੇਂ ਤੋਂ ਰੁਕੇ ਹੋਏ ਕੰਮ ਵੀ ਵਿਧਾਇਕ ਦੇਵ ਮਾਨ ਦੀ ਅਗਵਾਈ 'ਚ ਨੇਪਰੇ ਚਾੜ੍ਹੇ ਜਾ ਰਹੇ ਹਨ, ਜਿਸ ਨਾਲ ਲੋਕਾਂ 'ਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਲੀਡਰ ਕਿਸੇ ਸਵਾਰਥ ਲਈ ਨਹੀਂ, ਬਲਕਿ ਪੰਜਾਬ ਵਾਸੀਆਂ ਦੇ ਹਾਲਾਤ ਬਦਲਣ ਲਈ ਸੱਤਾ 'ਚ ਆਏ ਹਨ, ਜਿਸ ਲਈ ਉਹ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ।

## ਵਾਅਦਾਖਿਲਾਫ਼ੀ ਵਿਰੁੱਧ ਕਿਸਾਨ ਕਰਨਗੇ ਰਾਜਪਾਲ ਭਵਨ ਚੰਡੀਗੜ੍ਹ ਵੱਲ ਰੋਸ ਮਾਰਚ



ਮੀਟਿੰਗ ਦੌਰਾਨ ਇਕੱਤਰ ਹੋਏ ਯੂਨੀਅਨ ਆਗੂ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 26 ਨਵੰਬਰ ਨੂੰ ਚੰਡੀਗੜ੍ਹ ਵਿਖੇ ਰਾਜਪਾਲ ਭਵਨ ਵੱਲ ਕੀਤੇ ਜਾ ਰਹੇ ਰੋਸ ਮਾਰਚ ਦੀ ਤਿਆਰੀ ਵਜੋਂ ਕਿਰਤੀ ਯੂਨੀਅਨ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਹਰਪ੍ਰੀਤ ਸਿੰਘ ਝਬੇਲਵਾਲੀ ਦੀ ਅਗਵਾਈ ਹੇਠ ਭਾਈ ਮਹਾਂ ਸਿੰਘ ਹਾਲ ਵਿੱਚ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਕਮੇਟੀ ਮੈਂਬਰ ਜਸਵਿੰਦਰ ਸਿੰਘ ਝਬੇਲਵਾਲੀ ਨੇ ਕਿਹਾ ਕਿ ਦਿੱਲੀ ਕਿਸਾਨ ਮੋਰਚੇ ਸਮੇਂ ਮੋਦੀ ਸਰਕਾਰ ਵੱਲੋਂ ਐੱਮ ਐੱਸ ਪੀ ਨੂੰ ਲਾਗੂ ਕਰਨਾ ਦਿੱਲੀ ਕਿਸਾਨ ਮੋਰਚੇ ਵਿੱਚ ਸ਼ਹੀਦ ਹੋਏ ਕਿਸਾਨਾਂ ਦੇ ਪਰਵਾਰਾਂ ਨੂੰ ਮੁਆਵਜ਼ਾ ਦੇਣਾ, ਕਿਸਾਨਾਂ 'ਤੇ ਪਾਏ ਝੂਠੇ ਪਰਚੇ ਰੱਦ ਕਰਨ, ਲਖੀਮਪੁਰ ਖੀਰੀ ਵਿਚ ਕਿਸਾਨਾਂ ਦੇ ਕੀਤੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦਾ ਵਾਅਦਾ ਕੀਤਾ ਸੀ, ਪਰ ਸਰਕਾਰ ਵਾਅਦਿਆਂ ਤੋਂ ਮੁੱਕਰ ਗਈ ਹੈ, ਇਸ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਰਕਾਰ ਦੀ ਵਾਅਦਾਖਿਲਾਫ਼ੀ ਅਤੇ ਬਾਕੀ ਰਹਿੰਦੀਆਂ ਮੰਗਾਂ ਮਨਾਉਣ ਲਈ ਪੂਰੇ ਦੇਸ਼ ਦੀਆਂ ਰਾਜਧਾਨੀਆਂ ਵਿੱਚ ਰੋਸ ਮਾਰਚ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਆਗੂ ਬਲਵਿੰਦਰ ਸਿੰਘ ਥਾਂਦੇਵਾਲਾ ਤੇ ਬਲਜੀਤ ਸਿੰਘ ਲੰਡੇ ਰੋਡੇ ਨੇ ਕਿਹਾ ਕਿ ਛੱਬੀ ਨਵੰਬਰ ਨੂੰ ਕਿਸਾਨ ਅੰਦੋਲਨ ਦੀ ਦੂਸਰੀ ਵਰ੍ਹੇਗੰਢ ਤੇ ਚੰਡੀਗੜ੍ਹ ਵਿਖੇ ਰਾਜਪਾਲ ਭਵਨ ਵੱਲ ਕੀਤੇ ਜਾ ਰਹੇ ਰੋਸ ਮਾਰਚ ਵਿੱਚ ਕਿਰਤੀ ਕਿਸਾਨ ਯੂਨੀਅਨ ਦੀ ਜ਼ਿਲ੍ਹਾ ਇਕਾਈ ਮੁਕਤਸਰ ਸਾਹਿਬ ਵੱਲੋਂ ਸੈਂਕੜਿਆਂ ਦੀ ਗਿਣਤੀ ਵਿੱਚ ਕਿਸਾਨਾਂ ਦੀ ਸ਼ਮੂਲੀਅਤ ਕਰਾਈ ਜਾਵੇਗੀ।

ਆਗੂਆਂ ਵੱਲੋਂ ਪਿੰਡ-ਪਿੰਡ ਜਾ ਕੇ ਜਲਦੀ ਹੀ ਮੀਟਿੰਗਾਂ ਕਰਾਈਆਂ ਜਾਣਗੀਆਂ ਅਤੇ ਵੱਡੇ ਪੱਧਰ 'ਤੇ ਲਾਮਬੰਦੀ ਕੀਤੀ ਜਾਵੇਗੀ। ਜਥੇਬੰਦੀ ਦੇ ਆਗੂਆਂ ਨਿਰਮਲ ਸਿੰਘ ਗੋਨਿਆਣਾ, ਸਤਬੀਰ ਕੌਰ ਬਾਮ, ਪਰਗਟ ਸਿੰਘ ਝਬੇਲਵਾਲੀ ਨੇ ਕਿਹਾ 19 ਨਵੰਬਰ ਨੂੰ ਮੋਦੀ ਸਰਕਾਰ ਨੇ ਖੇਤੀ ਕਾਨੂੰਨ ਵਾਪਸ ਲਏ ਸੀ। ਇਹ ਦਿਨ ਫ਼ਤਿਹ ਦਿਵਸ ਵਜੋਂ ਮਨਾਇਆ ਜਾਵੇਗਾ ਤੇ ਇਸ ਦਿਨ ਦੀਪਮਾਲਾ ਕੀਤੀ ਜਾਵੇਗੀ। ਇਸ ਮੌਕੇ ਗਗਨਦੀਪ ਸਿੰਘ ਗੱਗਾ ਥਾਂਦੇਵਾਲਾ, ਜਸਪਾਲ ਸਿੰਘ ਚੱਕ ਬਾਜਾ ਮਡਾਹਰ, ਮਿਠਾ ਸਿੰਘ ਡੋਕ, ਹਰਜਿੰਦਰ ਸਿੰਘ ਜੰਡਵਾਲਾ, ਚੜ੍ਹਤ ਸਿੰਘ, ਭੁਪਿੰਦਰ ਸਿੰਘ ਥਾਂਦੇਵਾਲਾ, ਸੁਖਵਿੰਦਰ ਸਿੰਘ, ਗੁਰਤੇਜ ਸਿੰਘ ਬੀਰਾ, ਕੁਲਦੀਪ ਸਿੰਘ ਡੋਕ, ਸੁਖਦਰਸ਼ਨ ਸਿੰਘ,ਚਰਨ ਸਿੰਘ ਗੋਨਿਆਣਾ ਤੇ ਗੁਰਜੀਤ ਸਿੰਘ ਆਦਿ ਆਗੂ ਹਾਜ਼ਰ ਸਨ।

## 80 ਲਿਟਰ ਲਾਹਣ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)** ਥਾਣਾ ਸਦਰ ਪੁਲਸ ਨੇ ਨਾਜਾਇਜ਼ ਸ਼ਰਾਬ ਕੱਢਣ ਦੇ ਦੋਸ਼ 'ਚ 80 ਲਿਟਰ ਲਾਹਣ ਸਣੇ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ।

ਜਾਣਕਾਰੀ ਦੇ ਅਨੁਸਾਰ ਐਚ.ਸੀ. ਜਸਵੰਤ ਸਿੰਘ ਪੁਲਸ ਪਾਰਟੀ ਸਣੇ ਗਸ਼ਤ ਦੌਰਾਨ ਚੱਕ ਮੁਹੰਮਦੇ ਵਾਲਾ ਵਿਖੇ ਪੁੱਜਣ 'ਤੇ ਮੁਖਬਰ ਖਾਸ ਨੇ ਗੱਡੀ ਰੁਕਵਾ ਕੇ ਇਤਲਾਹ ਦਿੱਤੀ ਕਿ ਗੁਰਮੀਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਚੱਕ ਮੁਹੰਮਦੇ ਵਾਲਾ, ਜੋ ਆਪਣੇ ਘਰ ਵਿਚ ਲਾਹਣ ਪਾ ਕੇ ਨਾਜਾਇਜ਼ ਸ਼ਰਾਬ ਕਸੀਦ ਕਰਕੇ ਅੱਗੇ ਵੇਚਣ ਦਾ ਆਦੀ ਹੈ, ਜੇਕਰ ਹੁਣੇ ਹੀ ਰੇਡ ਕੀਤਾ ਜਾਵੇ ਤਾਂ ਉਸਦੇ ਘਰ ਵਿਚੋਂ ਭਾਰੀ ਮਾਤਰਾ ਵਿਚ ਲਾਹਣ ਜਾਂ ਸ਼ਰਾਬ ਨਾਜਾਇਜ ਬਰਾਮਦ ਹੋ ਸਕਦੀ ਹੈ, ਜਿਸ 'ਤੇ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ 80 ਲਿਟਰ ਲਾਹਣ ਸਣੇ ਗੁਰਮੀਤ ਸਿੰਘ ਨੂੰ ਕਾਬੂ ਕੀਤਾ ਹੈ, ਪੁਲਸ ਨੇ ਧਾਰਾ 61/1/14 ਆਬਕਾਰੀ ਐਕਟ ਤਹਿਤ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਕੋ-ਆਪ੍ਰੇਟਿਵ ਬੈਂਕ ਕਰਮਚਾਰੀਆਂ ਦੀ ਹੜਤਾਲ ਜਾਰੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ)**-ਪੰਜਾਬ ਦੀਆਂ ਸਮੂਹ ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਵਿੱਚ ਪੰਜਾਬ ਸਰਕਾਰ ਵੱਲੋਂ ਐਲਾਨੇ 6ਵਾਂ ਪੰਜਾਬ ਤਨਖਾਹ ਕਮਿਸ਼ਨ ਨੂੰ ਸੰਪੂਰਨ ਰੂਪ ਵਿੱਚ ਬਿਨਾਂ ਵਿਤਕਰੇ ਤੋਂ ਲਾਗੂ ਕਰਵਾਉਣ ਦੀ ਮੰਗ ਨੂੰ ਲੈ ਕੇ ਕੋ-ਆਪ੍ਰੇਟਿਵ ਬੈਂਕ ਕਰਮਚਾਰੀਆਂ ਦੀ ਮੁਕੰਮਲ ਹੜਤਾਲ 13ਵੇਂ ਦਿਨ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਸਹਿਕਾਰਤਾ ਵਿਭਾਗ ਵੱਲੋਂ ਅਜੇ ਤੱਕ ਕਰਮਚਾਰੀਆਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ, ਜਿਸ ਕਰਕੇ ਪੰਜਾਬ ਦੀਆਂ 8 ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਸ੍ਰੀ ਅੰਮ੍ਰਿਤਸਰ ਸਾਹਿਬ, ਫਰੀਦਕੋਟ, ਫਿਰੋਜ਼ਪੁਰ, ਫਾਜ਼ਿਲਕਾ, ਗੁਰਦਾਸਪੁਰ, ਮਾਨਸਾ, ਸ੍ਰੀ ਮੁਕਤਸਰ ਸਾਹਿਬ ਤੇ ਤਰਨਤਾਰਨ ਵੱਲੋਂ 10ਵੇਂ ਦਿਨਾਂ ਲਗਾਤਾਰ ਬੈਂਕਾਂ ਦਾ ਕੰਮ-ਕਾਜ ਮੁਕੰਮਲ ਤੌਰ 'ਤੇ ਠੱਪ ਰੱਖਿਆ ਗਿਆ। ਇਸ ਸਬੰਧੀ ਕਰਮਚਾਰੀ ਯੂਨੀਅਨ ਦੇ ਨੁਮਾਇੰਦਿਆਂ ਵੱਲੋਂ ਦੱਸਿਆ ਗਿਆ ਕਿ ਉੱਚ ਅਧਿਕਾਰੀਆਂ ਵੱਲੋਂ ਕਰਮਚਾਰੀਆਂ ਨੂੰ ਹੜਤਾਲ ਖਤਮ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ, ਪ੍ਰੰਤੂ ਕਰਮਚਾਰੀਆਂ ਦੀਆਂ ਮੰਗਾਂ ਮੰਨਣ ਸਬੰਧੀ ਕੋਈ ਲਿਖਤੀ ਭਰੋਸਾ ਨਹੀਂ ਦਿੱਤਾ ਜਾ ਰਿਹਾ। ਜਿਸ ਕਰਕੇ ਕਰਮਚਾਰੀ ਚੱਲ ਰਹੀ ਹੜਤਾਲ ਨੂੰ ਖਤਮ ਕਰਨ ਤੋਂ ਅਸਮਰੱਥ ਹਨ। ਯੂਨੀਅਨ ਵੱਲੋਂ ਦੱਸਿਆ ਗਿਆ ਕਿ ਕਰਮਚਾਰੀਆਂ ਵਿੱਚ ਇਸੇ ਗੱਲ ਦਾ ਹੀ ਰੋਸ ਹੈ ਕਿ ਉੱਚ ਅਧਿਕਾਰੀ ਹਮੇਸ਼ਾ ਦੀ ਤਰ੍ਹਾਂ ਹੀ ਕਰਮਚਾਰੀਆਂ ਦੀਆਂ ਵਾਜਿਬ ਮੰਗਾਂ ਸਬੰਧੀ ਸਿਰਫ ਦਿਲਾਸੇ ਹੀ ਦੇ ਰਹੇ ਹਨ, ਜਦੋਂਕਿ ਲੰਮੇ ਸਮੇਂ ਤੋਂ ਲੰਬਿਤ ਪਈਆਂ ਮੰਗਾਂ ਵਾਂਗ ਇਸ ਵਾਰ ਵੀ ਕੋਈ ਵਾਜਿਬ ਕਾਰਵਾਈ ਨਹੀਂ ਕੀਤੀ ਜਾ ਰਹੀ। ਕਰਮਚਾਰੀਆਂ ਵੱਲੋਂ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ 6ਵਾਂ ਤਨਖਾਹ ਕਮਿਸ਼ਨ ਲਾਗੂ ਕਰਨ ਸਬੰਧੀ ਬਿਲਕੁੱਲ ਪਾਰਦਰਸ਼ਤਾ ਹੋਣੀ ਚਾਹੀਦੀ ਹੈ ਨਾ ਕਿ ਇਸ ਨੂੰ ਬੇਤੁਕੇ ਤਰੀਕੇ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਸ ਦੌਰਾਨ ਬੈਂਕਾਂ ਦੇ ਸਮੂਹ ਕਰਮਚਾਰੀਆਂ ਵੱਲੋਂ ਬਰਾਂਚਾਂ ਬੰਦ ਰੱਖ ਕੇ ਰੋਜ਼ਾਨਾ ਦੀ ਤਰ੍ਹਾਂ ਬੈਂਕ ਦੇ ਮੁੱਖ ਦਫਤਰ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ।

## ਰਿਵਾਲਵਰ 32 ਬੋਰ, 16 ਰੌਂਦ ਜ਼ਿੰਦਾ, 4 ਖੋਲ ਤੇ ਇੱਕ ਥਾਰ ਸਮੇਤ 3 ਗ੍ਰਿਫ਼ਤਾਰ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**

ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਤਿੰਨ ਵਿਅਕਤੀਆਂ ਨੂੰ ਇਕ ਰਿਵਾਲਵਰ 32 ਬੋਰ ਤੇ 16 ਰੌਂਦ ਜ਼ਿੰਦਾ ਅਤੇ 4 ਖੋਲ੍ਹ ਅਤੇ 1 ਗੱਡੀ ਮਹਿੰਦਰ ਥਾਰ ਸਮੇਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ਼ 336, 279 ਆਈਪੀਸੀ ਅਤੇ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਏਐੱਸਆਈ ਬਲਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਨਾਮਦੇਵ ਚੌਕ ਫ਼ਿਰੋਜ਼ਪੁਰ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਅਨ ਜੀਵਨਜੋਤ ਉਰਫ਼ ਜੀਵਨ ਪੁੱਤਰ ਮਹਿੰਦਰ ਸਿੰਘ ਵਾਸੀ ਵਿਕਾਸ ਵਿਹਾਰ ਕਲੋਨੀ, ਅੰਕੁਸ਼ ਸ਼ਰਮਾ ਪੁੱਤਰ ਜਤਿੰਦਰ ਮੋਹਨ ਵਾਸੀ ਟਾਹਲੀ ਮੁਹੱਲਾ ਸਿਟੀ ਫ਼ਿਰੋਜ਼ਪੁਰ ਅਤੇ ਹਰਜੀਤ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਬਹਾਦਰ ਵਾਲਾ, ਜੋ ਮਹਿੰਦਰ ਥਾਰ ਗੰਡੀ ਰੰਗ ਕਾਲਾ ਨੰਬਰ ਪੀਬੀ 05 ਏਪੀ 0202 'ਤੇ ਸਵਾਰ ਹੋ ਕੇ ਬਾਗੀ ਰੋਡ ਦੇ ਪਾਰਕ ਸਾਹਮਣੇ ਪੁੱਡਾ ਕਾਲੌਨੀ ਦੀ ਖਾਲ੍ਹੀ ਪਈ ਜਗ੍ਹਾ ਬੈਕ ਸਾਈਡ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਪਾਸ ਖੜੇ ਹਨ, ਜਿਨ੍ਹਾਂ ਪਾਸ ਪਿਸਟਲ, ਰਿਵਾਲਵਰ ਹਨ ਤੇ ਜਿਨ੍ਹਾਂ ਨੇ ਸ਼ਰਾਬ ਪੀਤੀ ਹੋਈ ਹੈ ਤੇ ਸ਼ਹਿਰ ਦਾ ਮਾਹੌਲ ਖਰਾਬ ਕਰਨ ਲਈ ਰਿਵਾਲਵਰ ਨਾਲ ਹਵਾਈ ਫਾਇਰ ਕਰ ਰੇ ਹਨ ਤੇ ਦਹਿਸ਼ਤ ਫੈਲਾ ਰਹੇ ਹਨ।ਜੇਕਰ ਹੁਣੇ ਇਨ੍ਹਾਂ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ।ਪੁਲਸ ਪਾਰਟੀ ਵੱਲੋਂ ਦੋਸ਼ੀਅਨ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਇਨ੍ਹਾਂ ਕੋਲੋਂ 1 ਰਿਵਾਲਵਰ 32 ਬੋਰ ਤੇ 16 ਰੌਂਦ ਜ਼ਿੰਦਾ ਅਤੇ 4 ਖੋਲ ਅਤੇ 1 ਗੱਡੀ ਮਹਿੰਦਰਾ ਥਾਰ ਰੰਗ ਕਾਲਾ ਬਰਾਮਦ ਹੋਈ। ਪੁਲਿਸ ਨੇ ਦੱਸਿਆ ਕਿ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਕਾਮਰੇਡ ਬਾਂਡੀ ਨੇ ਹਮੇਸ਼ਾ ਖੱਬੀਆਂ ਪਾਰਟੀਆਂ ਦੇ ਏਕੇ ਲਈ ਯਤਨ ਕੀਤੇ



**ਬਠਿੰਡਾ (ਬਖਤੌਰ ਢਿੱਲੋਂ)**

ਲੋਕ ਹਿੱਤਾਂ ਲਈ ਜੂਝਣ ਵਾਲੇ ਕਮਿਊਨਿਸਟ ਆਗੂ ਕਾਮਰੇਡ ਗੁਰਦੇਵ ਸਿੰਘ ਬਾਂਡੀ ਸਕੱਤਰ ਸੀ ਪੀ ਆਈ (ਐੱਮ) ਜ਼ਿਲ੍ਹਾ ਬਠਿੰਡਾ ਦੀ ਅੰਤਿਮ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਕਾ: ਬਾਂਡੀ ਨੇ ਅਧਿਆਪਕ ਵਜੋਂ ਸੇਵਾ ਨਿਭਾਉਣ ਦੇ ਨਾਲ-ਨਾਲ ਕਮਿਊਨਿਸਟ ਲਹਿਰ ਵਿੱਚ ਸਰਗਰਮ ਭੂਮਿਕਾ ਨਿਭਾਈ। ਉਹ ਉਮਰ ਭਰ ਲੋਕ ਹਿੱਤਾਂ ਲਈ ਜੂਝਦੇ ਰਹੇ। ਉਹਨਾਂ ਕਿਹਾ ਕਿ ਕਾ: ਬਾਂਡੀ ਦੀ ਮੌਤ ਨਾਲ ਪਾਰਟੀ ਨੂੰ ਵੱਡਾ ਘਾਟਾ ਪਿਆ ਹੈ। ਉਹਨਾਂ ਵਿੱਛੜੇ ਆਗੂ ਦੇ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਅੱਗੇ ਲਈ ਵੀ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਉਹਨਾਂ ਕਿਹਾ ਕਿ ਵਿੱਛੜੇ ਆਗੂ ਵੱਲੋਂ ਕੀਤੀ ਖੱਬੀ ਲਹਿਰ ਦੀ ਸੇਵਾ ਨੂੰ ਭੁਲਾਇਆ ਨਹੀਂ ਜਾ ਸਕਦਾ। ਜਗਰੂਪ ਸਿੰਘ ਗਿੱਲ ਐੱਮ ਐੱਲ ਏ ਹਲਕਾ ਬਠਿੰਡਾ ਸ਼ਹਿਰੀ ਨੇ ਕਾ: ਬਾਂਡੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਹਨਾਂ ਨੂੰ ਕਈ ਵਾਰ ਪਰਵਾਰਕ ਦੁੱਖਾਂ ਦਾ ਸਾਹਮਣਾ ਕਰਨਾ ਪਿਆ। ਇਸ ਦੇ ਬਾਵਜੂਦ ਉਹ ਗਰੀਬਾਂ, ਲਿਤਾੜਿਆਂ ਲਈ ਸਹਾਰਾ ਬਣਦੇ ਰਹੇ। ਉਹ ਇੱਕ ਸਾਫ਼-ਸੁਥਰੇ ਲੋਕ ਆਗੂ ਸਨ। ਉਹਨਾਂ ਦੀ ਮੌਤ ਨਾਲ ਬਠਿੰਡਾ ਜ਼ਿਲ੍ਹੇ ਨੂੰ ਘਾਟਾ ਪਿਆ ਹੈ, ਉਹ ਹਮੇਸ਼ਾ ਲੋਕ ਹਿੱਤਾਂ ਲਈ ਦੂਜੀਆਂ ਪਾਰਟੀਆਂ ਨਾਲ ਰਲ ਕੇ ਲੜਦੇ ਰਹੇ। ਡਾ: ਅਜੀਤਪਾਲ ਸਿੰਘ ਨੇ ਵੀ ਉਹਨਾਂ ਦੇ ਵਿਛੋੜੇ 'ਤੇ ਦੁੱਖ ਪ੍ਰਗਟ ਕਰਦਿਆਂ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਸੀ ਪੀ ਆਈ ਦੇ ਸੀਨੀਅਰ ਆਗੂ ਕਾ: ਹਰਦੇਵ ਸਿੰਘ ਅਰਸ਼ੀ ਸਾਬਕਾ ਵਿਧਾਇਕ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਕਾ: ਬਾਂਡੀ ਇੱਕ ਸੂਝਵਾਨ ਨੇਤਾ ਸਨ, ਉਹਨਾਂ ਹਮੇਸ਼ਾ ਖੱਬੀਆਂ ਪਾਰਟੀਆਂ ਦੀ ਏਕਤਾ ਲਈ ਯਤਨ ਕੀਤੇ। ਉਹਨਾਂ ਅਧਿਆਪਕ ਹੁੰਦਿਆਂ ਵੀ ਕਿਸੇ ਨੁਕਸਾਨ ਦੀ ਪਰਵਾਹ ਨਾ ਕਰਦਿਆਂ ਕਮਿਊਨਿਸਟ ਲਹਿਰ ਵਿੱਚ ਕੰਮ ਕੀਤਾ ਤੇ ਲੋਕ ਆਗੂ ਵਜੋਂ ਉੱਭਰ ਕੇ ਸਾਹਮਣੇ ਆਏ। ਬਿਮਾਰੀ ਦਾ ਸ਼ਿਕਾਰ ਹੋਣ ਦੇ ਬਾਵਜੂਦ ਉਹ ਆਪਣੇ ਆਖ਼ਰੀ ਸਾਹ ਤੱਕ ਕਮਿਊਨਿਸਟ ਲਹਿਰ ਅਤੇ ਲੋਕਾਂ ਲਈ ਚਿੰਤਤ ਰਹੇ।

ਇਸ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਕਾ: ਲਾਲ ਸਿੰਘ ਧਨੌਲਾ ਪ੍ਰਧਾਨ ਖੇਤ ਮਜ਼ਦੂਰ ਯੂਨੀਅਨ ਪੰਜਾਬ, ਚਿਰੰਜੀ ਲਾਲ ਗਰਗ ਸਾਬਕਾ ਮੰਤਰੀ, ਅੰਮ੍ਰਿਤ ਅਗਰਵਾਲ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਵਰਿੰਦਰ ਕੁਮਾਰ ਸ਼ਰਮਾ ਐਡਵੋਕੇਟ ਪ੍ਰਧਾਨ ਬਾਰ ਐਸੋਸੀਏਸ਼ਨ ਬਠਿੰਡਾ, ਬਹਾਦਰ ਸਿੰਘ ਸਰਪੰਚ ਪਿੰਡ ਬਾਂਡੀ, ਰਣਜੀਤ ਸਿੰਘ ਸਾਬਕਾ ਪ੍ਰਧਾਨ ਬਾਰ ਐਸੋਸੀਏਸ਼ਨ, ਗੁਰਬੰਸ ਸਿੰਘ, ਜਨਕ ਸਿੰਘ ਵੀ ਹਾਜ਼ਰ ਸਨ।

## ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰਨ ਤੇ ਬੂਟਿਆਂ ਨੂੰ ਪੁੱਟਣ ਦੇ ਦੋਸ਼ 'ਚ ਦੋ ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਪੁਲਸ ਨੇ ਨਹਿਰੀ ਵਿਭਾਗ ਦੀ ਸਰਕਾਰੀ ਜਮੀਨ ਵਿਸ਼ਰਾਮ ਘਰ ਅਕਾਲਗੜ੍ਹ 'ਤੇ ਕਬਜ਼ਾ ਕਰਨ ਅਤੇ ਨਹਿਰੀ ਵਿਭਾਗ ਵੱਲੋਂ ਲਾਏ ਹੋਏ ਬੂਟਿਆਂ ਨੂੰ ਪੁੱਟਣ ਦੇ ਦੋਸ਼ ਵਿੱਚ ਦੋ ਵਿਅਕਤੀਆਂ ਦੇ ਖਿਲਾਫ ਪਰਚਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਭਗਵਾਨ ਦਾਸ ਨੇ ਦੱਸਿਆ ਕਿ ਯਾਦਵਿੰਦਰ ਸਿੰਘ ਕਾਰਜਕਾਰੀ ਇੰਜਨੀਅਰ ਈਸਟਰਨ ਨਹਿਰ ਮੰਡਲ ਫ਼ਿਰੋਜ਼ਪੁਰ ਵੱਲੋਂ ਲਿਖਤੀ ਪੱਤਰ ਪੁਲਸ ਕੋਲ ਦਿੱਤਾ ਗਿਆ ਹੈ ਕਿ ਨਹਿਰੀ ਵਿਭਾਗ ਦੀ ਸਰਕਾਰੀ ਜ਼ਮੀਨ ਵਿਸ਼ਰਾਮ ਘਰ ਅਕਾਲਗੜ੍ਹ ਜੋ ਰਕਬਾ ਪਿੰਡ ਚੱਕ ਸੁਹੇਲੇਵਾਲਾ ਵਿਖੇ 3 ਏਕੜ ਜ਼ਮੀਨ 'ਤੇ ਵਰਦੇਵ ਸਿੰਘ ਪੁੱਤਰ ਜੋਰਾ ਸਿੰਘ ਵਾਸੀ ਚੱਕ ਚੁਹੇਲੇਵਾਲਾ ਅਤੇ ਅਣਪਛਾਤੇ ਵਿਅਕਤੀਆਂ ਨੇ ਕਬਜ਼ਾ ਕੀਤਾ ਹੈ ਅਤੇ ਨਹਿਰੀ ਵਿਭਾਗ ਵੱਲੋਂ ਲਾਏ ਗਏ ਬੂਟਿਆਂ ਨੂੰ ਪੁੱਟ ਕੇ ਉਸ ਜ਼ਮੀਨ 'ਤੇ ਕਣਕ ਦੀ ਫ਼ਸਲ ਬੀਜ ਦਿੱਤੀ ਗਈ ਹੈ। ਨਹਿਰੀ ਵਿਭਾਗ ਦੇ ਕਾਰਜਕਾਰੀ ਇੰਜਨੀਅਰ ਵਲੋਂ ਦਿੱਤੀ ਦਰਖਾਸਤ ਦੀ ਐਸ.ਐਸ.ਪੀ. ਫ਼ਾਜ਼ਿਲਕਾ ਤੋਂ ਅਪਰੂਵਲ ਆਉਣ ਉਪਰੰਤ ਥਾਣੇ ਵਿੱਚ ਵਰਦੇਵ ਸਿੰਘ ਤੇ ਅਣਪਛਾਤੇ ਵਿਅਕਤੀ ਦੇ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ।

## ਵਿਦਿਆਰਥਣਾਂ ਦਾ ਭਵਿੱਖ ਰੁਸ਼ਨਾਉਣ ਲਈ ਮਾਪਿਆਂ ਦੇ ਨਾਲ ਅਧਿਆਪਕਾਂ ਦੀ ਵੀ ਬਰਾਬਰ ਜ਼ਿੰਮੇਵਾਰੀ : ਸੰਧਵਾਂ



**ਕੋਟਕਪੂਰਾ (ਰਛਪਾਲ ਭੁੱਲਰ)**-ਵਰਤਮਾਨ ਸਮੇਂ ਵਿੱਚ ਵਿਦਿਆਰਥਣਾਂ ਅਰਥਾਤ ਧੀਆਂ ਨੂੰ ਪ੍ਰੇਰਿਤ ਕਰਨਾ, ਕੁਰਾਹੇ ਪੈਣ ਤੋਂ ਬਚਾਉਣਾ, ਉਨ੍ਹਾ ਦਾ ਭਵਿੱਖ ਰੁਸ਼ਨਾਉਣਾ ਅਤੇ ਹਰ ਪੱਖੋਂ ਸੰਭਾਲ ਕਰਨ ਦੀ ਜ਼ਿੰਮੇਵਾਰੀ ਮਾਪਿਆਂ ਦੇ ਨਾਲ-ਨਾਲ ਅਧਿਆਪਕਾਂ ਦੀ ਵੀ ਬਰਾਬਰ ਹੁੰਦੀ ਹੈ।

ਡਾ. ਚੰਦਾ ਸਿੰਘ ਮਰਵਾਹਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਮਨਾਏ ਗਏ ਬਾਲ ਦਿਵਸ 'ਤੇ ਕਰਾਏ ਗਏ ਸਾਲਾਨਾ ਇਨਾਮ ਵੰਡ ਸਮਾਰੋਹ ਮੌਕੇ ਬਤੌਰ ਮੁੱਖ ਮਹਿਮਾਨ ਪੁੱਜੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਵਾਲੀ ਸਰਕਾਰ ਵਲੋਂ ਜ਼ਿਆਦਾ ਜ਼ੋਰ ਸਿਹਤ ਅਤੇ ਸਿੱਖਿਆ ਦੇ ਸੁਧਾਰ ਅਤੇ ਨਵੀਂਆਂ ਤਕਨੀਕਾਂ ਲਿਆਉਣ 'ਤੇ ਹੀ ਲਾਇਆ ਜਾ ਰਿਹਾ ਹੈ। ਉਨ੍ਹਾਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਲੈਣ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਤ ਕਰਨ ਦੇ ਨਾਲ ਨਾਲ 'ਧੀ ਸਕੂਲ ਦੀ' ਦਾ ਐਵਾਰਡ ਮਮਤਾ ਸ਼ਰਮਾ, 'ਉੱਡਣ ਪਰੀ' ਹਰਮੀਤ ਕੌਰ, 'ਸਕੂਲ ਦੀ ਕੋਇਲ' ਹਰਲੀਨ ਸ਼ਰਮਾ ਆਦਿਕ ਨੂੰ ਉਕਤ ਐਵਾਰਡਾਂ ਦੇ ਨਾਲ ਨਗਦ ਇਨਾਮ ਦੇ ਕੇ ਸਨਮਾਨਤ ਕੀਤਾ। ਪ੍ਰਿੰਸੀਪਲ ਪ੍ਰਭਜੋਤ ਸਿੰਘ ਮੁਤਾਬਕ ਸਪੀਕਰ ਸੰਧਵਾਂ ਸਮੇਤ ਸ਼ਿਵਰਾਜ ਕਪੂਰ ਡੀਈਓ, ਪ੍ਰਦੀਪ ਦਿਉੜਾ ਡਿਪਟੀ ਡੀਈਓ ਅਤੇ ਹੋਰ ਪਤਵੰਤਿਆਂ ਨੇ 'ਜੀਵਨ ਤਾਂਘ' ਮੈਗਜ਼ੀਨ ਰਿਲੀਜ਼ ਕੀਤਾ, ਜਦਕਿ ਵਿਦਿਆਰਥਣਾਂ ਦੇ ਵਿਧਾਨ ਸਭਾ ਅਤੇ ਆਨੰਦਪੁਰ ਸਾਹਿਬ ਦੇ ਦੌਰਿਆਂ ਅਰਥਾਤ ਯਾਤਰਾਵਾਂ ਨਾਲ ਸਬੰਧਤ ਵੀ ਦੋ ਮੈਗਜ਼ੀਨ ਜਾਰੀ ਕੀਤੇ ਗਏ। ਪ੍ਰਿੰਸੀਪਲ ਪ੍ਰਭਜੋਤ ਸਿੰਘ ਦੀਆਂ ਸੇਵਾਵਾਂ ਦੀ ਪ੍ਰਸੰਸਾ ਕਰਦਿਆਂ ਸਪੀਕਰ ਸੰਧਵਾਂ ਨੇ ਦੱਸਿਆ ਕਿ ਇਸ ਸਕੂਲ ਲਈ 10 ਲੱਖ ਰੁਪਏ ਦੀ ਗ੍ਰਾਂਟ ਸੌਂਪੀ ਗਈ ਸੀ ਤੇ ਹੋਰ ਮੰਗ ਦੇ ਮੱਦੇਨਜ਼ਰ 15 ਲੱਖ ਰੁਪਏ ਦੀ ਗ੍ਰਾਂਟ ਹੋਰ ਮੁਹੱਈਆ ਕਰਾਈ ਜਾਵੇਗੀ। ਸਮਾਜ ਸੇਵੀ ਬਲਜੀਤ ਸਿੰਘ ਖੀਵਾ ਅਤੇ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਵੀ ਪ੍ਰੇਰਨਾ ਸਰੋਤ ਵਿਚਾਰਾਂ ਸਾਂਝੀਆਂ ਕੀਤੀਆਂ। ਸਟੇਜ ਸੰਚਾਲਨ ਕਰਦਿਆਂ ਕੁਲਵਿੰਦਰ ਸਿੰਘ ਜਟਾਣਾ ਅਤੇ ਮੀਨੂੰ ਮੌਂਗਾ ਨੇ ਦੱਸਿਆ ਕਿ ਵਿਦਿਆਰਥਣਾਂ ਵੱਲੋਂ ਵੱਖ-ਵੱਖ ਸੱਭਿਆਚਾਰਕ ਵੰਨਗੀਆਂ ਵੀ ਪੇਸ਼ ਕੀਤੀਆਂ ਗਈਆਂ। ਮੌਸਮ ਦੀ ਬੇਯਕੀਨੀ ਦੇ ਬਾਵਜੂਦ ਪ੍ਰੋਗਰਾਮ ਬੇਹੱਦ ਸਫਲਤਾਪੂਰਵਕ ਨੇਪਰੇ ਚੜ੍ਹਿਆ।



ਮਿਲਕ ਪਲਾਂਟ ਸੰਗਰੂਰ ਅੱਗੇ ਵਰਕਰਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਦਿੱਤੇ ਜਾ ਰਹੇ ਧਰਨੇ ਨੂੰ ਸੰਬੋਧਨ ਕਰਦੇ ਲੋਕ ਭਲਾਈ ਸੰਘਰਸ਼ ਸੁਸਾਇਟੀ ਦੇ ਸੂਬਾਈ ਆਗੂ ਸ੍ਰ. ਗੁਰਨਾਮ ਸਿੰਘ ਭਿੰਡਰ। (ਫ਼ੋਟੋ ਤੇ ਵੇਰਵਾ : ਪ੍ਰਵੀਨ, ਸੰਗਰੂਰ)

## ਸਰਕਾਰੀ ਸਕੂਲਾਂ ਦੇ ਨਾਂਅ ਸ਼ਹੀਦਾਂ/ਸੁਤੰਤਰਤਾ ਸੰਗਰਾਮੀਆਂ ਦੇ ਨਾਂਅ 'ਤੇ ਰੱਖੇ ਜਾਣਗੇ : ਬੈਂਸ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਅਜ਼ਾਦੀ ਘੁਲਾਟੀਏ ਅਤੇ ਸ਼ਹੀਦਾਂ ਵੱਲੋਂ ਦਿਖਾਏ ਰਸਤੇ 'ਤੇ ਚਲਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਰਾਜ ਦੇ ਸਰਕਾਰੀ ਸਕੂਲਾਂ ਦੇ ਨਾਂਅ ਸ਼ਹੀਦਾਂ ਤੇ ਸੁਤੰਤਰਤਾ ਸੰਗਰਾਮੀਆਂ ਦੇ ਨਾਂਅ 'ਤੇ ਰੱਖਣ ਦਾ ਫੈਸਲਾ ਕੀਤਾ ਹੈ। ਇਹ ਜਾਣਕਾਰੀ ਪੰਜਾਬ ਰਾਜ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦਿੰਦਿਆਂ ਕਿਹਾ ਕਿ ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ 80ਫ਼ੀਸਦੀ ਤੋਂ ਜ਼ਿਆਦਾ ਪੰਜਾਬੀਆਂ ਨੇ ਕੁਰਬਾਨੀਆਂ ਦਿੱਤੀਆਂ ਹਨ। ਇਸ ਤੋਂ ਇਲਾਵਾ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਅਤੇ ਸਰਹੱਦਾਂ ਦੀ ਰਾਖੀ ਕਰਦਿਆਂ ਵੀ ਵੱਡੀ ਗਿਣਤੀ ਵਿੱਚ ਪੰਜਾਬੀਆਂ ਨੇ ਕੁਰਬਾਨੀਆਂ ਦਿੱਤੀਆਂ ਹਨ। ਪੰਜਾਬ ਸਰਕਾਰ ਨੇ ਅਜ਼ਾਦੀ ਦੇ 75ਵੇਂ ਵਰ੍ਹੇਗੰਢ ਦੇ ਮੌਕੇ ਰਾਜ ਦੇ ਸਰਕਾਰੀ ਸਕੂਲਾਂ ਦੇ ਨਾਂਅ ਸ਼ਹੀਦਾਂ ਅਤੇ ਅਜ਼ਾਦੀ ਘੁਲਾਟੀਆਂ ਦੇ ਨਾਂਅ 'ਤੇ ਰੱਖੇ ਜਾਣ ਦਾ ਫੈਸਲਾ ਕੀਤਾ ਹੈ, ਤਾਂ ਜੋ ਆਉਣ ਵਾਲੀਆਂ ਨਸਲਾਂ ਨੂੰ ਸਾਡੇ ਅਜ਼ਾਦੀ ਘੁਲਾਟੀਆਂ ਤੇ ਸ਼ਹੀਦਾਂ ਬਾਰੇ ਪਤਾ ਲੱਗ ਸਕੇ।

ਉਹਨਾ ਦੱਸਿਆ ਕਿ ਜਿਹਨਾਂ ਸਕੂਲਾਂ ਦੇ ਨਾਂਅ ਸ਼ਹੀਦਾਂ/ ਅਜ਼ਾਦੀ ਘੁਲਾਟੀਆਂ ਦੇ ਨਾਂਅ 'ਤੇ ਰੱਖੇ ਜਾਣੇ ਹਨ, ਉਹਨਾਂ ਲਈ ਪਿੰਡ ਦੀ ਪੰਚਾਇਤ ਅਤੇ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਮਤਾ ਪਾਸ ਕਰਕੇ ਸਮੇਤ ਸ਼ਹੀਦ/ ਆਜ਼ਾਦੀ ਘੁਲਾਟੀਏ ਸੰਬੰਧੀ ਜੀਵਨੀ ਸੰਬੰਧੀ ਨੋਟ ਅਤੇ ਸਰਕਾਰ ਵੱਲੋਂ ਉਨ੍ਹਾਂ ਦੀ ਸ਼ਹਾਦਤ ਸੰਬੰਧੀ ਦਿੱਤੇ ਗਏ ਤਮਗੇ ਬਾਰੇ ਸੂਚਨਾ ਸਕੂਲ ਦੇ ਪ੍ਰਿੰਸੀਪਲ ਰਾਹੀਂ ਅਗਲੇ ਇਕ ਮਹੀਨੇ ਵਿੱਚ ਸਟੇਟ ਹੈੱਡਕੁਆਰਟਰ ਨੂੰ ਭੇਜਿਆ ਜਾਵੇਗਾ। ਬੈਂਸ ਨੇ ਕਿਹਾ ਕਿ ਇਸ ਕਾਰਵਾਈ ਦੀ ਉਹ ਖੁਦ ਨਿਗਰਾਨੀ ਕਰਨਗੇ ਤੇ 15 ਦਿਨ ਬਾਅਦ ਇਸ ਦਾ ਖੁਦ ਮੁਲਾਂਕਣ ਕਰਨਗੇ।

## ਯੂ ਕੇ ਇੰਟਰਨੈਸ਼ਨਲ ਸਕੂਲ 'ਚ ਅਥਲੈਟਿਕਸ ਮੀਟ ਕਰਾਈ




**ਧਰਮਕੋਟ (ਗੁਰਦੀਪ ਸਿੰਘ ਭੁੱਲਰ)**

ਯੂ ਕੇ ਇੰਟਰਨੈਸ਼ਨਲ ਸਕੂਲ ਵਿੱਚ ਬਾਲ ਦਿਵਸ ਦੇ ਮੌਕੇ 'ਤੇ ਅਥਲੈਟਿਕਸ ਮੀਟ ਕਰਾਈ ਗਈ, ਜਿਸ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਮੈਡਮ ਰਾਜਵਿੰਦਰ ਕੌਰ, ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਅਲੱਗ-ਅਲੱਗ ਹਾਊਸਾਂ ਦੇ ਬੱਚਿਆਂ ਵੱਲੋਂ ਮਾਰਚ ਪਾਸਟ 'ਤੇ ਸਹੁੰ ਚੁੱਕਣ ਉਪਰੰਤ ਕੀਤੀ ਗਈ। ਅਥਲੈਟਿਕ ਮੀਟ ਵਿੱਚ ਅਲੱਗ-ਅਲੱਗ ਤਰ੍ਹਾਂ ਦੇ ਦੌੜਾਕ ਮੁਕਾਬਲੇ, ਬਾਸਕਿਟਬਾਲ, ਵਾਲੀਬਾਲ, ਰੱਸਾ ਖਿੱਚ ਮੁਕਾਬਲੇ ਕਰਾਏ ਗਏ, ਜਿਸ ਵਿੱਚ ਪ੍ਰੀ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਇਨ੍ਹਾਂ ਖੇਡਾਂ ਵਿੱਚ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਖੇਡ ਮੁਕਾਬਲਿਆਂ ਵਿੱਚ ਅਲੱਗ-ਅਲੱਗ ਹਾਊਸਾਂ ਦੇ ਵਿਦਿਆਰਥੀ ਜੇਤੂ ਰਹੇ। ਚਾਰੇ ਹਾਊਸਾਂ ਵਿੱਚੋਂ ਸਭ ਤੋਂ ਪਹਿਲੇ ਨੰਬਰ ਤੇ ਰੈੱਡ ਹਾਊਸ ਰਿਹਾ। ਇਸ ਮੌਕੇ ਪ੍ਰਿੰਸੀਪਲ ਮੈਡਮ ਡਾ. ਰਾਜਵਿੰਦਰ ਕੌਰ ਨੇ ਬੱਚਿਆਂ ਨੂੰ 'ਬਾਲ ਦਿਵਸ' ਦੀਆਂ ਬਹੁਤ ਬਹੁਤ ਵਧਾਈਆਂ ਦਿੱਤੀਆਂ ਤੇ ਉਨ੍ਹਾਂ ਨੇ ਪੰਡਤ ਜਵਾਹਰ ਲਾਲ ਨਹਿਰੂ ਜੀ ਦੇ ਜਨਮ ਦਿਨ ਤੇ ਬਾਲ ਦਿਵਸ ਮਨਾਉਣ ਦੇ ਕਾਰਨਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਤੇ ਪ੍ਰਿੰਸੀਪਲ ਮੈਡਮ ਡਾਕਟਰ ਰਾਜਵਿੰਦਰ ਕੌਰ ਵੱਲੋਂ ਜੇਤੂ ਬੱਚਿਆਂ ਨੂੰ ਸਰਟੀਫਿਕੇਟ ਤੇ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ ਤੇ ਉਨ੍ਹਾਂ ਦੀ ਇਸ ਯੋਗਤਾ ਦੀ ਉਨ੍ਹਾਂ ਨੂੰ ਵਧਾਈ ਦਿੱਤੀ ਗਈ।

## ...ਸ.ਫ਼ਾ 1 ਦੇ ਬਾਕੀ

### ਆਰ ਐੱਸ ਐੱਸ ਤੇ...

ਅਹੁਦਿਆਂ 'ਤੇ ਬੈਠੇ ਭਾਜਪਾ ਆਗੂਆਂ ਵੱਲੋਂ ਸ਼੍ਰੋਮਣੀ ਕਮੇਟੀ ਚੋਣ ਵਿਚ ਸਿੱਧੀ ਦਖਲਅੰਦਾਜ਼ੀ ਕੀਤੀ ਗਈ ਹੈ। ਭਾਈ ਗਰੇਵਾਲ ਨੇ ਭਾਗਵਤ ਨੂੰ ਲਿਖਿਆ ਕਿ ਵਾਪਰਿਆ ਇਹ ਘਟਨਾਕ੍ਰਮ ਭਾਰਤ ਦੇ ਬਹੁ-ਸਭਿਅਕ ਤੇ ਬਹੁ-ਧਰਮੀ ਸਮਾਜ ਅੰਦਰ ਆਪਸੀ ਧਾਰਮਕ ਦੂਰੀ ਵਧਾਉਣ ਵਾਲਾ ਹੈ। ਜੇ ਇਹ ਵਰਤਾਰਾ ਨਾ ਰੋਕਿਆ ਗਿਆ ਤਾਂ ਸਿੱਖਾਂ ਦੇ ਮਨਾਂ ਅੰਦਰ ਪੈਦਾ ਹੋਣ ਵਾਲੀ ਅਸਥਿਰਤਾ ਦੇਸ਼ ਲਈ ਘਾਤਕ ਹੋਵੇਗੀ। ਭਾਈ ਗਰੇਵਾਲ ਨੇ ਕਿਹਾ ਕਿ ਜਿਹੜੇ ਰਸਤੇ 'ਤੇ ਆਰ ਐੱਸ ਐੱਸ ਤੇ ਇਸ ਦੀ ਰਾਜਸੀ ਧਿਰ ਭਾਜਪਾ ਚੱਲ ਰਹੀਆਂ ਹਨ, ਇਸ ਤੋਂ ਪਹਿਲਾਂ ਸਿੱਖ ਵਿਰੋਧੀ ਜਮਾਤ ਕਾਂਗਰਸ ਅਜਿਹਾ ਕਰਿਆ ਕਰਦੀ ਸੀ। ਉਨ੍ਹਾ ਕਿਹਾ ਕਿ ਇਹ ਨੀਤੀ ਪ੍ਰਵਾਨ ਕਰਨਯੋਗ ਨਹੀਂ ਹੈ, ਲਿਹਾਜ਼ਾ ਇਸ ਨੂੰ ਰੋਕਿਆ ਜਾਵੇ। ਉਨ੍ਹਾ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੇ ਆਪਣੇ 102 ਸਾਲਾਂ ਦੇ ਸਫਰ ਦੌਰਾਨ ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਦੇ ਨਾਲ-ਨਾਲ ਸਿੱਖੀ ਪ੍ਰਚਾਰ, ਸਿਹਤ, ਸਿੱਖਿਆ ਅਤੇ ਮਾਨਵ ਭਲਾਈ ਲਈ ਮਿਸਾਲੀ ਕਾਰਜ ਕੀਤੇ ਹਨ ਅਤੇ ਆਪਣੀ ਸਥਾਪਨਾ ਤੋਂ ਲੈ ਕੇ ਕਦੇ ਵੀ ਕਿਸੇ ਦੂਸਰੇ ਧਰਮ ਵਿਚ ਦਖਲ ਨਹੀਂ ਦਿੱਤਾ।

ਅੱਜ ਸ਼੍ਰੋਮਣੀ ਕਮੇਟੀ ਦੇ ਸਥਾਪਨਾ ਦਿਹਾੜੇ ਮੌਕੇ ਸੁਚੇਤ ਕਰਦੇ ਹਾਂ ਕਿ ਆਰ ਐੱਸ ਐੱਸ ਅਤੇ ਭਾਜਪਾ ਵੱਲੋਂ ਸਿੱਖ ਮਸਲਿਆਂ ਵਿਚ ਦਖਲਅੰਦਾਜ਼ੀ ਬੰਦ ਕੀਤੀ ਜਾਵੇ ਅਤੇ ਇਸ 'ਤੇ ਗਹਿਰਾ ਮੰਥਨ ਕਰਕੇ ਭਵਿੱਖ ਵਿਚ ਸਿੱਖਾਂ ਦੇ ਕੌਮੀ ਮਸਲਿਆਂ ਨੂੰ ਉਲਝਾਉਣ ਵਾਲੀਆਂ ਸਰਗਰਮੀਆਂ ਤੋਂ ਗੁਰੇਜ਼ ਕੀਤਾ ਜਾਵੇ।

## ਸਕੂਲੀ ਬੱਸਾਂ ਦੀ ਹਾਲਤ ਖਸਤਾ, ਬੱਚਿਆਂ ਦੀ ਜ਼ਿੰਦਗੀ ਖ਼ਤਰੇ 'ਚ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਡਿਪਟੀ ਕਮਿਸ਼ਨਰ ਤੇ ਐਸ ਐਸ ਪੀ ਬਠਿੰਡਾ ਵੱਲੋਂ ਸੇਫ਼ ਸਕੂਲ ਵਾਹਨ ਪਾਲਿਸੀ ਨੂੰ ਸਖਤੀ ਨਾਲ ਲਾਗੂ ਕਰਨ ਦੇ ਦਿੱਤੇ ਦਿਸ਼ਾ-ਨਿਰਦੇਸ਼ਾਂ ਜਿਸ ਤਹਿਤ ਸਕੂਲ ਵੈਨਾਂ ਦਾ ਰੰਗ ਪੀਲਾ, ਵਰਦੀ, ਫਸਟ ਏਡ ਕਿੱਟਾਂ, ਅੱਗ ਬੁਝਾਊ ਯੰਤਰ, ਦੋ ਕੈਮਰੇ, ਲੇਡੀਜ ਅਟੈਂਡੈਂਟ ਤੇ ਸ਼ੀਸ਼ਿਆਂ ਦੇ ਬਾਹਰ ਹਾਰੀਜੈਂਟਨ ਗਰਿਲਾਂ ਲੱਗੀਆਂ ਹੋਣੀਆਂ ਲਾਜ਼ਮੀ ਹਨ। ਪਰ ਕੁਝ ਸਕੂਲ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀਆਂ ਧੱਜੀਆਂ ਉਡਾ ਕੇ ਬੱਚਿਆਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਰਾਮਪੁਰਾ-ਬਠਿੰਡਾ ਰੋਡ ਤੇ ਸਥਿਤ ਸਕੂਲ, ਜਿਸ ਦੀ ਬੱਸ ਨੰਬਰ 13 ਜੋ ਸ਼ਹੀਦ ਭਗਤ ਸਿੰਘ ਕਲੋਨੀ ਦੇ ਬੱਚਿਆਂ ਨੂੰ ਲੈ ਕੇ ਜਾਂਦੀ ਹੈ, ਜਿਸ ਵਿੱਚ ਸਭ ਤੋਂ ਛੋਟੀ ਉਮਰ ਦੇ ਤੇ ਛੋਟੀਆਂ ਕਲਾਸਾਂ ਦੇ ਬੱਚੇ ਹੁੰਦੇ ਹਨ। ਬੱਚੇ ਆਪਣੇ ਹੀ ਰਿਸਕ ਤੇ ਬੱਸ ਵਿੱਚੋਂ ਉਤਰਦੇ ਚੜ੍ਹਦੇ ਹਨ, ਜਿਹੜੇ ਟ੍ਰੈਫਿਕ ਨਿਯਮਾਂ ਤੋਂ ਪੂਰੇ ਕੋਰੇ ਹਨ, ਜਿਸ ਕਾਰਨ ਕੋਈ ਵੱਡਾ ਹਾਦਸਾ ਵਾਪਰ ਸਕਦਾ ਹੈ।

ਜਦੋਂ ਕਦੇ ਸਕੂਲ ਰਿਸੈਪਸ਼ਨ 'ਤੇ ਪੁੱਛਿਆ ਜਾਂਦਾ ਕਿ ਬੱਸ ਵਿੱਚ ਕੋਈ ਅਟੈਂਡੈਂਟ ਨਹੀਂ ਹੈ, ਅੱਗੋਂ ਜਵਾਬ ਆਉਂਦਾ ਹੈ, ਹੋ ਸਕਦਾ ਅੱਜ ਛੁੱਟੀ 'ਤੇ ਹੋਵੇ। ਸਪੱਸ਼ਟੀਕਰਨ ਲੈਣ ਲਈ ਸਕੂਲ ਦੇ ਇਕ ਅਸਿਸਟੈਂਟ ਨਾਲ ਗੱਲ ਕੀਤੀ ਤਾਂ ਉਸ ਨੇ ਨਾ ਸਕੂਲ ਦੇ ਮੁਖੀ ਦਾ ਮੁਬਾਇਲ ਨੰਬਰ ਦਿੱਤਾ, ਨਾ ਗੱਲ ਕਰਾਉਣੀ ਮੁਨਾਸਬ ਸਮਝੀ।


**VALLABH STEELS LIMITED**

Regd. Off.: G.T. Road, Village Pawa, Sahnewal, Ludhiana-141 120(Punjab), India, CIN: L27109PB1980PLC004327, Tel.:+91-161-2511413, Fax: +91-161-2511414, E-mail: fin.ho@vallabhgroup.com website: www.vallabhsteelsltd.in

30 ਸਤੰਬਰ 2022 ਨੂੰ ਖ਼ਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਦੇ ਅਣਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਰੁਪਏ ਲੱਖਾਂ 'ਚ)

| ਵੇਰਵੇ | ਤਿਮਾਹੀ ਖ਼ਤਮ 30.09.2022 | ਅੱਧਾ ਸਾਲ ਖ਼ਤਮ 30.09.2022 | ਤਿਮਾਹੀ ਖ਼ਤਮ 30.09.2021 |
|---|---|---|---|
| | ਅਣਪੜਤਾਲੇ | | |
| ਕਾਰੋਬਾਰਾਂ ਤੋਂ ਮਾਲੀਆ | -- | – | 20.64 |
| ਸ਼ੁੱਧ ਲਾਭ/ (ਹਾਨੀ) (ਟੈਕਸ ਤੋਂ ਪਹਿਲਾਂ, ਅਸਧਾਰਨ ਅਤੇ ਖਾਸ ਆਈਟਮਾਂ) | (169.88) | (433.82) | (108.30) |
| ਸ਼ੁੱਧ ਲਾਭ (ਹਾਨੀ) ਟੈਕਸ ਤੋਂ ਬਾਅਦ (ਖਾਸ ਅਤੇ ਅਸਧਾਰਨ ਆਈਟਮਾਂ ਬਾਅਦ) | (169.88) | (433.82) | (108.30) |
| ਹੋਰ ਵਿਆਪਕ ਆਮਦਨ (ਓ ਸੀ ਆਈ) | -- | -- | - |
| ਕੁੱਲ ਵਿਆਪਕ ਆਮਦਨ (ਸ਼ੁੱਧ ਟੈਕਸ) | (169.88) | (433.82) | (108.30) |
| ਇਕੁਇਟੀ ਸ਼ੇਅਰ ਕੈਪੀਟਲ | 495.00 | 495.00 | 495.00 |
| ਆਮਦਨ ਪ੍ਰਤੀ ਸ਼ੇਅਰ (ਹਰੇਕ 10 ਰੁਪਏ ਦੀ) ਬੇਸਿਕ | (3.43) | (8.76) | (2.19) |
| ਡਿਲਿਊਟਿਡ | (3.43) | (8.76) | (2.19) |

ਟਿੱਪਣੀ : ਉਪਰੋਕਤ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015, ਦੇ ਰੈਗੂਲੇਸ਼ਨ 33 ਤਹਿਤ ਸਟਾਕ ਐਕਸਚੇਂਜ ਕੋਲ ਤਿਮਾਹੀ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮਟ ਦਾ ਸਾਰ ਹੈ। ਤਿਮਾਹੀ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮਟ ਕੰਪਨੀ ਦੀ ਵੈੱਬਸਾਈਟ www.vallabhsteelsltd.in ਅਤੇ ਸਟਾਕ ਐਕਸਚੇਂਜ਼ ਦੀ ਵੈੱਬਸਾਈਟ www.bseindia.com 'ਤੇ ਵੀ ਉਪਲੱਬਧ ਹੋਵੇਗਾ!

ਵਾਸਤੇ ਵੱਲਭ ਸਟੀਲਜ਼ ਲਿਮਟਿਡ
ਸਹੀ/-
ਸਥਾਨ : ਲੁਧਿਆਣਾ
ਮਿਤੀ 14-11-2022
(ਕਪਿਲ ਕੁਮਾਰ ਜੈਨ), ਚੇਅਰਮੈਨ



**BHANDARI HOSIERY EXPORTS LIMITED**

Regd. Office: Bhandari House, Village Meharban, Rahon Road, Ludhiana-141007 (Punjab) (India) Ph. 88720-16410, FAX 0161-2690394 CIN: L17115PB1993PLC013930
E-mail : bhandari@bhandariexport.com; web: www.bhandariexport.com

30-9-2022 ਨੂੰ ਖ਼ਤਮ ਹੋਈ ਤਿਮਾਹੀ/ਅੱਧੇ ਸਾਲ ਦੇ ਸਟੈਂਡਲੋਨ ਅਣਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਆਈ ਐੱਨ ਆਰ ਲੱਖਾਂ 'ਚ)

| ਲੜੀ ਨੰ. | ਵੇਰਵੇ | ਤਿਮਾਹੀ ਖ਼ਤਮ 30.09.2022 | ਤਿਮਾਹੀ ਖ਼ਤਮ 30.09.2021 | ਅੱਧਾ ਸਾਲ ਖ਼ਤਮ 30.09.2022 | ਅੱਧਾ ਸਾਲ ਖ਼ਤਮ 30.09.2021 | ਸਾਲ ਖ਼ਤਮ 31.03.2022 |
|---|---|---|---|---|---|---|
| 1 | ਸਾਰੇ ਕਾਰੋਬਾਰਾਂ ਤੋਂ ਕੁੱਲ ਆਮਦਨ | 7051.72 | 7803.99 | 11692.99 | 12111.30 | 28343.62 |
| 2 | ਸਮੇਂ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਅਸਧਾਰਨ ਅਤੇ ਜਾਂ ਖਾਸ ਆਈਟਮਾਂ) | 205.53 | 219.08 | 341.45 | 326.27 | 685.01 |
| 3 | ਸਮੇਂ ਲਈ ਸ਼ੁੱਧ ਲਾਭ/(ਹਾਨੀ) ਟੈਕਸ ਤੋਂ ਪਹਿਲਾਂ (ਅਸਧਾਰਨ ਆਈਟਮਾਂ ਤੋਂ ਬਾਅਦ) | 205.53 | 219.08 | 341.45 | 326.27 | 685.01 |
| 4 | ਸਮੇਂ ਲਈ ਸ਼ੁੱਧ ਲਾਭ/(ਹਾਨੀ) ਟੈਕਸ ਤੋਂ ਬਾਅਦ (ਅਸਧਾਰਨ ਆਈਟਮਾਂ ਤੋਂ ਬਾਅਦ) | 180.53 | 199.08 | 316.45 | 306.27 | 627.01 |
| 5 | ਇਕੁਇਟੀ ਸ਼ੇਅਰ ਕੈਪੀਟਲ | 1465.27 | 1465.27 | 1465.27 | 1465.27 | 1465.27 |
| 6 | ਰਿਜ਼ਰਵਜ਼ (ਰੀਵੈਲੂਏਸ਼ਨ ਰਿਜ਼ਰਵ ਸ਼ਾਮਲ) ਜਿਵੇਂ ਕਿ ਪਿਛਲੇ 31-03-2022 ਨੂੰ ਖ਼ਤਮ ਹੋਏ ਸਾਲ ਦੀ ਪੜਤਾਲੀ ਬੈਲੇਂਸ ਸ਼ੀਟ 'ਚ ਦਰਸਾਇਆ ਗਿਆ। | | | | | 6690.15 |
| 7 | ਕਮਾਈ ਪ੍ਰਤੀ ਸ਼ੇਅਰ (ਹਰੇਕ-1 ਰੁਪਏ ਦੀ) ਬੇਸਿਕ | 0.12 | 0.09 | 0.22 | 0.21 | 0.43 |
| | ਡਿਲਿਊਟਿਡ | 0.12 | 0.09 | 0.22 | 0.21 | 0.43 |

ਟਿੱਪਣੀ : (i) ਉਪਰੋਕਤ ਸੇਬੀ (ਲਿਸਟਿੰਗ ਐਂਡ ਅਦਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜ ਕੋਲ ਦਾਖਲ ਤਿਮਾਹੀ/ਸਾਲਾਨਾ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮਟ ਦਾ ਇੱਕ ਸਾਰ ਹੈ। ਤਿਮਾਹੀ/ਸਾਲਾਨਾ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮਟ ਬੀ ਐੱਸ ਈ/ਐੱਨ ਐੱਸ ਈ ਵੈੱਬਸਾਈਟ www.bseindia.com ਅਤੇ www.nseindia.com ਅਤੇ ਕੰਪਨੀ ਦੀ ਵੈੱਬਸਾਈਟ www.bhandariexport.com 'ਤੇ ਉਪਲੱਬਧ ਹੈ। (ii) ਪਿਛਲੇ ਅੰਕੜੇ ਲੋੜ ਅਨੁਸਾਰ ਰੀਕਲਾਸੀਫਾਈਡ ਅਤੇ ਰੀਗਰੁੱਪਡ ਕੀਤੇ ਜਾ ਚੁੱਕੇ ਹਨ।

ਵਾਸਤੇ ਭੰਡਾਰੀ ਹੌਜ਼ਰੀ ਐਕਸਪੋਰਟਸ ਲਿਮਟਿਡ
ਸਹੀ/-
ਨਿਤਿਨ ਭੰਡਾਰੀ
ਮੈਨੇਜਿੰਗ ਡਾਇਰੈਕਟਰ
ਮਿਤੀ : 14.11.2022
ਸਥਾਨ : ਲੁਧਿਆਣਾ


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

CMYK

# ਮੁਸ਼ਕਲਾਂ ਦੇ ਮੱਦੇਨਜ਼ਰ ਮਜ਼ਦੂਰ ਜਥੇਬੰਦੀਆਂ ਨੇ ਡੀ ਸੀ ਨੂੰ ਦਿੱਤਾ ਮੰਗ ਪੱਤਰ

**ਪਠਾਨਕੋਟ (ਦਵਿੰਦਰ ਸਿੰਘ)**

ਮਜ਼ਦੂਰ ਜਥੇਬੰਦੀਆਂ ਸੀ. ਟੀ. ਯੂ. ਪੰਜਾਬ ਅਤੇ ਸੀਟੂ ਆਗੂਆਂ ਕਾਮਰੇਡ ਨੱਥਾ ਸਿੰਘ ਢਡਵਾਲ, ਕੇਵਲ ਕਾਲੀਆ, ਵਿਨੋਦ ਕੁਮਾਰ ਅਤੇ ਸ਼ਿਵ ਕੁਮਾਰ ਦੀ ਅਗਵਾਈ ਹੇਠ ਉਸਾਰੀ ਮਿਸਤਰੀਆਂ ਤੇ ਮਜ਼ਦੂਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੇ ਕੁਝ ਅਹਿਮ ਮੰਗਾਂ ਦਾ ਪੱਤਰ ਡਿਪਟੀ ਕਮਿਸ਼ਨਰ ਪਠਾਨਕੋਟ ਨੂੰ ਦਿੱਤਾ। ਪ੍ਰੈੱਸ ਬਿਆਨ ਵਿਚ ਆਗੂਆਂ ਨੇ ਦੱਸਿਆ ਕਿ ਕਾਰਪੋਰੇਸ਼ਨ ਅਧਿਕਾਰੀਆਂ ਵਲੋਂ ਨਜਾਇਜ਼ ਉਸਾਰੀ ਨੂੰ ਰੋਕੇ ਜਾਣ ਸਮੇਂ ਇਮਾਰਤ ਦੇ ਮਾਲਕ ਦੀ ਪੁੱਛ ਪੜਤਾਲ ਕਰਨ ਦੀ ਬਜਾਏ ਕੰਮ ’ਤੇ ਲੱਗੇ ਮਿਸਤਰੀਆਂ ਅਤੇ ਮਜ਼ਦੂਰਾਂ ਨਾਲ ਧੱਕੇਸ਼ਾਹੀ ਕੀਤੀ ਹੈ। ਇਥੋਂ ਤੱਕ ਕਿ ਮਜ਼ਦੂਰਾਂ/ਮਿਸਤਰੀਆਂ ਦੇ ਸੰਦ ਵੀ ਉਠਾ ਲਏ ਗਏ ਅਤੇ ਹਾਲੇ ਵਾਪਸ ਨਹੀਂ ਕੀਤੇ। ਜਥੇਬੰਦੀਆਂ ਵਲੋਂ ਡਿਪਟੀ ਕਮਿਸ਼ਨਰ ਪਠਾਨਕੋਟ ਨੂੰ ਦਿੱਤੇ ਮੰਗ ਪੱਤਰ ਇਕ ਇਕ ਕਾਪੀ ਮੁੱਖ ਮੰਤਰੀ ਪੰਜਾਬ ਸਰਕਾਰ, ਲੋਕਲ ਬਾਡੀਜ਼ ਮੰਤਰੀ ਪੰਜਾਬ ਸਰਕਾਰ ਅਤੇ ਮੁੱਖ ਸਕੱਤਰ ਮਾਈਨਿੰਗ ਵਿਭਾਗ ਪੰਜਾਬ ਨੂੰ ਭੇਜ ਦਿੱਤੀ ਹੈ। ਮੰਗ ਕੀਤੀ ਗਈ ਹੈ ਕਿ ਕੰਮ ਕਰਦੇ ਉਸਾਰੀ ਮਿਸਤਰੀ/ਮਜ਼ਦੂਰਾਂ ਨੂੰ ਤੰਗ ਪ੍ਰੇਸ਼ਾਨ



ਕਰਨਾ ਬੰਦ ਕੀਤਾ ਜਾਵੇ।, ਪਿਛਲੇ ਡੇਢ ਦੋ ਸਾਲ ਤੋਂ ਜ਼ਬਤ ਕੀਤੇ ਰੋਟੀ ਰੋਜ਼ੀ ਦੇ ਸੰਦ ਹਲਵਾਂਡੇ, ਕਹੀਆਂ, ਗੈਂਤੀਆਂ, ਲੋਹੇ ਦੇ ਫਰਮੇ, ਸਰੀਆ ਕੱਟਣ ਵਾਲੀਆਂ ਮਸ਼ੀਨਾਂ ਅਤੇ ਹੋਰ ਜ਼ਬਤ ਕੀਤਾ ਸਮਾਨ ਫੌਰੀ ਵਾਪਸ ਕਰਾਇਆ ਜਾਵੇ, ਉਸਾਰੀ ਮਿਸਤਰੀ/ਮਜ਼ਦੂਰਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਬੰਦ ਕੀਤਾ ਜਾਵੇ। ਜਿਹੜੀਆਂ ਵਪਾਰਕ ਤੇ ਰਹਾਇਸ਼ੀ ਇਮਾਰਤਾਂ ਦੇ ਨਕਸ਼ੇ ਤੇ ਮਨਜ਼ੂਰੀਆਂ ਲਈ ਬਿਨੈ ਪੱਤਰ ਟਰੱਸਟ ਅਤੇ ਕਾਰਪੋਰੇਸ਼ਨਾਂ ਨੂੰ ਦਿੱਤੇ ਗਏ ਹਨ ਉਨ੍ਹਾਂ ਦੀਆਂ ਮਨਜ਼ੂਰੀਆਂ ਤੁਰੰਤ ਦਿੱਤੀਆਂ ਜਾਣ ਅਤੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਇਹ ਵੀ ਮੰਗ ਕੀਤੀ ਕਿ ਰੇਤਾ ਬੱਜਰੀ ਦੀ ਜਾਇਜ਼ ਮਾਈਨਿੰਗ ਸ਼ੁਰੂ ਕਰਾ ਕੇ ਅਤੇ ਰੇਤਾ ਬੱਜਰੀ 900 ਰੁਪਏ ਪ੍ਰਤੀ ਸੈਂਕੜਾ ਕੀਮਤ ’ਤੇ ਦੇਣਾ ਯਕੀਨੀ ਬਣਾਇਆ ਜਾਵੇ ਤਾਂ ਕਿ ਉਸਾਰੀ ਦੇ ਕਾਰੋਬਾਰ ਨਾਲ ਜੁੜੇ ਤਮਾਮ ਲੋਕਾਂ ਨੂੰ ਕੰਮ ਮਿਲ ਸਕੇ। ਡਿਪਟੀ ਕਮਿਸ਼ਨਰ ਪਠਾਨਕੋਟ ਨੇ ਮਜ਼ਦੂਰਾਂ ਦੀ ਗੱਲਬਾਤ ਸੁਣਨ ਉਪਰੰਤ ਭਰੋਸਾ ਦਿਵਾਇਆ ਕਿ ਮਜ਼ਦੂਰਾਂ ਦੀਆਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸਤੀਸ਼ ਕੁਮਾਰ, ਸੁਰਿੰਦਰ ਕਲਸੀ, ਜਗਦੀਸ਼ ਰਾਜ, ਪੰਕਜ ਵਿਰਦੀ, ਯਾਦਵ ਪੇਂਟਰ, ਦਿਨੇਸ਼ ਕੁਮਾਰ, ਕਵਿ ਰਾਜ, ਰਾਜ ਘੋਹ, ਬਲਦੇਵ ਸਿੰਘ, ਸੁਨੀਲ ਕੁਮਾਰ, ਮਦਨ ਲਾਲ, ਬਿੱਟੂ ਠੇਕੇਦਾਰ, ਰਾਕੇਸ਼ ਕੁਮਾਰ, ਬਲਵਿੰਦਰ ਸਿੰਘ ਪੱਪਾ ਅਤੇ ਅਸ਼ਵਨੀ ਕੁਮਾਰ ਅਤੇ ਹੋਰ ਹਾਜ਼ਰ ਸਨ।

# ਖੜ੍ਹੇ ਵਾਹਨ ’ਚੋਂ 3 ਲੱਖ ਰੁਪਏ ਚੋਰੀ

**ਗੁਰਦਾਸਪੁਰ (ਜਨਕ ਮਹਾਜਨ)**-ਬੀਤੇ ਦਿਨ ਗੁਰਦਾਸਪੁਰ ਨਗਰ ਸਥਿਤ ਤਿੱਬੜੀ ਰੋਡ ’ਤੇ ਖੜ੍ਹੇ ਇਕ ਵਹੀਕਲ ਵਿਚੋਂ ਤਿੰਨ ਲੱਖ ਰੁਪਏ ਚੋਰੀ ਹੋਣ ਦੀ ਖਬਰ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਾਬਕਾ ਫੌਜੀ ਗੁਰਭੇਜ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਨਬੀਪੁਰ ਕਲੋਨੀ ਗੁਰਦਾਸਪੁਰ ਨੇ ਤਿੱਬੜੀ ਰੋਡ ’ਤੇ ਇਕ ਦੁਕਾਨਦਾਰ ਪਾਸੋਂ 20 ਲੱਖ ਰੁਪਏ ਦਾ ਚਲਦਾ ਟੈਂਪੂ ਟਰੈਵਲ ਦਾ ਸੌਦਾ ਕੀਤਾ ਸੀ ਜਿਸ ਲਈ ਉਹ ਬੈਂਕ ਵਿਚੋ ਤਿੰਨ ਲੱਖ ਰੁਪਏ ਕਢਵਾ ਕੇ ਦੁਕਾਨਦਾਰ ਨੂੰ ਦੇਣ ਲਈ ਆਇਆ। ਉਹ ਪੈਸੇ ਗੱਡੀ ਵਿਚ ਰੱਖ ਕੇ ਦੁਕਾਨ ਅੰਦਰ ਚਲਾ ਗਿਆ। ਜਦੋਂ ਵਾਪਸ ਆਇਆ ਤਾਂ ਵੇਖਿਆ ਕਿ ਉਸ ਦੀ ਗੱਡੀ ਦਾ ਸ਼ੀਸ਼ਾ ਤੋੜ ਕੇ ਕੋਈ ਅਣਪਛਾਤੇ ਵਿਅਕਤੀ ਤਿੰਨ ਲੱਖ ਰੁਪਏ ਵਾਲਾ ਲਿਫਾਫਾ ਲੈ ਕੇ ਫਰਾਰ ਹੋ ਚੁੱਕੇ ਸਨ। ਉਸ ਨੇ ਇਸ ਮਾਮਲੇ ਦੀ ਸੂਚਨਾ ਤੁਰੰਤ ਥਾਣਾ ਸਿਟੀ ਨੂੰ ਦੇ ਦਿੱਤੀ। ਥਾਣਾ ਸਿਟੀ ਪੁਲਸ ਨੇ ਮੁਕੱਦਮਾ ਨੰਬਰ 226 ਜੁਰਮ 380, 427 ਤਹਿਤ ਮਾਮਲਾ ਦਰਜ ਕਰਕੇ ਦੁਕਾਨ ਨੇੜੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵੇਖ ਕੇ ਦੋਸ਼ੀਆਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

# ਸਰਕਾਰੀ ਮਕਾਨਾਂ ’ਚ ਰਹਿੰਦੇ ਮੁਲਾਜ਼ਮਾਂ ਤੋਂ ਯੂ ਟੀ ਪੈਟਰਨ ’ਤੇ ਯਕਮੁਸ਼ਤ ਕਟੌਤੀ ਕੀਤੀ ਜਾਵੇ : ਪ ਸ ਸ ਫ

**ਚੰਡੀਗੜ੍ਹ, (ਨਵਾਂ ਜ਼ਮਾਨਾ ਸਰਵਿਸ)**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22-ਬੀ ਚੰਡੀਗੜ੍ਹ ਦੇ ਸੂਬਾ ਚੇਅਰਮੈਨ ਰਣਬੀਰ ਸਿੰਘ ਢਿੱਲੋਂ,ਪ੍ਰਧਾਨ ਰਣਜੀਤ ਸਿੰਘ ਰਾਣਵਾਂ,ਜਨਰਲ ਸਕੱਤਰ ਸੁਰਿੰਦਰ ਪੁਆਰੀ, ਐਡੀਸ਼ਨਲ ਜਨਰਲ ਸਕੱਤਰ ਕਰਤਾਰ ਸਿੰਘ ਪਾਲ ਅਤੇ ਪ੍ਰੇਮ ਚਾਵਲਾ ਮੀਤ ਪ੍ਰਧਾਨ ਚੰਦਨ ਸਿੰਘ (ਖੇਡ ਵਿਭਾਗ) ਰਮਨ ਸ਼ਰਮਾ ਚੰਡੀਗੜ੍ਹ ਨੇ ਦੱਸਿਆ ਕਿ ਪੰਜਾਬ ਸਿਵਲ ਸਕੱਤਰੇਤ ਅਤੇ ਰਾਜ ਸਰਕਾਰ ਦੇ ਚੰਡੀਗੜ੍ਹ ਸਥਿਤ ਵੱਖ ਵੱਖ ਦਫਤਰਾਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਚੰਡੀਗੜ੍ਹ ਵਿਖੇ ਦੋ ਤਰ੍ਹਾਂ ਦੀ ਰਿਹਾਇਸ਼ ਦਿੱਤੀ ਜਾ ਰਹੀ ਹੈ,ਜੋ ਕਿ ਯੂ ਟੀ ਪੂਲ ਦੇ ਸਰਕਾਰੀ ਮਕਾਨ ਅਤੇ ਪੰਜਾਬ ਪੂਲ ਦੇ ਸਰਕਾਰੀ ਮਕਾਨ। ਪੰਜਾਬ ਸਰਕਾਰ ਦੇ ਜਿੰਨਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਯੂ.ਟੀ ਪੂਲ ਦੇ ਸਰਕਾਰੀ ਮਕਾਨ ਅਲਾਟ ਹੁੰਦੇ ਹਨ,ਉਹਨਾਂ ਤੋਂ ਯਕ-ਮੁਸਤ ਲਾਇਸੈਂਸ ਫੀਸ ਕੈਟਾਗਿਰੀ ਮਕਾਨ-1 ਦੀ 100 ਰੁਪਏ ਕੈਟਾਗਿਰੀ ਮਕਾਨ-2 ਦੀ 150 ਰੁਪਏ ਮਹੀਨਾਂ,ਕੈਟਾਗਿਰੀ ਮਕਾਨ-3 ਦੀ 170 ਰੁਪਏ ਮਹੀਨਾਂ,ਕੈਟਾਗਿਰੀ ਮਕਾਨ-4 ਦੀ 200 ਰੁਪਏ ਮਹੀਨਾਂ ਵਸੂਲ ਕੀਤੀ ਜਾਂਦੀ ਹੈ,ਜਦੋਂ ਕਿ ਪੰਜਾਬ ਪੂਲ ਦੇ ਸਰਕਾਰੀ ਮਕਾਨ ਜੋ ਚੰਡੀਗੜ੍ਹ ਵਿਖੇ ਹੀ ਸਥਿਤ ਹੋਣ ਦੇ ਬਾਵਜੂਦ ਇਹਨਾਂ ਮਕਾਨਾਂ ਵਿੱਚ ਰਹਿ ਰਹੇ ਅਧਿਕਾਰੀਆਂ/ਕਰਮਚਾਰੀਆਂ ਤੋਂ ਲਾਇਸੈਂਸ ਫੀਸ ਬੇਸਿਕ ਪੇਅ ਦਾ 5 ਪ੍ਰਤੀਸ਼ਤ ਹਿਸਾਬ ਨਾਲ ਵਸੂਲੀ ਕੀਤੀ ਜਾ ਰਹੀ ਹੈ ਜੋ ਕਿ ਬਹੁਤ ਵੱਡਾ ਅਨਿਆਂ ਹੈ। ਆਗੂਆਂ ਨੇ ਕਿਹਾ ਕਿ ਯੂ.ਟੀ ਪੂਲ ਦੇ ਮਕਾਨਾਂ ਦੇ ਮੁਕਾਬਲੇ ਪੰਜਾਬ ਪੂਲ ਦੇ ਮਕਾਨਾਂ ਦੀ ਲਾਇਸੈਂਸ ਫੀਸ ਵਿੱਚ 30-40 ਗੁਣਾਂ (ਔਸਤਨ) ਦਾ ਫਰਕ ਹੈ। ਆਗੂਆਂ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਤੇ ਛੇਵੇਂ ਵੇਤਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਣ ਨਾਲ ਰੀਵਾਈਜ਼ ਬੇਸਿਕ ਤਨਖਾਹਾਂ ਦੀ 5% ਕਟੌਤੀ ਨਾਲ ਲਾਇਸੈਂਸ ਫੀਸ 3500 ਤੋਂ 4000 ਰੁਪਏ ਮਹੀਨਾਂ (ਔਸਤਨ) ਕਟੌਤੀ ਹੋ ਗਈ ਹੈ ਜੋ ਪੰਜਾਬ ਪੂਲ ਦੇ ਮਕਾਨਾਂ ਵਿੱਚ ਰਹਿ ਰਹੇ ਪੰਜਾਬ ਦੇ ਮੁਲਾਜਮਾਂ ਨਾਲ ਘੋਰ ਅਨਿਆਂ ਹੈ। ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਖਜ਼ਾਨਾਂ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਲਿਖੇ ਪੱਤਰ ਰਾਹੀਂ ਮੰਗ ਕੀਤੀ ਹੈ ਕਿ ਪੰਜਾਬ ਪੂਲ ਦੇ ਚੰਡੀਗੜ੍ਹ ਸਥਿਤ ਮਕਾਨਾਂ ਵਿੱਚ ਰਹਿ ਰਹੇ ਪੰਜਾਬ ਸਰਕਾਰ ਦੇ ਅਧਿਕਾਰੀਆਂ/ਕਰਮਚਾਰੀਆਂ ਤੋਂ ਬੇਸਿਕ ਪੇਅ ਦਾ 5% ਲਾਇਸੈਂਸ ਫੀਸ ਦੀ ਕਟੌਤੀ ਤੁਰੰਤ ਬੰਦ ਕਰਕੇ ਚੰਡੀਗੜ੍ਹ ਪੂਲ ਦੇ ਮਕਾਨਾਂ ਵਿੱਚ ਰਹਿ ਰਹੇ ਪੰਜਾਬ ਦੇ ਮੁਲਾਜਮਾਂ ਦੇ ਪੈਟਰਨ ਤੇ ਹੀ ਯਕਮੁਸ਼ਤ ਲਾਇਸੈਂਸ ਫੀਸ ਦੀ ਕਟੌਤੀ ਸ਼ੁਰੂ ਕੀਤੀ ਜਾਵੇ,ਕਿਉਂਕਿ ਕਿ ਚੰਡੀਗੜ੍ਹ ਸਥਿਤ ਯੂ ਟੀ ਪੂਲ ਮਕਾਨਾਂ ਦੇ ਮੁਕਾਬਲੇ ਪੰਜਾਬ ਪੂਲ ਦੇ ਮਕਾਨਾਂ ਦੀ ਸਿਵਲ ਸਕੱਤਰੇਤ/ਮੁੱਖ ਦਫਤਰਾਂ ਤੋਂ ਦੂਰੀ ਵੀ ਜਿਆਦਾ ਹੈ ਅਤੇ ਮੈਂਟੀਨੈਂਸ ਵੀ ਸਮੇਂ ਸਿਰ ਨਹੀਂ ਹੁੰਦੀ। ਗੁਆਂਢੀ ਸੂਬਾ ਹਰਿਆਣਾ ਵੀ ਅਪਣੇ ਮੁਲਾਜਮਾਂ ਤੋਂ ਲਾਇਸੈਂਸ ਫੀਸ ਯਕਮੁਸ਼ਤ ਮਕਾਨ ਕੈਟਾਗਿਰੀ-1 ਤੋਂ 200 ਰੁਪਏ ਮਹੀਨਾ,ਮਕਾਨ ਕੈਟਾਗਿਰੀ-2 ਤੋਂ 300 ਰੁਪਏ ਮਹੀਨਾ,ਮਕਾਨ ਕੈਟਾਗਿਰੀ-3 ਤੋਂ 400 ਰੁਪਏ ਮਹੀਨਾ ਅਤੇ ਮਕਾਨ ਕੈਟਾਗਿਰੀ-4 ਤੋਂ 500 ਰੁਪਏ ਮਹੀਨਾਂ ਵਸੂਲੀ ਹੈ ਕਰ ਰਿਹਾ ਹੈ।

# 27 ਤੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ’ਚ ਕੀਤਾ ਜਾਵੇਗਾ ਜਥਾ ਮਾਰਚ : ਦਾਊਦ

**ਜਲੰਧਰ (ਕੇਸਰ)**

ਦਿਹਾਤੀ ਮਜਦੂਰ ਸਭਾ ਪੰਜਾਬ ਦੀ ਸੂਬਾਈ ਵਰਕਿੰਗ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਸਾਥੀ ਦਰਸ਼ਨ ਨਾਹਰ ਦੀ ਪ੍ਰਧਾਨਗੀ ਹੇਠ ਜਲੰਧਰ ਵਿਖੇ ਹੋਈ। ਜਨਰਲ ਸਕੱਤਰ ਸਾਥੀ ਗੁਰਨਾਮ ਸਿੰਘ ਦਾਊਦ ਨੇ ਮਜਦੂਰਾਂ ਦੀ ਤਰਸਯੋਗ ਅਵਸਥਾ ਅਤੇ ਸਰਕਾਰਾਂ ਦੀ ਦੋਖੀ ਭੂਮਿਕਾ ਬਾਰੇ ਰੀਪੋਰਟ ਪੇਸ਼ ਕਰਦਿਆਂ ਪਿਛਲੀਆਂ ਸਰਗਰਮੀਆਂ ਦਾ ਲੇਖਾ-ਜੋਖਾ ਅਤੇ ਭਵਿੱਖ ਦੇ ਐਕਸ਼ਨਾਂ ਦਾ ਖਾਕਾ ਪੇਸ਼ ਕੀਤਾ। ਸੂਬਾਈ ਪ੍ਰੈੱਸ ਸਕੱਤਰ ਸਾਥੀ ਬਲਦੇਵ ਸਿੰਘ ਨੂਰਪੁਰੀ ਨੇ ਦੱਸਿਆ ਕਿ ਸਭਾ ਵਲੋਂ 27 ਨਵੰਬਰ ਤੋਂ 6 ਦਸੰਬਰ ਤੱਕ ਬੇਜਮੀਨੇ-ਸਾਧਨਹੀਨ ਪੇਂਡੂ ਕਿਰਤੀਆਂ ਨੂੰ ਚੇਤੰਨ ਅਤੇ ਜੱਥੇਬੰਦ ਹੋਕੇ ਬੇਰੁਜ਼ਗਾਰੀ ਦੇ ਖਾਤਮੇ ਅਤੇ ਮਹਿੰਗਾਈ ’ਤੇ ਕਾਬੂ ਪਾਉਣ ਲਈ ਘੋਲ ਵਿੱਢਣ ਦਾ ਹੋਕਾ ਦੇਣ ਹਿਤ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਜੱਥਾ ਮਾਰਚ ਕੀਤਾ ਜਾਵੇਗਾ। ਆਰਥਿਕ ਲੁੱਟ ਅਤੇ ਸਮਾਜਿਕ ਜਬਰ ਤੋਂ ਮੁਕਤੀ ਦੇ ਸੰਗਰਾਮ ਤਿੱਖੇ ਤੋਂ ਤਿਖੇਰੇ ਕਰਨ ਦੇ ਉਦੇਸ਼ ਤਹਿਤ ਤੁਰਿਆ ਇਹ ਜੱਥਾ ਮਾਰਚ, ਜੱਥੇਬੰਦੀ ਦੇ ਸਥਾਪਨਾ ਸਥਲ ਖਾਨਖਾਨਾ ਤੋਂ ਸ਼ੁਰੂ ਹੋਕੇ ਦੇਸ਼ ਦੀ ਏਕਤਾ-ਅਖੰਡਤਾ ਦੀ ਰਾਖੀ ਲਈ ਜਾਨ ਕੁਰਬਾਨ ਕਰਨ ਵਾਲੇ ਸ਼ਹੀਦ ਦੇਸ ਰਾਜ ਸਹੋਤਾ ਦੇ ਪਿੰਡ ਮਾਹੂੰਵਾਲ ਵਿਖੇ ਪੁੱਜ ਕੇ ਸੰਪੰਨ ਹੋਵੇਗਾ। ਮੀਟਿੰਗ ਵੱਲੋਂ ਨਿਰਣਾ ਕੀਤਾ ਗਿਆ ਕਿ ਉਕਤ ਮੰਗਾਂ ਤੋਂ ਇਲਾਵਾ ਕਰਜਾ ਮੁਕਤੀ, ਮਿਆਰੀ ਸਿੱਖਿਆ, ਸਿਹਤ ਸੇਵਾਵਾਂ ਅਤੇ ਘੱਟੋ-ਘੱਟ 5 ਹਜਾਰ ਰੁਪਏ ਪ੍ਰਤੀ ਮਹੀਨਾ ਸਮਾਜਿਕ ਸੁਰੱਖਿਆ ਪੈਨਸ਼ਨਾਂ ਦੀ ਪ੍ਰਾਪਤੀ ਲਈ, ਨਿੱਤ ਵਰਤੋਂ ਦੀਆਂ ਚੀਜਾਂ ਅਤਿ ਨਿਗੂਣੇ ਭਾਅ ’ਤੇ ਦਿੱਤੇ ਜਾਣ ਦੀ ਗਰੰਟੀ ਕਰਦੀ ਸਰਵ ਪੱਖੀ ਜਨਤਕ ਵੰਡ ਪ੍ਰਣਾਲੀ ਦੀ ਕਾਇਮੀ ਲਈ ਦਸੰਬਰ ਮਹੀਨੇ ’ਚ ਮਾਝਾ, ਮਾਲਵਾ ਅਤੇ ਦੋਆਬਾ ਖੇਤਰਾਂ ਵਿੱਚ ਵਿਸ਼ਾਲ ਜੋਨ ਪੱਧਰੀ ‘ਮਜਦੂਰ ਅਧਿਕਾਰ ਰੈਲੀਆਂ’ ਕੀਤੀਆਂ ਜਾਣਗੀਆਂ। ਆਰੰਭ ਵਿਚ ਸਾਥੀ ਚੰਦ ਸਿੰਘ ਹਰੀ ਨੌਂ ਅਤੇ ਦਾਊਦ ਪਿੰਡ ਦੇ ਸਰਪੰਚ ਨਰਿੰਦਰ ਸਿੰਘ ਦੇ ਭਰ ਜਵਾਨ ਬੇਟਾ-ਬੇਟੀ ਦੇ ਵਿਛੋੜੇ ’ਤੇ ਡੂੰਘਾ ਦੁੱਖ ਪ੍ਰਗਟਾਇਆ ਗਿਆ।

# ਜਥੇਬੰਦਕ ਵਫਦ ਨੇ ਸਹਾਇਕ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਸੌਂਪਿਆ ਮੰਗ ਪੱਤਰ

**ਮਜੀਠਾ (ਮਨਮੋਹਨ ਸਿੰਘ ਢਿੱਲੋਂ)**

ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਬਚਿੱਤਰ ਸਿੰਘ ਧਾਲੀਵਾਲ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜਥੇਬੰਦੀ ਦੇ ਚੇਅਰਮੈਨ ਬਲਕਾਰ ਸਿੰਘ ਸਫਰੀ, ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸਲਾਹਕਾਰ ਮਨਜੀਤ ਸਿੰਘ ਵੇਰਕਾ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਇਕਾਈ ਅੰਮ੍ਰਿਤਸਰ ਦੇ ਅਹੁਦੇਦਾਰਾਂ ਸਮੇਤ ਵਰਕਰਾਂ ਦੀ ਇਕ ਜ਼ਰੂਰੀ ਮੀਟਿੰਗ ਜ਼ਿਲ੍ਹਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ-ਗਿਣਤੀਆਂ ਵਿਭਾਗ ਦੇ ਅਧਿਕਾਰੀ ਪਲਵ ਸ੍ਰੇਸ਼ਟਾ ਨਾਲ ਉਨ੍ਹਾਂ ਦੇ ਦਫਤਰ ਮਿੰਨੀ ਸਕੱਤਰੇਤ ਤਰਨਤਾਰਨ ਵਿਖੇ ਹੋਈ ਜਿਸ ਵਿਚ ਐੱਚ. ਟੀ. /ਸੀ. ਐੱਚ. ਟੀ. ਤਰੱਕੀਆਂ ਕਰਨ ਸੰਬੰਧੀ ਅਤੇ ਭਰਤੀ ਰੋਸਟਰ ਰਜਿਸਟਰ ਨਿਯਮਾਂ ਮੁਤਾਬਕ ਲਾਗੂ ਕਰਵਾਉਣ ਅਤੇ ਸਮੇਂ-ਸਮੇਂ ਕੀਤੀਆਂ ਗਈਆਂ ਐੱਚ. ਟੀ./ਸੀ. ਐੱਚ. ਟੀ. ਦੀਆਂ ਪਦ-ਉੱਨਤੀਆਂਦੀ ਮੁੜ ਘੋਖ ਕਰਨ ਬਾਰੇ, ਰੋਸਟਰ ਰਜਿਃ (ਭਰਤੀ) ਵੈਰੀਫਾਈ ਕਰਨ ਅਤੇ ਹੋਰ ਅਨੇਕਾਂ ਸਮਾਜਿਕ, ਗੈਰ-ਸਮਾਜਕ ਮੁੱਦਿਆਂ ਸਬੰਧੀ ਭਰਪੂਰ ਵਿਚਾਰ-ਵਟਾਂਦਰਾ ਕੀਤਾ ਗਿਆ ਜਿਸ ’ਤੇ ਜ਼ਿਲਾ ਸਮਾਜਿਕ ਨਿਆਂ, ਅਧਿਕਾਰਤਾ ਅਫਸਰ ਪਲਵ ਸ੍ਰੇਸ਼ਟਾ ਨੇ ਉਕਤ ਮਾਮਲਿਆਂ ਸਬੰਧੀ ਮੌਕੇ ’ਤੇ ਹੀ ਡਿਪਟੀ ਡੀ. ਈ. ਓ. ਪਰਮਜੀਤ ਸਿੰਘ ਅਤੇ ਸੀਨੀਃ ਸਹਾਇਕ ਗੀਨਾ ਨੂੰ ਫੌਰੀ ਉਕਤ ਰਿਕਾਰਡ ਪੇਸ਼ ਕਰਨ ਬਾਬਤ ਹਦਾਇਤਾਂ ਜਾਰੀ ਕੀਤੀਆਂ। ਮੀਟਿੰਗ ਦੌਰਾਨ ਪਲਵ ਸ੍ਰੇਸ਼ਟਾ ਨੇ ਜਥੇਬੰਦਕ ਵਫਦ ਨੂੰ ਸੰਬੰਧਤ ਮਸਲਿਆਂ ਦਾ ਫੌਰੀ ਹੱਲ ਕਰਨ ਦਾ ਭਰੋਸਾ ਦਿਵਾਇਆ। ਇਸ ਉਪਰੰਤ ਜਥੇਬੰਦਕ ਵਫਦ ਨੇ ਜ਼ਿਲ੍ਹੇ ਦੇ ਡਿਪਟੀ ਸਹਾਇਕ ਕਮਿਸ਼ਨਰ ਪੁਨੀਤ ਸ਼ਰਮਾ ਤਰਨਤਾਰਨ ਨੂੰ ਪੰਜਾਬ ਦੇ ਵੱਖ-ਵੱਖ ਵਰਗਾਂ, ਮੁਲਾਜ਼ਮਾਂ, ਮਜ਼ਦੂਰਾਂ ਆਦਿ ਦੀਆਂ ਚਿਰਾਂ ਤੋਂ ਲੰਬਿਤ ਅਵਸਥਾ ’ਚ ਮੰਗਾਂ



ਦਾ ਹੱਲ ਕਰਨ ਸਬੰਧੀ ਸਰਕਾਰ ਦੇ ਨਾਮ ਇਕ ਮੰਗ ਪੱਤਰ ਸੌਂਪਿਆ ਜਿਸ ਵਿੱਚ ਸੰਵਿਧਾਨ ਦੀ 85ਵੀਂ ਸੋਧ ਨੂੰ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ, ਯੂਨੀਵਰਸਿਟੀਆਂ, ਅਰਧ-ਸਰਕਾਰੀ ਅਦਾਰਿਆਂ ’ਚ ਪੂਰਨ ਰੂਪ ’ਚ ਲਾਗੂ ਕਰਕੇ ਹਰੇਕ ਕੈਟਾਗਿਰੀ (ਸ਼੍ਰੇਣੀ) ਦੇ ਕਰਮਚਾਰੀਆਂ ਦੀਆਂ ਪਦਉੱਨਤੀਆਂ ਕਰਨ, ਸਰਕਾਰ ਦੇ ਸਮੂਹ ਅਦਾਰਿਆਂ ਵਿੱਚ ਰੋਸਟਰ ਰਜਿਃ ਲਾਗੂ ਕੀਤੇ ਜਾਣ ਅਤੇ ਸੰਵਿਧਾਨਕ ਰਾਖਵੇਂਕਰਨ ਦੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ, ਅਨੁਸੂਚਿਤ ਜਾਤੀਆਂ ਦਾ ਜਾਅਲੀ ਸਰਟੀਫਿਕੇਟ ਬਣਾਕੇ ਅਨੁਸੂਚਿਤ ਜਾਤੀਆਂ ਦੇ ਗ਼ਰੀਬ ਅਤੇ ਸਹੀ ਹੱਕਦਾਰਾਂ ਦਾ ਅਧਿਕਾਰ ਖੋਹ ਰਹੇ ਮਾਸਟਰ ਕੇਡਰ ਅਧਿਆਪਕ ਭਰਤੀ ’ਚ ਲਗਭਗ 46 ਜਾਅਲੀ ਉਮੀਦਵਾਰਾਂ ਸਮੇਤ ਰਿਕਰੂਟਮੈਂਟ ਕਮੇਟੀ ਵਿਰੁੱਧ ਸਖ਼ਤ ਕਾਰਵਾਈ ਕਰਨ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਰਾਖਵਾਂਕਰਨ ਐਕਟ 2006 ਅਨੁਸਾਰ ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਦੇ ਕੁੱਲ 25% ਰਾਖਵੇਂਕਰਨ ਵਿੱਚੋਂ ਪੰਜਾਬ ਦੇ ਮਜ਼ਬੀ ਸਿੱਖ/ਬਾਲਮੀਕੀ ਜਾਤਾਂ ਦੇ ਉਮੀਦਵਾਰਾਂ ਨੂੰ ਨੌਕਰੀਆਂ ਵਿੱਚ ਭਰਤੀ ਸਮੇਂ ਮਿਲਦੇ ਰਾਖਵਾਂਕਰਨ ਵਿੱਚੋਂ ਵਿਮੁਕਤ ਜਾਤੀਆਂ ਨੂੰ 2% ਕੋਟਾ ਨਾ ਦੇਣ ਸਬੰਧੀ ਮਾਨਯੋਗ, ਮੁੱਖ ਮੰਤਰੀ ਪੰਜਾਬ ਸਰਕਾਰ ਅਤੇ ਪ੍ਰਮੁੱਖ ਸਕੱਤਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ-ਗਿਣਤੀਆਂ ਵਿਭਾਗ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ। ਇਸ ਮੌਕੇ ਸਮਾਜਿਕ ਨਿਆਂ, ਅਧਿਕਾਰਤਾ ਵੈੱਲਫੇਅਰ ਐਸੋਸੀਏਸ਼ਨ ਦੇ ਸੂਬਾ ਪ੍ਰੈੱਸ ਸਕੱਤਰ ਹਰਵਿੰਦਰ ਸਿੰਘ ਰਾਣਾ (ਖੁਸ਼ੀਪੁਰ) ਜ਼ਿਲ੍ਹਾ ਪ੍ਰਧਾਨ ਸਤਵਿੰਦਰ ਸਿੰਘ ਸਰਕਾਰੀਆ, ਮੁੱਖ ਸਲਾਹਕਾਰ ਸੀ. ਐੱਚ. ਟੀ. ਹਰਮਨਦੀਪ ਸਿੰਘ ਛੀਨਾ, ਸੂਬਾ ਕਾਰਜਕਾਰੀ ਕਮੇਟੀ ਮੈਂਬਰ ਸਰਪੰਚ ਜਸਵੰਤ ਸਿੰਘ ਲੁੱਧੜ, ਮੀਤ ਪ੍ਰਧਾਨ ਮਾਸਟਰ ਮਨਜੀਤ ਸਿੰਘ ਸੋਹੀਆਂ ਖੁਰਦ, ਜ਼ਿਲ੍ਹਾ ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸ਼ਰਨਜੀਤ ਸਿੰਘ ਸੋਹੀਆਂ ਖੁਰਦ, ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਮਿਗਲਾਨੀ ਤਰਨਤਾਰਨ, ਜਨਰਲ ਸਕੱਤਰ ਕਸ਼ਮੀਰ ਸਿੰਘ ਲਾਇਲਪੁਰੀ ਅਤੇ ਪ੍ਰੇਮ ਕੁਮਾਰ ਵੇਰਕਾ ਆਦਿ ਅਹੁਦੇਦਾਰ ਵੀ ਹਾਜ਼ਰ ਸਨ।

# ਬਿਲਡਿੰਗ ਇੰਸਪੈਕਟਰ (ਤਕਨੀਕੀ) ਨਗਰ ਨਿਗਮ ਪਠਾਨਕੋਟ ਮੁਅੱਤਲ

**ਪਠਾਨਕੋਟ (ਦਵਿੰਦਰ ਸਿੰਘ)**-ਸਿਟੀ ਪਠਾਨਕੋਟ ਅੰਦਰ ਪਿਛਲੇ ਦਿਨਾਂ ਤੋਂ ਨਜਾਇਜ਼ ਕਬਜ਼ਿਆਂ ਨੂੰ ਲੈ ਕੇ ਕੀਤੀ ਜਾ ਰਹੀ ਕਾਰਵਾਈ ਆਧੀਨ ਨਗਰ ਨਿਗਮ ਪਠਾਨਕੋਟ ਦੇ ਬਿਲਡਿੰਗ ਇੰਸਪੈਕਟਰ ਨੂੰ ਉਨ੍ਹਾਂ ਦੀ ਕਾਰਜ ਪ੍ਰਣਾਲੀ ਨੂੰ ਵੇਖਦਿਆਂ ਉਨ੍ਹਾਂ ਦੀਆਂ ਸੇਵਾਵਾਂ ਤੋਂ ਸਸਪੈਂਡ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨਾਂ ਦੌਰਾਨ ਨਜਾਇਜ਼ ਕਬਜ਼ਿਆਂ ਸਬੰਧੀ ਕੀਤੀ ਕਾਰਵਾਈ ਨੂੰ ਲੈ ਕੇ ਕਮਿਸ਼ਨਰ ਨਗਰ ਨਿਗਮ ਪਠਾਨਕੋਟ ਵੱਲੋਂ ਉਪਰੋਕਤ ਅਧਿਕਾਰੀ ਕੋਲੋਂ ਕੁਝ ਕਾਰਜਾਂ ਨੂੰ ਵਾਪਸ ਲਿਆ ਗਿਆ ਸੀ। ਇਨ੍ਹਾਂ ਕਾਰਜਾਂ ਦੀ ਲਗਾਤਾਰਤਾ ਵਿੱਚ ਅੱਜ ਕਾਰਵਾਈ ਕਰਦਿਆਂ ਹੋਇਆਂ ਪੰਜਾਬ ਸਰਕਾਰ ਵੱਲੋਂ ਉਸ ਨੂੰ ਸਸਪੈਂਡ ਕੀਤਾ ਗਿਆ ਹੈ। ਵਿਵੇਕ ਪ੍ਰਤਾਪ ਸਿੰਘ ਆਈ. ਏ. ਐੱਸ. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਸਥਾਨਕ ਸਰਕਾਰ, ਪੰਜਾਬ ਦੇ ਆਦੇਸ਼ਾਂ ਅਨੁਸਾਰ ਹਰਪ੍ਰੀਤ ਕੌਰ ਬਿਲਡਿੰਗ ਇੰਸਪੈਕਟਰ (ਤਕਨੀਕੀ) ਨਗਰ ਨਿਗਮ ਪਠਾਨਕੋਟ ਨੂੰ ਤੁਰੰਤ ਪ੍ਰਭਾਵ ਡਿਊਟੀ ਤੋਂ ਮੁਅੱਤਲ ਕੀਤਾ ਗਿਆ ਹੈ। ਕਰਮਚਾਰਨ ਦਾ ਮੁਅੱਤਲੀ ਸਮੇਂ ਦੌਰਾਨ ਹੈੱਡਕੁਆਰਟਰ ਨਗਰ ਨਿਗਮ, ਬਟਾਲਾ ਵਿਖੇ ਹੋਵੇਗਾ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਦਿੱਤੇ ਹੁਕਮਾਂ ਅਨੁਸਾਰ ਇਸ ਕਰਮਚਾਰਨ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਾਲੀ 1970 ਦੇ ਨਿਯਮ 8 ਅਧੀਨ ਚਾਰਜਸ਼ੀਟ ਬਾਅਦ ਵਿਚ ਜਾਰੀ ਕੀਤੀ ਜਾਵੇਗੀ। ਮੁਅੱਤਲੀ ਦੌਰਾਨ ਕਰਮਚਾਰਨ ਨੂੰ ਗੁਜ਼ਾਰਾ ਭੱਤਾ ਰੂਲਾਂ/ਹਦਾਇਤਾਂ ਅਨੁਸਾਰ ਨਗਰ ਨਿਗਮ, ਬਟਾਲਾ ਤੋਂ ਮਿਲਣਯੋਗ ਹੋਵੇਗਾ।

# ਰੋਟਰੀ ਕਲੱਬ ਮੇਨ ਦਾ ਵੋਕੇਸ਼ਨਲ ਐਵਾਰਡ ਤੇ ਗਵਨਰ ਵਿਜ਼ਿਟ ਸਮਾਗਮ ਧੂਮਧਾਮ ਨਾਲ ਸੰਪੰਨ

**ਅੰਮ੍ਰਿਤਸਰ (ਅਰੋੜਾ)**

ਰੋਟਰੀ ਇੰਟਰਨੈਸ਼ਨਲ ਵੱਲੋਂ ਨਿਰਧਾਰਿਤ ਨਿਯਮਾਂ ਦੇ ਅਨੁਸਾਰ ਰੋਟਰੀ ਕਲੱਬ ਅੰਮ੍ਰਿਤਸਰ ਮੇਨ ਵੱਲੋਂ ਕਲੱਬ ਦੇ ਪ੍ਰਧਾਨ ਸੀ. ਏ. ਵਿਕਾਸ ਕੁਮਾਰ, ਸਕੱਤਰ ਮੋਹਿੰਦਰ ਪਾਲ ਅਤੇ ਪ੍ਰੋਜੈਕਟ ਚੇਅਰਮੈਨ ਸੁਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਰੋਟਰੀ ਮੇਨ ਦਾ ਵੋਕੇਸ਼ਨਲ ਐਵਾਰਡ ਅਤੇ ਗਵਰਨਰ ਵਿਜ਼ਿਟ ਸਮਾਗਮ ਰਾਮ ਬਾਗ ਸਥਿਤ ਅੰਮ੍ਰਿਤਸਰ ਕਲੱਬ ਵਿਖੇ ਧੂਮਧਾਮ ਨਾਲ ਸੰਪੰਨ ਹੋਇਆ। ਸਮਾਗਮ ਵਿਖੇ ਰੋਟਰੀ ਡਿਸਟ੍ਰਿਕ 3070 ਦੇ ਗਵਰਨਰ ਦੁਸ਼ਯੰਤ ਚੌਧਰੀ ਮੁੱਖ ਮਹਿਮਾਨ ਅਤੇ ਸਾਬਕਾ ਗਵਰਨਰ ਸੀ. ਏ. ਦਵਿੰਦਰ ਸਿੰਘ, ਸਹਾਇਕ ਗਵਰਨਰ ਡਾ. ਰਮਨ ਗੁਪਤਾ ਖਾਸ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਆਪਣੇ ਨਿੱਜੀ ਕੰਮਾਂ ਦੇ ਨਾਲ ਨਾਲ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਆਪਣਾ ਸ਼ਲਾਘਾਯੋਗ ਯੋਗਦਾਨ ਦੇਣ ਵਾਲੀਆਂ 4 ਹਸਤੀਆਂ ਨੂੰ ਖਾਸ ਤੌਰ ’ਤੇ ਰੋਟਰੀ ਐਵਾਰਡ ਦੇ ਕੇ ਸਨਮਾਨਿਤ ਕੀਤਾ। ਸਨਮਾਨ ਪ੍ਰਾਪਤ ਕਰਨੇ ਵਾਲਿਆਂ ਵਿੱਚ ਕਿਸੇ ਦੀ ਜਾਨ ਬਚਾਉਂਦੇ ਬਚਾਉਂਦੇ ਆਪਣੀਆਂ ਦੋਵੇਂ ਲੱਤਾਂ ਗਵਾ ਚੁੱਕੀ ਡਾ. ਅਨੁਪਮਾ ਗੁਪਤਾ, ਪੁਲਸ ਵਿਭਾਗ ਵਿੱਚ ਆਪਣੀ ਨੌਕਰੀ ਦੇ ਦੌਰਾਨ ਬੇਹੱਦ ਸ਼ਲਾਘਾਯੋਗ ਕੰਮ ਕਰਨ ਵਾਲੇ ਏ. ਐੱਸ. ਆਈ. ਦਲਜੀਤ ਸਿੰਘ, ਮੁਫਤ ਫਿਜ਼ੀਓਥਰੈਪੀ ਰਾਹੀਂ ਕਈ ਨਾਗਰਿਕਾਂ ਨੂੰ ਅਪੰਗ ਹੋਣ ਤੋਂ ਬਚਾਉਣ ਵਾਲੀ ਦਿਵਯ ਮਹਿਰਾ ਅਤੇ ਇੰਜੀ. ਮਨਜੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਡਾਕਟਰ ਦੁਸ਼ਯੰਤ ਚੌਧਰੀ ਨੇ ਸਾਰੇ ਐਵਾਰਡੀਆਂ ਨੂੰ ਮੁਬਾਰਕਬਾਦ ਦਿੱਤੀ। ਗਵਰਨਰ ਨੇ ਰੋਟਰੀ ਕਲੱਬ ਵਿੱਚ ਦੇਸ਼ ਅਤੇ ਸਮਾਜ ਭਲਾਈ ਦੇ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸਦੇ ਲਈ ਉਨ੍ਹਾਂ ਨੇ ਰੋਟਰੀ ਪ੍ਰਧਾਨ ਸੀ. ਏ. ਵਿਕਾਸ ਕੁਮਾਰ ਦੇ ਕੰਮਕਾਜ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਮਾਗਮ ਵਿੱਚ ਮੌਜੂਦ ਹੋਰ ਕਲੱਬਾਂ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਨੂੰ ਬੇਨਤੀ ਕੀਤੀ ਕਿ ਰੋਟਰੀ ਮੈਂਬਰ ਬਣਾਉਣਾ ਰੋਟਰੀ ਲਈ ਬਹੁਤ ਜ਼ਰੂਰੀ ਹੈ। ਮੈਂਬਰਾਂ ਦੀ ਗਿਣਤੀ ਨਾਲ ਹੀ ਰੋਟਰੀ ਹੋਰ ਜ਼ਿਆਦਾ ਦੇਸ਼ ਅਤੇ ਸਮਾਜ ਭਲਾਈ ਪ੍ਰੋਜੈਕਟ ਕਰ ਸਕਦੀ ਹੈ। ਉਨ੍ਹਾਂ ਨੇ ਰੋਟਰੀ ਫਾਊਂਡੇਸ਼ਨ ਵਿੱਚ ਜ਼ਿਆਦਾ ਤੋਂ ਜ਼ਿਆਦਾ ਰਾਸ਼ੀ ਦੇਣ ਦੀ ਅਪੀਲ ਕੀਤੀ। ਸਮਾਗਮ ਦੇ ਅੰਤ ਵਿੱਚ ਮੁੱਖ ਮਹਿਮਾਨ ਡਾ. ਚੌਧਰੀ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਰੋਟਰੀ ਮੇਨ ਦੇ ਸਾਬਕਾ ਸਹਾਇਕ ਗਵਰਨਰ ਰਜੇਸ਼ ਮਹਿਰਾ, ਸਾਬਕਾ ਪ੍ਰਧਾਨ ਵਿਜੇ ਨਈਅਰ, ਸਾਬਕਾ ਪ੍ਰਧਾਨ ਗੀਟਾ ਸ਼ਰਮਾ, ਰੋਟਰੀ ਨਾਰਥ ਦੇ ਪ੍ਰਧਾਨ ਵਿਜੇ ਭਸੀਨ, ਸਕੱਤਰ ਗੁਰਮੀਤ ਸਿੰਘ, ਰੋਟਰੀ ਆਸਥਾ ਦੇ ਪ੍ਰਧਾਨ ਅਸ਼ਵਨੀ ਅਵਸਥੀ, ਹਰਿਆਵਲ ਲਹਿਰ ਦੇ ਸੰਚਾਲਕ ਦਲਜੀਤ ਸਿੰਘ ਕੋਹਲੀ, ਰਜੇਸ਼ ਬਧਵਾਰ, ਰੋਟਰੀ ਕੈਂਟ ਦੇ ਰੋਹਿਤ ਅਰੋੜਾ, ਐਡਵੋਕੇਟ ਸੁਦਰਸ਼ਨ ਕਪੂਰ, ਰੋਟੇਰੀਅਨ ਦੀਪਕ ਖੰਨਾ, ਰੋਟਰੀ ਮਿਡ ਟਾਊਨ ਦੇ ਅਨਿਲ ਸਿੰਘਲ, ਰੋਟੇਰੀਅਨ ਡਾ. ਵਿਮਲ ਸਹਿਤ ਭਾਰੀ ਗਿਣਤੀ ਵਿੱਚ ਰੋਟਰੀ ਮੇਨ ਅਤੇ ਹੋਰ ਕਲੱਬਾਂ ਦੇ ਮੈਂਬਰ ਮੌਜੂਦ ਸਨ।



# ਮਾਤਾ ਸੁਲੱਖਣੀ ਜੀ ਸਿਵਲ ਹਸਪਤਾਲ ’ਚ ਵੱਖ-ਵੱਖ ਸਿਹਤ ਪ੍ਰੋਗਰਾਮ ਕਰਵਾਏ



**ਬਟਾਲਾ (ਤਰਲੋਕ ਬੱਗਾ)**

ਮਾਤਾ ਸੁਲੱਖਣੀ ਜੀ ਸਿਵਲ ਹਸਪਤਾਲ ਬਟਾਲਾ ਵਿੱਚ ਵੱਖ-ਵੱਖ ਸਿਹਤ ਪ੍ਰੋਗਰਾਮ ਕਰਵਾਏ ਗਏ, ਜਿਸ ਵਿੱਚ ਮਰੀਜ਼ਾਂ ਨੂੰ ਵੱਖ-ਵੱਖ ਬੀਮਾਰੀਆਂ ਬਾਰੇ ਦੱਸਿਆ ਗਿਆ। ਸਭ ਤੋਂ ਪਹਿਲਾਂ ਵਿਸ਼ਵ ਸ਼ੂਗਰ ਦਿਵਸ ਮਨਾਇਆ ਗਿਆ, ਜਿਸ ਵਿੱਚ ਡਾਕਟਰ ਲਲਿਤ ਮੋਹਨ ਅਤੇ ਐੱਨਸੀਡੀ ਸਟਾਫ ਨੇ ਮਰੀਜ਼ਾਂ ਨੂੰ ਸ਼ੂਗਰ ਦੀ ਬੀਮਾਰੀ ਬਾਰੇ ਵਿਸਥਾਰਪੂਰਵਕ ਦੱਸਿਆ। ਇਸ ਤੋਂ ਇਲਾਵਾ ਵਿਸ਼ਵ ਨਿਮੋਨੀਆ ਦਿਵਸ ਵੀ ਮਨਾਇਆ ਗਿਆ, ਜਿਸ ਵਿੱਚ ਬੱਚਿਆ ਦੇ ਮਾਹਿਰ ਡਾਕਟਰ ਰਵਿੰਦਰ ਸਿੰਘ ਨੇ ਛੋਟੇ ਬੱਚਿਆਂ ਦੇ ਨਾਲ ਆਏ ਪਰਿਵਾਰਕ ਮੈਂਬਰਾਂ ਨੂੰ ਨਿਮੋਨੀਆ ਤੋਂ ਬਚਣ ਦੇ ਸੁਝਾਅ ਦਿੱਤੇ। ਦੰਦਾਂ ਦਾ ਪੰਦਰਵਾੜਾ ਕੈਂਪ ਜੋ ਕਿ 14 ਤੋਂ 29 ਨਵੰਬਰ ਤੱਕ ਮਨਾਇਆ ਜਾ ਰਿਹਾ ਹੈ, ਦਾ ਉਦਘਾਟਨ ਡਾਃ ਰਵਿੰਦਰ ਸਿੰਘ ਐੱਸਐੱਮਓ ਸਿਵਲ ਹਸਪਤਾਲ ਬਾਟਾਲਾ ਨੇ ਕੀਤਾ। ਇਸ ਕੈਂਪ ਵਿੱਚ ਦੰਦਾਂ ਦਾ ਮੁਫਤ ਚੈੱਕਅੱਪ, ਨਵੇਂ ਦੰਦ ਲਗਾਉਣਾ, ਦੰਦਾਂ ਦੀ ਹਰ ਬਿਮਾਰੀ ਦਾ ਇਲਾਜ ਮੁਫਤ ਕੀਤਾ ਜਾਵੇਗਾ। ਵੱਖ-ਵੱਖ ਇਲਾਕਿਆਂ ਵਿੱਚ ਟੀਮਾਂ ਜਾ ਕੇ ਦੰਦਾਂ ਦੀਆਂ ਬੀਮਾਰੀਆਂ ਅਤੇ ਦੰਦਾਂ ਦੀ ਸੰਭਾਲ ਬਾਰੇ ਜਾਗਰੂਕ ਕਰਨਗੀਆਂ। ਇਸ ਕੈਂਪ ਵਿੱਚ ਡਾਃ ਸੰਜੀਵ ਭੱਲਾ ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਏ।

# ਨੰਦ ਸਿੰਘ ਮੈਮੋਰੀਅਲ ਪਬਲਿਕ ਸਕੂਲ ਤੁੜ ’ਚ ਬਾਲ ਦਿਵਸ ਮਨਾਇਆ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਜਨਮ ਵਰ੍ਹੇਗੰਢ ਨੂੰ ਸਮਰਪਿਤ ਬਾਲ ਦਿਵਸ ਨੰਦ ਸਿੰਘ ਮੈਮੋਰੀਅਲ ਪਬਲਿਕ ਸਕੂਲ ਤੁੜ ਵਿਖੇ ਬੜੇ ਹੀ ਜੋਸ਼ ਅਤੇ ਚਾਵਾਂ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਵੱਲੋਂ ਜਿਥੇ ਸਵੇਰ ਦੀ ਅਸੈਂਬਲੀ ਵਿੱਚ ਪੰਡਿਤ ਜੀ ਦੇ ਜੀਵਨ ਉੱਪਰ ਕਵਿਤਾਵਾਂ ਅਤੇ ਭਾਸ਼ਣ ਬੋਲ ਕੇ ਬੱਚਿਆਂ ਯਾਦ ਕੀਤਾ ਉਥੇ ਬਾਅਦ ਵਿੱਚ ਪੇਂਟਿੰਗਜ਼ ਅਤੇ ਸੁੰਦਰ ਲਿਖਾਈ ਦੇ ਮੁਕਾਬਲਿਆਂ ਵਿੱਚ ਵੀ ਭਾਗ ਲਿਆ। ਬੱਚਿਆਂ ਦੇ ਵੱਖ-ਵੱਖ ਵਰਗਾਂ ਵਿੱਚ ਇਸ ਮੌਕੇ ਖੇਡ ਮੁਕਾਬਲੇ ਵੀ ਕਰਵਾਏ ਗਏ ਜਿਸ ਵਿੱਚ ਰੋਮਾਂਚਕ ਖੇਡਾਂ ਵਿੱਚ ਬੱਚਿਆਂ ਬੜੇ ਹੀ ਚਾਵਾਂ ਨਾਲ ਭਾਗ ਲਿਆ। ਇਸ ਮੌਕੇ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਸੁਖਜੀਤ ਪਾਲ ਸਿੰਘ ਨੇ ਬੱਚਿਆਂ ਨੂੰ ਚਾਚਾ ਨਹਿਰੂ ਦੇ ਬੱਚਿਆਂ ਪ੍ਰਤੀ ਪਿਆਰ ਬਾਰੇ ਦੱਸਿਆ ਕਿ ਬੱਚੇ ਕਿਉਂ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਚਾਚਾ ਨਹਿਰੂ ਕਹਿ ਕੇ ਬਲਾਉਂਦੇ ਸਨ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡ ਕੇ ਸਨਮਾਨਿਤ ਕੀਤਾ ਗਿਆ। ਸੰਸਥਾ ਦੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਵੱਲੋਂ ਵੀ ਬੱਚਿਆਂ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੇ ਜੀਵਨ ਬਾਰੇ ਦੱਸਿਆ ਗਿਆ। ਇਸ ਮੌਕੇ ਸਟਾਫ ਮੈਂਬਰਾਂ ਵਿੱਚ ਹੋਰਨਾਂ ਤੋਂ ਇਲਾਵਾ ਮੈਡਮ ਮਨਦੀਪ ਕੌਰ, ਹਰਜਿੰਦਰ ਕੌਰ, ਦਿਲਰਾਜ ਕੌਰ, ਪ੍ਰਭਜੋਤ ਕੌਰ, ਲਖਵਿੰਦਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਸਿੰਘ ਅਤੇ ਅਮਨਦੀਪ ਕੌਰ ਆਦਿ ਹਾਜ਼ਰ ਸਨ।



# ਸਰਕਾਰੀ ਪ੍ਰਾਇਮਰੀ ਸਕੂਲ ਨੰਗਲ ਵਿਖੇ ਬਾਲ ਦਿਵਸ ਮਨਾਇਆ



**ਫਿਲੌਰ (ਨਿਰਮਲ)**

ਫਿਲੌਰ ਦੇ ਨਜ਼ਦੀਕ ਪੈਂਦੇ ਪਿੰਡ ਨੰਗਲ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਪੰਡਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨੂੰ ਸਮਰਪਿਤ ਬਾਲ ਦਿਵਸ ਮਨਾਇਆ ਗਿਆ। ਇਸ ਮੌਕੇ ਬੱਚਿਆਂ ਦੇ ਮਾਤਾ ਪਿਤਾ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਹਾਜ਼ਰ ਸਨ। ਇਸ ਮੌਕੇ ਬੱਚਿਆਂ ਵੱਲੋਂ ਬਣਾਏ ਗਏ ਵੱਖ ਵੱਖ ਤਰ੍ਹਾਂ ਦੇ ਮਾਡਲ ਦੇਖੇ ਅਤੇ ਉਨ੍ਹਾਂ ਨੂੰ ਸਰਾਹਿਆ। ਇਸ ਮੌਕੇ ਸਕੂਲ ਮੁੱਖੀ ਅਮਨਦੀਪ ਸਿੰਘ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹੀ ਅਤੇ ਵੱਖ ਵੱਖ ਗਤੀਵਿਧੀਆਂ ਵਿਚ ਅੱਵਲ ਆਉਣ ਵਾਲੇ ਵਿਦਿਆਰਥੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪਰਵੀਨ ਕੁਮਾਰ ਨੇ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਬੱਚਿਆਂ ਦੇ ਸਿੱਖਿਆ ਲਈ ਵਧੀਆ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜੋ ਵੀ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਹੈ ਉਸ ਨੂੰ ਜਲਦ ਪੂਰਾ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਬੱਚਿਆਂ ਅਧਿਆਪਕਾਂ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਬਾਲ ਦਿਵਸ ਦੀਆ ਮੁਬਾਰਕਾਂ ਦਿੱਤੀਆਂ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਅਮਰਜੀਤ ਸਿੰਘ,ਅਮਨਦੀਪ (ਇੰਚਾਰਜ), ਦਵਿੰਦਰ ਸਿੰਘ, ਬਲਵਿੰਦਰ ਸਿੰਘ, ਮਨਪ੍ਰੀਤ ਕੌਰ, ਅਪਰਾਜੀਤ, ਬਲਜਿੰਦਰ ਕੌਰ, ਜਤਿੰਦਰ, ਕਵਿਤਾ, ਲਵਪ੍ਰੀਤ, ਬਲਜਿੰਦਰ ਕੌਰ, ਪੰਚ ਫਕੀਰ ਚੰਦ ਪੰਚ ,ਰਜਿੰਦਰ ਕੁਮਾਰ ਕਾਕਾ ਉੱਘੇ ਸਮਾਜ ਸੇਵਕ , ਡਾ ਮਲਕੀਤ ਰਾਮ ਚਾਂਦੀ, ਨਰਿੰਦਰ ਕੁਮਾਰ ਨਿੰਦੀ ਤੇ ਹੋਰ ਕਈ ਪਤਵੰਤੇ ਸੱਜਣ ਹਾਜ਼ਰ ਸਨ।

# ਭਲਾਈ ਕੇਂਦਰ ਵੱਲੋਂ 37ਵੇਂ ਬੈਚ ਦੀਆਂ ਲੜਕੀਆਂ ਨੂੰ ਸਰਟੀਫਿਕੇਟ ਤਕਸੀਮ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਭਾਈ ਗੁਰਇਕਬਾਲ ਸਿੰਘ ਵੱਲੋਂ ਲੋੜਵੰਦ ਲੜਕੀਆਂ ਲਈ ਤਕਰੀਬਨ 20 ਸਾਲ ਪਹਿਲਾਂ ਬੀਬੀ ਕੌਲਾਂ ਜੀ ਐਜੂਕੇਸ਼ਨ ਵਿੰਗ ਦੀ ਆਰੰਭਤਾ ਕੀਤੀ ਗਈ ਸੀ ਜਿਸ ਵਿਚ ਫ੍ਰੀ ਸਿਲਾਈ ਕਢਾਈ ਅਤੇ ਕੰਪਿਊਟਰ ਦੇ ਕੋਰਸ ਕਰਾਏ ਜਾਂਦੇ ਹਨ। ਇਸੇ ਵਿੰਗ ਦੇ 37ਵੇਂ ਬੈਚ ਦੀਆਂ ਲੜਕੀਆਂ ਨੂੰ ਭਾਈ ਗੁਰਇਕਬਾਲ ਸਿੰਘ ਨੇ ਸਰਟੀਫਿਕੇਟ ਵੰਡੇ। ਇਸ ਮੌਕੇ ਭਾਈ ਗੁਰਇਕਬਾਲ ਸਿੰਘ ਨੇ ਐਜੂਕੇਸ਼ਨ ਵਿੰਗ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਟਰੱਸਟ ਵੱਲੋਂ ਤਕਰੀਬਨ 20 ਸਾਲ ਪਹਿਲਾਂ ਆਰੰਭੇ ਬੀਬੀ ਕੌਲਾਂ ਜੀ ਐਜੂਕੇਸ਼ਨ ਵਿੰਗ ਜਿਸ ਵਿੱਚ ਬਿਲਕੁਲ ਫ੍ਰੀ ਲੜਕੀਆਂ ਨੂੰ ਸਿਲਾਈ ਕਢਾਈ ਅਤੇ ਕੰਪਿਊਟਰ ਦੇ ਛੇ ਮਹੀਨੇ ਦਾ ਕੋਰਸ ਕਰਾਇਆ ਜਾਂਦਾ ਹੈ ਅਤੇ ਇਹ ਕੋਰਸ ਬਿਨਾਂ ਭੇਦ-ਭਾਵ ਦੇ ਹਰ ਧਰਮ ਦੀਆਂ ਲੜਕੀਆਂ ਨੂੰ ਕਰਵਾਇਆ ਜਾਂਦਾ ਹੈ ਜਿਸ ਵਿੱਚ ਹੁਣ ਤੱਕ ਤਕਰੀਬਨ 17000 ਦੇ ਕਰੀਬ ਲੜਕੀਆਂ ਨੇ ਛੇ ਮਹੀਨੇ ਦਾ ਕੋਰਸ ਕਰ ਕੇ ਸਰਟੀਫਿਕੇਟ ਪ੍ਰਾਪਤ ਕੀਤੇ। ਭਾਈ ਸਾਹਿਬ ਨੇ ਦੱਸਿਆ ਕਿ ਹੁਣ 37ਵੇਂ ਬੈਚ ਦੀਆਂ ਲੜਕੀਆਂ ਨੂੰ ਸਰਟੀਫਿਕੇਟ ਵੰਡੇ ਗਏ ਅਤੇ 38ਵੇਂ ਬੈਚ ਦੀ ਅਰਦਾਸ ਕਰ ਕੇ ਆਰੰਭਤਾ ਕੀਤੀ ਗਈ। ਇਸ ਮੌਕੇ ਮੁੱਖ ਮਹਿਮਾਨ ਜਸਪ੍ਰੀਤ ਸਿੰਘ ਚੇਅਰਮੈਨ ਜ਼ੋਨਲ ਪਲਾਨਿੰਗ ਬੋਰਡ ਵੱਲੋਂ ਵਿਸ਼ੇਸ਼ ਤੌਰ ’ਤੇ ਹਾਜ਼ਰੀ ਭਰੀ। ਇਸ ਮੌਕੇ ਅਮਰੀਕ ਸਿੰਘ ਪ੍ਰੋਜੈਕਟ ਅਫਸਰ, ਟਹਿਲਇੰਦਰ ਸਿੰਘ, ਨਵਜੋਤ ਸਿੰਘ, ਅਜੀਤ ਸਿੰਘ, ਮੈਡਮ ਰੁਪਿੰਦਰ ਕੌਰ, ਮੈਡਮ ਇੰਦਰਪ੍ਰੀਤ ਕੌਰ ਅਤੇ ਭਲਾਈ ਕੇਂਦਰ ਦੇ ਪ੍ਰਮੁੱਖ ਮੈਂਬਰ ਹਾਜ਼ਰ ਸਨ।



# ਟ੍ਰੈਫਿਕ ਸਮੱਸਿਆ ਨੂੰ ਲੈ ਕੇ ਥਾਣਾ ਮੁਖੀ ਝਬਾਲ ਦੀ ਦੁਕਾਨਦਾਰਾਂ ਨਾਲ ਮੀਟਿੰਗ

**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**

ਥਾਣਾ ਮੁਖੀ ਝਬਾਲ ਇੰਸ ਪ੍ਰਭਜੀਤ ਸਿੰਘ ਨੇ ਅੱਡਾ ਝਬਾਲ ਦੇ ਦੁਕਾਨਦਾਰਾਂ ਨਾਲ ਦਿਨੋਂ ਦਿਨ ਵਧਦੀ ਜਾ ਰਹੀ ਟ੍ਰੈਫਿਕ ਸਮੱਸਿਆ ਨੂੰ ਲੈ ਕੇ ਮੀਟਿੰਗ ਕੀਤੀ ਜਿਸ ਵਿੱਚ ਟ੍ਰੈਫਿਕ ਸਮੱਸਿਆ ਦਾ ਹੱਲ ਕੱਢਣ ਲਈ ਦੁਕਾਨਦਾਰਾਂ ਦਾ ਸਹਿਯੋਗ ਮੰਗਿਆ ਗਿਆ। ਇਸ ਮੌਕੇ ਥਾਣਾ ਮੁਖੀ ਇੰਸ ਪ੍ਰਭਜੀਤ ਸਿੰਘ ਨੇ ਦੁਕਾਨਦਾਰਾਂ ਨੂੰ ਕਿਹਾ ਕਿ ਉਹ ਆਪਣੀਆਂ ਦੁਕਾਨਾਂ ਦਾ ਸਮਾਨ ਸਿਰਫ ਦੁਕਾਨ ਦੀ ਹਦੂਦ ਅੰਦਰ ਹੀ ਰੱਖਣ। ਜੇਕਰ ਸੜਕ ਦੀ ਜਗ੍ਹਾ ਵਿੱਚ ਰੱਖਿਆ ਤਾਂ ਮਜਬੂਰਨ ਸਾਨੂੰ ਕਾਨੂੰਨੀ ਕਾਰਵਾਈ ਕਰਨੀ ਪਵੇਗੀ। ਉੱਥੇ ਹੀ ਉਨ੍ਹਾਂ ਖੋਖਿਆਂ ਅਤੇ ਖਾਸ ਕਰਕੇ ਥਾਣੇ ਦੀ ਦੀਵਾਰ ਨਾਲ ਕੀਤੇ ਹੋਏ ਨਜਾਇਜ਼ ਕਬਜ਼ਿਆਂ ਵਾਲੇ ਦੁਕਾਨਦਾਰਾਂ ਨੂੰ ਇੱਕ ਹਫਤੇ ਦਾ ਅਲਟੀਮੇਟਮ ਦਿੰਦੇ ਹੋਏ ਕਿਹਾ ਕਿ ਉਹ ਆਪਣੀਆਂ ਦੁਕਾਨਾਂ ਇੱਕ ਹਫਤੇ ਵਿੱਚ ਇੱਥੋਂ ਚੁੱਕ ਲੈਣ ਨਹੀਂ ਤਾਂ ਸਿਵਲ ਪ੍ਰਸ਼ਾਸਨ ਨੂੰ ਨਾਲ ਲੈ ਕੇ ਸਖਤ ਕਾਰਵਾਈ ਕੀਤੀ ਜਾਵੇਗੀ ਅਤੇ ਉਨ੍ਹਾਂ ਕਿਹਾ ਕਿ ਇੱਕ ਹਫਤੇ ਤੱਕ ਆਪਣੀਆਂ ਦੁਕਾਨਾਂ ਸੜਕ ਦੀ ਜਗ੍ਹਾ ਛੱਡ ਕੇ ਸੜਕ ਕਿਨਾਰੇ ਲੱਗੀ ਰੇਲਿੰਗ ਤੋਂ ਪਿੱਛੇ ਕਰ ਲੈਣ ਨਹੀਂ ਤਾਂ ਸਾਨੂੰ ਜ਼ਬਰਦਸਤੀ ਕਬਜ਼ ਛੁਡਵਾਉਣ ਲਈ ਮਜਬੂਰ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬਹੁਤ ਸਖਤ ਹੁਕਮ ਹੋਏ ਹਨ ਕਿ ਟ੍ਰੈਫਿਕ ਸਮੱਸਿਆ ਦਾ ਹੱਲ ਕੀਤਾ ਜਾਵੇ ਕਿਉਂਕਿ ਇਸ ਕਸਬੇ ਦੀਆਂ ਟ੍ਰੈਫਿਕ ਸਬੰਧੀ ਬਹੁਤ ਵੱਡੀਆਂ ਸ਼ਿਕਾਇਤਾਂ ਸਿਵਲ ਅਤੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੂੰ ਪਹੁੰਚੀਆਂ ਹਨ ਅਤੇ



ਪ੍ਰਸ਼ਾਸਨਿਕ ਅਧਿਕਾਰੀ ਵੀ ਇਸ ਸਬੰਧੀ ਬਹੁਤ ਸਖਤ ਹੋਏ ਹਨ ਜਿਸ ਲਈ ਸਾਨੂੰ ਮਜਬੂਰਨ ਕਾਨੂੰਨੀ ਕਾਰਵਾਈ ਪਵੇਗੀ। ਉਨ੍ਹਾਂ ਇੱਕ ਵਾਰ ਫਿਰ ਇੱਕ ਹਫਤੇ ਦਾ ਸਮਾਂ ਦਿੰਦੇ ਹੋਏ ਚੇਤਾਵਨੀ ਦਿੰਦੇ ਹੋਏ ਦੁਕਾਨਾਂ ਚੁੱਕਣ ਲਈ ਕਿਹਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਦੁਕਾਨਦਾਰ ਨੇ ਇਸ ਹੁਕਮ ਨੂੰ ਨਾ ਮੰਨਣ ਵਿੱਚ ਕੁਤਾਹੀ ਕੀਤੀ ਤਾਂ ਉਸ ਨੂੰ ਕਿਸੇ ਵੀ ਕੀਮਤ ’ਤੇ ਬਖਸ਼ਿਆ ਨਹੀਂ ਜਾਵੇਗਾ। ਇਸ ਮੌਕੇ ਵੱਡੀ ਗਿਣਤੀ ਵਿੱਚ ਅੱਡਾ ਝਬਾਲ ਦੇ ਦੁਕਾਨਦਾਰ ਅਤੇ ਪੁਲਸ ਮੁਲਾਜ਼ਮ ਹਾਜ਼ਰ ਸਨ।

# ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਦੀ ਸੂਬਾ ਪੱਧਰੀ ਜਥੇਬੰਦਕ ਕਨਵੈਨਸ਼ਨ

**ਜਲੰਧਰ, (ਰਾਜੇਸ਼ ਥਾਪਾ)**

ਸੂਬੇ ਦੇ ਵੱਖ ਵੱਖ ਵਿਭਾਗਾਂ ਅੰਦਰ ਕੰਮ ਕਰਦੀਆਂ ਮਹਿਲਾ ਮੁਲਾਜ਼ਮਾਂ ਦੀ ਜੱਥੇਬੰਦੀ “ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ” ਵਲੋਂ ਇਸਤਰੀ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਉਜਾਗਰ ਕਰਨ, ਮੰਗਾਂ ਪ੍ਰਤੀ ਮੁਲਾਜ਼ਮਾਂ ਨੂੰ ਸੁਚੇਤ ਕਰਨ, ਮੌਜੂਦਾ ਸਰਕਾਰਾਂ ਦੀ ਇਸਤਰੀਆਂ ਪ੍ਰਤੀ ਪਹੁੰਚ ਸਬੰਧੀ ਚਰਚਾ ਕਰਨ ਅਤੇ ਨਵੀਂ ਜੱਥੇਬੰਦਕ ਚੋਣ ਕਰਨ ਲਈ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇੱਕ ਵਿਸ਼ਾਲ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਗਈ। ਇਸ ਕਨਵੈਨਸ਼ਨ ਪ੍ਰਤੀ ਇਸਤਰੀ ਮੁਲਾਜ਼ਮਾਂ ਅੰਦਰ ਭਾਰੀ ਜੋਸ਼ ਪਾਇਆ ਗਿਆ ਅਤੇ ਬੱਸਾਂ ਦੀ ਅਚਾਨਕ ਹੋਈ ਹੜਤਾਲ ਦੇ ਬਾਵਜੂਦ ਵੀ ਪੂਰੇ ਪੰਜਾਬ ਵਿੱਚੋਂ ਇਸਤਰੀ ਮੁਲਾਜ਼ਮਾਂ ਦੇ ਵੱਡੀ ਗਿਣਤੀ ਵਿੱਚ ਪਹੁੰਚਣ ਤੇ ਕਨਵੈਨਸ਼ਨ ਦਾ ਹਾਲ ਵੀ ਛੋਟਾ ਪੈ ਗਿਆ। ਜੱਥੇਬੰਦੀ ਦੀ ਸੂਬਾ ਪ੍ਰਧਾਨ ਹਰਮਨਪ੍ਰੀਤ ਕੌਰ ਗਿੱਲ, ਜਨਰਲ ਸਕੱਤਰ ਅਵਤਾਰ ਕੌਰ ਬਾਸੀ, ਪ.ਸ.ਸ.ਫ. ਦੇ ਸੂਬਾ ਪ੍ਰਧਾਨ ਸਤੀਸ਼ ਰਾਣ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਦੀ ਅਗਵਾਈ ਵਿੱਚ ਕੀਤੀ ਗਈ ਇਸ ਜੱਥੇਬੰਦਕ ਕਨਵੈਨਸ਼ਨ ਦੇ ਆਰੰਭ ਵਿੱਚ ਵਿਛੜੇ ਆਗੂਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਕਨਵੈਨਸ਼ਨ ਦਾ ਉਦਘਾਟਨ ਕਰਦਿਆਂ ਔਰਤ ਮੁਕਤੀ ਮੋਰਚਾ ਸਮਾਜ ਪੰਜਾਬ ਦੀ ਸੂਬਾ ਪ੍ਰਧਾਨ ਪ੍ਰੋਫੈਸਰ ਸੁਰਿੰਦਰ ਕੌਰ ਨੇ ਹਾਜਰ ਇਕੱਤਰਤਾ ਨੂੰ ਸੁਚੇਤ ਕਰਦਿਆਂ ਕਿਹਾ ਕਿ ਅੱਜ ਦੇ ਸਮਾਜ ਅੰਦਰ ਵੀ ਪਿਛਲੇ ਸਮੇਂ ਵਾਂਗ ਔਰਤ ਨੂੰ ਬਰਾਬਰ ਦਾ ਦਰਜਾ ਨਹੀਂ ਦਿੱਤਾ ਜਾ ਰਿਹਾ ਹੈ ਅਤੇ ਔਰਤ ਦਾ ਹਰ ਵਰਗ ਵਲੋਂ ਸ਼ੋਸ਼ਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੱਥੇਬੰਦ ਹੋਣ ਕਰਕੇ ਮੁਲਾਜ਼ਮ ਇਸਤਰੀਆਂ ਨੂੰ ਸਮੁੱਚੇ ਇਸਤਰੀ ਵਰਗ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਸੰਘਰਸ਼ ਦੀ ਅਗਵਾਈ ਕਰਨੀ ਚਾਹੀਦੀ ਹੈ। ਉਹਨਾਂ ਸੂਬਾ ਲੀਡਰਸ਼ਿੱਪ ਨੂੰ ਇਸ ਸਫਲ ਕਨਵੈਨਸ਼ਨ ਦੀ ਵਧਾਈ ਵੀ ਦਿੱਤੀ। ਇਸ ਉਪਰੰਤ ਸੂਬਾ ਜਨਲ ਸਕੱਤਰ ਵਲੋਂ ਪਿਛਲੀ ਚੋਣ ਤੋਂ ਹੁਣ ਤੱਕ ਦੀ ਕਾਰਵਾਈ ਰਿਪੋਰਟ ਪੇਸ਼ ਕੀਤੀ ਗਈ ਜਿਸ ਵਿੱਚ ਜੱਥੇਬੰਦੀ ਵਲੋਂ ਕੀਤੇ ਸੰਘਰਸ਼, ਸਾਂਝੇ ਸੰਘਰਸ਼ਾਂ ਵਿੱਚ ਪਾਏ ਯੋਗਦਾਨ, ਜ਼ਿਲਿਆ ਦੀ ਜੱਥੇਬੰਦਕ ਅਵਸਥਾ, ਸਰਕਾਰ ਦੀਆਂ ਮੁਲਾਜ਼ਮ ਮਾਰੀ ਨੀਤੀਆਂ ਅਤੇ ਅਜੋਕੇ ਸਮੇਂ ਦੌਰਾਨ ਇਸਤਰੀ ਮੁਲਾਜ਼ਮਾਂ ਦੀ ਦਸ਼ਾ ਸਬੰਧੀ ਵਿਸਥਾਰ ਵਿੱਚ ਜਾਣਾਰੀ ਦਿਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਪ.ਸ.ਸ.ਫ. ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਲ ਸਕੱਤਰ ਤੀਰਥ ਸਿੰਘ ਬਾਸੀ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਪ੍ਰੈੱਸ ਸਕੱਤਰ ਇੰਦਰਜੀਤ ਵਿਰਦੀ, ਸਹਾਇਕ ਪ੍ਰਚਾਰ ਸਕੱਤਰ ਕੁਲਦੀਪ ਵਾਲੀਆ ਨੇ ਕਿਹਾ ਕਿ ਇਸ ਮਰਦ ਪ੍ਰਧਾਨ ਸਮਾਜ ਅੰਦਰ ਔਰਤਾਂ ਦੀ ਦਸ਼ਾ ਕੋਈ ਚੰਗੀ ਨਹੀਂ ਹੈ, ਮੌਜੂਦਾ ਸਰਕਾਰਾਂ ਵਲੋਂ ਵੀ ਔਰਤਾਂ ਦੇ ਮਾਨ-ਸੰਮਾਨ ਦੀ ਰਾਖੀ ਲਈ ਕੋਈ ਕਦਮ ਨਹੀਂ ਪੁੱਟੇ ਜਾ ਰਹੇ। ਉਹਨਾਂ ਕਿਹਾ ਕਿ ਇਸਤਰੀ ਮੁਲਾਜ਼ਮਾਂ ਵਲੋਂ ਪਿਛਲੇ ਸਮੇਂ ਦੌਰਾਨ ਸੰਘਰਸ਼ ਕਰਕੇ ਅਨੇਕਾਂ ਪ੍ਰਾਪਤੀਆਂ ਵੀ ਕੀਤੀਆਂ ਹਨ ਅਥੇ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਨੇ ਸਮੁੱਚੀਆਂ ਇਸਤਰੀ ਮੁਲਾਜ਼ਮਾਂ ਨੂੰ ਇੱਕ ਝੰਡੇ ਹੇਠ ਇਕੱਤਰ ਕਰਕੇ ਇਸਤਰੀਆਂ ਦੀਆਂ ਜੀਵਨ ਅਤੇ ਸੇਵਾ ਹਾਲਤਾਂ ਨੂੰ ਬਿਹਤਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।ਇਸ ਮੌਕੇ ਅਧਿਆਪਕ ਆਗੂ ਰਣਜੀਤ ਕੌਰ, ਆਸ਼ਾ ਵਰਕਰ ਯੂਨੀਅਨ ਦੀ ਸੂਬਾ ਪ੍ਰਧਾਨ ਰਾਣੋ ਖੇੜੀ ਗਿੱਲਾਂ, ਜਨਰਲ ਵਿਭਾਗਾਂ ਲਖਵਿੰਦਰ ਕੌਰ, ਚੇਅਰਪਰਸਨ ਸੁਖਵਿੰਦਰ ਕੌਰ, ਵਿੱਤ ਸਕੱਤਰ ਹਰਨਿੰਦਰ ਕੌਰ, ਮਿਡ ਡੇ ਮੀਲ ਵਰਕਰਜ਼ ਯੂਨੀਅਨ ਦੀ ਸੂਬਾ ਪ੍ਰਧਾਨ ਬਿਮਲਾ ਰਾਣੀ,



ਜਨਰਲ ਸਕੱਤਰ ਕਮਲਜੀਤ ਕੌਰ, ਵਿੱਤ ਸਕੱਤਰ ਪ੍ਰਵੀਨ ਕੌਰ, ਆਗਣਵਾੜੀ ਮੁਲਜ਼ਮ ਯੂਨੀਅਨ ਦੀ ਸੂਬਾ ਜਨਰਲ ਸਕੱਤਰ ਸ਼ਰਮੀਲਾ ਦੇਵੀ, ਸਿਹਤ ਵਿਭਾਗ ਤੋਂ ਨਿਰਮਲਜੀਤ ਕੌਰ, ਜੰਗਲਾਤ ਵਿਭਾਗ ਤੋਂ ਗੁਰਪ੍ਰੀਤ ਕੌਰ, ਆਗਣਵਾੜੀ ਸੁਪਰਵਾਈਜ਼ਰ ਯੂਨੀਅਨ ਆਗੂ ਸ਼ਰਮੀਲਾ ਰਾਣੀ ਤੋਂ ਇਲਾਵਾ ਸਵਰਨਜੀਤ ਕੌਰ ਪਟਿਆਲਾ, ਬਲਵਿੰਦਰ ਕੌਰ, ਅਨੀਤਾ ਹੁਸ਼ਿਆਰਪੁਰ, ਜਸਵਿੰਦਰ ਕੌਰ ਟਾਹਲੀ ਜਲੰਧਰ, ਰਾਜ ਕੌਰ ਲੁਧਿਆਣਾ, ਕੰਵਲਜੀਤ ਕੌਰ, ਕੁਲਵਿੰਦਰ ਕੌਰ ਗੁਰਦਾਸਪੁਰ, ਜਸਵੀਰ ਕੌਰ ਤਰਨਤਾਰਨ, ਸੰਦੀਪ ਕੌਰ ਬਰਨਾਲਾ, ਮਮਤਾ ਰਾਣੀ ਕਪੂਰਥਲਾ, ਸ਼ਮਿੰਦਰਪਾਲ ਕੌਰ ਫਿਰੋਜ਼ਪੁਰ ਨੇ ਸੰਬੋਧਨ ਕਰਦਿਆਂ ਜਿੱਥੇ ਆਪਣੇ-ਆਪਣੇ ਵਿਭਾਗਾਂ ਅੰਦਰ ਇਹਨਾਂ ਮੁਲਾਜ਼ਮਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਜਣਕਾਰੀ ਸਾਂਝੀ ਕੀਤੀ ਉੱਥੇ ਹੀ ਸਮੁੱਚੇ ਇਸਤਰੀ ਵਰਗ ਦੇ ਸਮਾਜ ਅੰਦਰ ਰੁਤਬੇ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਸੰਘਰਸ਼ਾਂ ਵਿੱਚ ਪੂਰਣ ਯੋਗਦਾਨ ਦੇਣ ਦਾ ਵੀ ਵਿਸ਼ਵਾਸ ਦਵਾਇਆ। ਕਨਵੈਨਸ਼ਨ ਦੇ ਅਖੀਰ ਵਿੱਚ ਪ.ਸ.ਸ.ਫ. ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਵਲੋਂ ਨਵੀਂ ਚੁਣੀ ਜਾਣ ਵਾਲੀ ਸੂਬਾ ਕਮੇਟੀ ਦਾ ਪੈਨਲ ਪੇਸ਼ ਕੀਤਾ ਗਿਆ ਜਿਸ ਨੂੰ ਪੂਰੇ ਹਾਊਸ ਵਲੋਂ ਨਾਅਰਿਆਂ ਦੀ ਗੂੰਜ ਵਿੱਚ ਪਾਸ ਕੀਤਾ ਗਿਆ, ਜਿਸ ਤਹਿਤ ਪ੍ਰਧਾਨ ਹਰਮਨਪ੍ਰੀਤ ਕੌਰ ਗਿੱਲ (ਸਿੱਖਿਆ) ਫਰੀਦਕੋਟ, ਸੀਨੀਅਰ ਮੀਤ ਪ੍ਰਧਾਨ ਸ਼ਰਮੀਲਾ ਦੇਵੀ (ਆਂਗਣਵਾੜੀ) ਹੁਸ਼ਿਆਰਪੁਰ, ਲਖਵਿੰਦਰ ਕੌਰ (ਆਸ਼ਾ) ਤਰਨਤਾਰਨ, ਬਿਮਲਾ ਦੇਵੀ (ਮਿਡ ਡੇ ਮੀਲ) ਫਾਜ਼ਿਲਕਾ, ਰਾਣੋ ਖੇੜੀ ਗਿੱਲਾਂ (ਆਸ਼ਾ) ਸੰਗਰੂਰ, ਮੀਤ ਪ੍ਰਧਾਨ ਕਮਲੇਸ਼ ਕੌਰ (ਮਿਡ ਡੇ ਮੀਲ) ਰੋਪੜ, ਬਲਜੀਤ ਕੌਰ (ਆਂਗਣਵਾੜੀ) ਅਮ੍ਰਿਤਸਰ, ਪਰਮਜੀਤ ਕੌਰ (ਮਿਡ ਡੇ ਮੀਲ) ਗੁਰਦਾਸਪੁਰ, ਜਸਵਿੰਦਰ ਕੌਰ ਟਾਹਲੀ (ਮਿਡ ਡੇ ਮੀਲ) ਜਲੰਧਰ, ਜਨਰਲ ਸਕੱਤਰ ਗੁਰਪ੍ਰੀਤ ਕੌਰ (ਜੰਗਲਾਤ) ਸੰਗਰੂਰ, ਸਹਾਇਕ ਸਕੱਤਰ ਕਲਮਜੀਤ ਕੌਰ (ਮਿਡ ਡੇ ਮੀਲ) ਹੁਸ਼ਿਆਰਪੁਰ, ਰੇਨੂੰ ਬਾਲਾ (ਸਿੱਖਿਆ) ਅੰਮ੍ਰਿਤਸਰ, ਪ੍ਰਵੀਨ ਬਾਲਾ (ਮਿਡ ਡੇ ਮੀਲ) ਫਤਿਹਗੜ੍ਹ ਸਾਹਿਬ, ਹਰਨਿੰਦਰ ਕੌਰ (ਆਸ਼ਾ) ਹੁਸ਼ਿਆਰਪੁਰ, ਵਿੱਤ ਸਕੱਤਰ ਰਣਜੀਤ ਕੌਰ (ਸਿੱਖਿਆ) ਤਰਨਤਾਰਨ, ਜੱਥੇਬੰਦਕ ਸਕੱਤਰ ਮਮਤਾ ਰਾਣੀ (ਮਿਡ ਡੇ ਮੀਲ) ਕਪੂਰਥਲਾ, ਸੁਖਵਿੰਦਰ ਕੌਰ (ਆਸ਼ਾ) ਹੁਸ਼ਿਆਰਪੁਰ, ਰਿੰਪੀ ਰਾਣੀ (ਮਿਡ ਡੇ ਮੀਲ ਨਵਾਂਸ਼ਹਿਰ, ਸੰਧੀਪ ਕੌਰ (ਆਸ਼ਾ) ਬਰਨਾਲਾ, ਪ੍ਰੈਸ ਸਕੱਤਰ ਸ਼ਰਮੀਲਾ ਰਾਣੀ (ਆਗਣਵਾੜੀ) ਹੁਸ਼ਿਆਰਪੁਰ, ਪ੍ਰਚਾਰ ਸਕੱਤਰ ਨਿਰਮਲਜੀਤ ਕੌਰ (ਸਿਹਤ) ਅਮ੍ਰਿਤਸਰ, ਜਸਵੀਰ ਕੌਰ (ਮਿਡ ਡੇ ਮੀਲ) ਲੁਧਿਆਣਾ, ਸਵਰਨਜੀਤ ਕੌਰ (ਮਿਡ ਡੇ ਮੀਲ) ਪਟਿਆਲਾ, ਚਰਨਜੀਤ ਕੌਰ (ਆਸ਼ਾ) ਤਰਨਤਾਰਨ, ਸ਼ਸ਼ੀ ਬਾਲਾ (ਜੰਗਲਾਤ) ਪਟਿਆਲਾ, ਮੁੱਖ ਸਲਾਹਕਾਰ ਸਤੀਸ਼ ਰਾਣਾ (ਪ.ਸ.ਸ.ਫ਼.) ਤੋਂ ਇਲਾਵਾ ਕਮਲਜੀਤ ਕੌਰ ਫਰੀਦਕੋਟ, ਰਾਜ ਕੌਰ ਲੁਧਿਆਣਾ, ਗੁਰਮੇਲ ਕੌਰ ਫਰੀਦਕੋਟ, ਇਕਬਾਲ ਕੌਰ ਪਟਿਆਲਾ, ਬਲਵਿੰਦਰ ਕੌਰ ਹੁਸ਼ਿਆਰਪੁਰ ਨੂੰ ਕਾਰਜਕਾਰੀ ਕਮੇਟੀ ਮੈਂਬਰ ਚੁਣਿਆ ਗਿਆ। ਕਨਵੈਨਸ਼ਨ ਦੇ ਅੰਤ ਵਿੱਚ ਸੂਬਾ ਪ੍ਰਧਾਨ ਹਰਮਨਪ੍ਰੀਤ ਕੌਰ ਗਿੱਲ ਵਲੋਂ ਸਮੁੱਚੀ ਟੀਮ ਵਲੋਂ ਮਹਿਲਾ ਕਰਮਚਾਰੀਆਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਦਾ ਭਰੋਸਾ ਦਿੰਦਿਆਂ ਅਗਲੇ ਸੰਘਰਸ਼ਾਂ ਦਾ ਐਲਾਨ ਵੀ ਕੀਤਾ ਜਿਸ ਵਿੱਚ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਵਲੋਂ 8 ਦਸੰਬਰ ਨੂੰ ਤਾਲਕਟੋਰਾ ਸਟੇਡੀਅਮ ਦਿੱਲੀ ਵਿਖੇ ਕੀਤੀ ਜਾ ਰਹੀ ਕੌਮੀਂ ਕਨਵੈਨਸ਼ਨ ਅਤੇ ਮਿਤੀ 9 ਦਸੰਬਰ ਨੂੰ ਫਰੀਦਾਬਾਦ ਵਿਖੇ ਸੁਕੋਮਲ ਸੇਨ ਭਵਨ ਦੇ ਹੋ ਰਹੇ ਉਦਘਾਟਨੀ ਸਮਾਰੋਹ ਵਿੱਚ ਸੂਬੇ ਭਰ ਤੋਂ 50 ਮਹਿਲਾ ਮੁਲਾਜ਼ਮ ਸ਼ਾਮਿਲ ਹੋਣਗੇ। 1 ਤੋਂ 31 ਜਨਵਰੀ 2023 ਤੱਕ ਜ਼ਿਲ੍ਹਾ ਪੱਧਰੀ ਕਨਵੈਨਸ਼ਨਾਂ ਕੀਤੀਆਂ ਜਾਣਗੀਆਂ ਅਤੇ ਇਸ ਉਪਰੰਤ 28 ਫਰਵਰੀ ਤੱਕ ਸਰਕਾਰ ਨੂੰ ਭੇਜਣ ਲਈ ਮਾਸ ਡੈਪੂਟੇਸ਼ਨਾਂ ਰਾਹੀਂ ਡਿਪਟੀ ਕਮਿਸ਼ਨਰਾਂ ਨੂੰ ਮੰਗ ਪੱਤਰ ਸੌਂਪੇ ਜਾਣਗੇ। 28-29 ਜਨਵਰੀ ਨੂੰ ਯੋਧਪੁਰ (ਰਾਜਸਥਾਨ) ਵਿਖੇ ਇਸਤਰੀ ਮੁਲਾਜ਼ਮਾਂ ਦੀ ਹੋ ਰਹੀ ਕੌਮੀਂ ਕਾਨਫਰੰਸ ਵਿੱਚ 10 ਮਹਿਲਾ ਮੁਲਾਜ਼ਮ ਆਗੂਆਂ ਵਲੋਂ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਪ.ਸ.ਸ.ਫ. ਆਗੂ ਗੁਰਪ੍ਰੀਤ ਰੰਗੀਲਪੁਰ, ਗੁਰਦੇਵ ਸਿੰਘ ਸਿੱਧੂ, ਜਸਵਿੰਦਰ ਸੋਜਾ, ਮਨਜੀਤ ਬਾਜਵਾ, ਜੀਤ ਸਿੰਘ ਬਗਵਾਈਂ, ਤਰਸੇਮ ਮਾਧੋਪੁਰੀ, ਸਵਿੰਦਰ ਸਿੰਘ ਭੱਟੀ, ਕੁਲਦੀਪ ਕੌੜਾ, ਮਹਿੰਦਰ ਸਿੰਘ ਧਾਲੀਵਾਲ, ਹੀਰਾ ਸਿੰਘ ਭੱਟੀ, ਰਕੇਸ਼ ਕੁਮਾਰ ਵੀ ਹਾਜਰ ਸਨ।

ਨਵਾਂ ਜ਼ਮਾਨਾ

ਬੁੱਧਵਾਰ, 16 ਨਵੰਬਰ 2022

## ਸੁਝਾਅ ਦੇ ਬਿਨਾਂ ਆਲੋਚਨਾ ਵਿਅਰਥ

*ਜੱਜਾਂ ਦੀ ਨਿਯੁਕਤੀ ਕਰਨ ਵਾਲੀ ਜੱਜਾਂ 'ਤੇ ਅਧਾਰਤ ਕਾਲੇਜੀਅਮ ਪ੍ਰਣਾਲੀ ਨੂੰ ਲੈ ਕੇ ਚੱਲ ਰਹੀ ਬਹਿਸ ਦਰਮਿਆਨ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਟੀ ਐੱਸ ਠਾਕੁਰ ਨੇ ਕਿਹਾ ਹੈ ਕਿ ਬਦਲ ਮੁਹੱਈਆ ਕਰਾਏ ਬਿਨਾਂ ਕਾਲੇਜੀਅਮ ਪ੍ਰਣਾਲੀ ਦੀ ਆਲੋਚਨਾ ਕਰਨ ਦਾ ਕੋਈ ਮਤਲਬ ਨਹੀਂ। ਇਸ ਪ੍ਰਣਾਲੀ ਦੀ ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜੀਜੂ ਵੀ ਆਲੋਚਨਾ ਕਰ ਕੇ ਕਹਿ ਚੁੱਕੇ ਹਨ ਕਿ ਜੱਜ ਸਰਕਾਰ ਵੱਲੋਂ ਨਿਯੁਕਤ ਕਰਨ ਦੀ ਪ੍ਰਣਾਲੀ ਹੀ ਠੀਕ ਸੀ। ਜਸਟਿਸ ਠਾਕੁਰ ਦਾ ਕਹਿਣਾ ਹੈ—ਹਰ ਦਿਨ ਤੁਸੀਂ ਕਿਸੇ ਨੂੰ ਇਹ ਕਹਿੰਦਿਆਂ ਸੁਣਦੇ ਹੋ ਕਿ ਕਾਲੇਜੀਅਮ ਪ੍ਰਣਾਲੀ ਸਹੀ ਨਹੀਂ ਹੈ। ਕੋਈ ਵੀ ਇਹ ਨਹੀਂ ਕਹਿ ਸਕਦਾ ਕਿ ਕਾਲੇਜੀਅਮ ਪ੍ਰਣਾਲੀ ਸਭ ਤੋਂ ਉੱਤਮ ਹੈ, ਇਸ ਵਿਚ ਸੁਧਾਰ ਕੀਤਾ ਜਾ ਸਕਦਾ ਹੈ, ਜਿਵੇਂ ਕਿ ਵਰਤਮਾਨ ਚੀਫ ਜਸਟਿਸ ਡੀ ਵਾਈ ਚੰਦਰਚੂੜ ਕਹਿ ਚੁੱਕੇ ਹਨ। ਦਸੰਬਰ 2015 ਤੋਂ ਜਨਵਰੀ 2017 ਤੱਕ ਚੀਫ ਜਸਟਿਸ ਰਹੇ ਟੀ ਐੱਸ ਠਾਕੁਰ ਨੇ ਕਿਹਾ—ਮੈਨੂੰ ਨਹੀਂ ਲੱਗਦਾ ਕਿ ਕੋਈ ਵੀ ਸੰਭਾਵਤ ਸੁਧਾਰ ਦੇ ਜਤਨ ਦਾ ਵਿਰੋਧ ਕਰ ਸਕਦਾ ਹੈ।*

*ਮੋਦੀ ਸਰਕਾਰ ਨੇ ਆਉਂਦਿਆਂ ਹੀ ਜੱਜਾਂ ਦੀ ਨਿਯੁਕਤੀ ਵਿਚ ਆਪਣੀ ਵੁਕਤ ਵਧਾਉਣ ਲਈ ਕਾਲੇਜੀਅਮ ਦੀ ਥਾਂ ਲੈਣ ਵਾਲਾ ਨੈਸ਼ਨਲ ਜੁਡੀਸ਼ੀਅਲ ਅਪਾਇੰਟਮੈਂਟਸ ਕਮਿਸ਼ਨ (ਐੱਨ ਜੇ ਏ ਸੀ) ਕਾਨੂੰਨ ਪਾਸ ਕਰਵਾਇਆ ਸੀ, ਜਿਸ ਮੁਤਾਬਕ ਚੀਫ ਜਸਟਿਸ, ਪ੍ਰਧਾਨ ਮੰਤਰੀ ਅਤੇ ਲੋਕ ਸਭਾ ਦੇ ਆਗੂ ਤੇ ਦੋ ਉੱਘੀਆਂ ਸ਼ਖਸੀਅਤਾਂ ਨੇ ਜੱਜਾਂ ਦੀ ਨਿਯੁਕਤੀ ਕਰਨੀ ਸੀ। ਜਸਟਿਸ ਠਾਕੁਰ ਮੁਤਾਬਕ ਇਸ ਨੂੰ ਕੋਰਟ ਨੇ ਇਸ ਕਰਕੇ ਰੱਦ ਕਰ ਦਿੱਤਾ, ਕਿਉਂਕਿ ਇਹ ਨਿਆਂ ਪਾਲਿਕਾ ਦੀ ਆਜ਼ਾਦੀ ਨਾਲ ਸਮਝੌਤਾ ਕਰ ਰਿਹਾ ਸੀ। ਨਿਯੁਕਤੀਆਂ ਵਿਚ ਕਾਰਜ ਪਾਲਿਕਾ ਨੂੰ ਪ੍ਰਮੁੱਖ ਭੂਮਿਕਾ ਦਿੱਤੀ ਗਈ ਸੀ। ਤਾਂ ਵੀ ਇਸ ਦਾ ਮਤਲਬ ਇਹ ਨਹੀਂ ਸੁਧਾਰ ਸੰਭਵ ਨਹੀਂ। ਜਸਟਿਸ ਠਾਕੁਰ ਨੇ ਇਹ ਅਹਿਮ ਗੱਲ ਕਹੀ—ਕੋਈ ਬਦਲ ਸੁਝਾਏ ਬਿਨਾਂ ਵਿਵਸਥਾ ਦੀ ਆਲੋਚਨਾ ਕਿਤੇ ਨਹੀਂ ਲਿਜਾਂਦੀ। ਜਿੱਥੋਂ ਤੱਕ ਫੈਡਰਲਿਜ਼ਮ ਜਾਂ ਬੁਨਿਆਦੀ ਹੱਕਾਂ ਤੇ ਦੇਸ਼ ਦੀ ਧਰਮ ਨਿਰਪੱਖਤਾ ਦੀ ਸਾਖ ਦੀ ਰਾਖੀ ਦਾ ਸਵਾਲ ਹੈ, ਇਨ੍ਹਾਂ 'ਤੇ ਆਜ਼ਾਦ ਨਿਆਂ ਪਾਲਿਕਾ ਹੀ ਧਿਆਨ ਦੇ ਸਕਦੀ ਹੈ। ਇਹੀ ਉਹ ਨੁਕਤਾ ਹੈ, ਜਿਥੇ ਨਿਆਂ ਪਾਲਿਕਾ ਤੇ ਮੀਡੀਆ ਦੀ ਭੂਮਿਕਾ ਬਹੁਤ ਮਹੱਤਵ ਰੱਖਦੀ ਹੈ। ਸੁਪਰੀਮ ਕੋਰਟ ਦੇ ਕਾਲੇਜੀਅਮ ਦੀ ਪ੍ਰਧਾਨਗੀ ਚੀਫ ਜਸਟਿਸ ਕਰਦੇ ਹਨ ਤੇ ਕੋਰਟ ਦੇ ਚਾਰ ਸੀਨੀਅਰ ਜੱਜ ਇਸ ਦੇ ਮੈਂਬਰ ਹੁੰਦੇ ਹਨ। ਜੱਜਾਂ ਦੀ ਨਿਯੁਕਤੀ ਵਿਚ ਸਰਕਾਰ ਆਪਣਾ ਦਖਲ ਚਾਹੁੰਦੀ ਹੈ। ਇਹੀ ਕਾਰਨ ਹੈ ਕਿ ਕਾਲੇਜੀਅਮ ਵੱਲੋਂ ਸੁਝਾਏ ਨਾਵਾਂ ਨੂੰ ਉਹ ਛੇਤੀ ਕਲੀਅਰ ਨਹੀਂ ਕਰਦੀ, ਹਾਲਾਂਕਿ ਅਦਾਲਤਾਂ ਵਿਚ ਲੱਖਾਂ ਕੇਸ ਪੈਂਡਿੰਗ ਹਨ।*

### 107ਵੀਂ ਸ਼ਹੀਦੀ ਬਰਸੀ ਨੂੰ ਸਮਰਪਿਤ

# ਸ਼ਹੀਦ ਕਰਤਾਰ ਸਿੰਘ ਸਰਾਭਾ ਅਮਰ ਰਹੇਗਾ

**ਚਰਨ ਸਿੰਘ ਸਰਾਭਾ**



ਭਾਰਤੀ ਆਜ਼ਾਦੀ ਸੰਗਰਾਮ ਦੇ ਪ੍ਰਮੁੱਖ ਨਾਇਕ ਅਤੇ ਗ਼ਦਰ ਪਾਰਟੀ ਦੇ ਆਗੂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ 127 ਵਰ੍ਹੇ ਪਹਿਲਾਂ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਸ. ਮੰਗਲ ਸਿੰਘ ਅਤੇ ਮਾਤਾ ਸਾਹਿਬ ਕੌਰ ਦੇ ਘਰ ਹੋਇਆ। ਕਰਤਾਰ ਸਿੰਘ ਸਰਾਭਾ ਦਾ ਪਰਵਾਰ ਉਸ ਸਮੇਂ ਚੰਗਾ ਖਾਂਦਾ-ਪੀਂਦਾ ਪਰਵਾਰ ਸੀ। ਕਰਤਾਰ ਸਿੰਘ ਸਰਾਭਾ ਦੇ ਪਿਤਾ ਜੀ ਦਾ ਦੇਹਾਂਤ ਹੋ ਜਾਣ ਕਾਰਨ ਛੋਟੀ ਉਮਰ ਤੋਂ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਉਨ੍ਹਾ ਦੇ ਬਾਬਾ ਜੀ 'ਤੇ ਆ ਪਈ। ਕਰਤਾਰ ਸਿੰਘ ਨੇ ਆਪਣੀ ਮੁੱਢਲੀ ਪੜ੍ਹਾਈ ਪਿੰਡ ਦੇ ਹੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਦਸਵੀਂ ਤੱਕ ਦੀ ਪੜ੍ਹਾਈ ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਤੋਂ ਕਰਨ ਉਪਰੰਤ ਆਪਣੇ ਚਾਚਾ ਜੀ ਕੋਲ ਉੜੀਸਾ ਵੀ ਗਏ। ਇਸ ਉਪਰੰਤ ਬਾਬਾ ਜੀ ਦੇ ਯਤਨਾਂ ਸਦਕਾ ਉਚੇਰੀ ਪੜ੍ਹਾਈ ਲਈ ਕਰਤਾਰ ਸਿੰਘ ਨੂੰ ਅਮਰੀਕਾ ਭੇਜ ਦਿੱਤਾ ਗਿਆ, ਜਿਥੇ ਬਰਕਲੇ ਯੂਨੀਵਰਸਿਟੀ ਦੇ ਰਸਾਇਣ ਵਿਭਾਗ ਵਿੱਚ ਕਰਤਾਰ ਸਿੰਘ ਨੂੰ ਦਾਖਲਾ ਮਿਲ ਗਿਆ।

ਅਮਰੀਕਾ ਵਿੱਚ ਵਿਦਿਆਰਥੀ ਜੀਵਨ ਸਮੇਂ ਵਿਚਰਦਿਆਂ ਹੀ ਕਰਤਾਰ ਸਿੰਘ ਦੀ ਅਨੁਭਵੀ ਪ੍ਰਤਿਭਾ ਨੇ ਅਮਰੀਕੀ ਲੋਕਾਂ ਦੇ ਭਾਰਤੀਆਂ ਪ੍ਰਤੀ ਨਸਲਵਾਦ ਅਤੇ ਗੁਲਾਮ ਦੇਸ਼ ਦੇ ਵਾਸੀ ਹੋਣ ਦੇ ਦ੍ਰਿਸ਼ਟੀਕੋਣ ਤੋਂ ਘ੍ਰਿਣਾਤਮਕ ਵਤੀਰੇ ਨੂੰ ਭਾਂਪਿਆ। ਕਰਤਾਰ ਸਿੰਘ ਦਾ ਅਮਰੀਕਾ ਵਿੱਚ ਪਹਿਲਾਂ ਹੀ ਗਏ ਹੋਏ ਅਤੇ ਸਰਾਭਾ ਪਿੰਡ ਦੇ ਹੀ ਰੁਲੀਆ ਸਿੰਘ ਸਰਾਭਾ ਨਾਲ ਤਾਲਮੇਲ ਵਧਦਾ ਗਿਆ। ਅਮਰੀਕਾ ਵਿੱਚ ਉਸ ਸਮੇਂ ਤੱਕ ਗਏ ਹੋਏ ਭਾਰਤੀਆਂ ਦੀਆਂ ਘੱਟ ਉਜਰਤਾਂ ਅਤੇ ਲਗਾਤਾਰ ਵਿਤਕਰੇ ਭਰਪੂਰ ਵਰਤਾਰੇ ਅਤੇ ਗੁਲਾਮ ਭਾਰਤ ਦੀ ਸਥਿਤੀ ਕਾਰਨ ਇਨ੍ਹਾ ਦੇ ਮਨਾਂ ਵਿੱਚ ਭਾਰਤੀ ਆਜ਼ਾਦੀ ਪ੍ਰਾਪਤੀ ਦੇ ਵਿਚਾਰ ਪ੍ਰਬਲ ਹੋਣ ਲੱਗੇ। ਇਸੇ ਹੀ ਸਮੇਂ ਪ੍ਰਸਿੱਧ ਬੁੱਧੀਜੀਵੀ ਅਤੇ ਦੇਸ਼ ਭਗਤ ਲਾਲਾ ਹਰਦਿਆਲ ਅਮਰੀਕਾ ਵਿੱਚ ਸਨ। ਬਾਬਾ ਸੋਹਨ ਸਿੰਘ ਭਕਨਾ ਅਤੇ ਲਾਲਾ ਹਰਦਿਆਲ ਹੁਰਾਂ ਨੇ ਅਮਰੀਕਾ ਸਥਿਤ ਭਾਰਤੀਆਂ ਦੀ ਜਥੇਬੰਦੀ ਸਥਾਪਤ ਕਰਨ ਦਾ ਫ਼ੈਸਲਾ ਕੀਤਾ। ਬਰਕਲੇ ਯੂਨੀਵਰਸਿਟੀ ਵਿਖੇ ਭਾਰਤੀ ਵਿਦਿਆਰਥੀਆਂ ਦੀ ਇੱਕ ਮੀਟਿੰਗ ਸਮੇਂ ਕਰਤਾਰ ਸਿੰਘ ਸਰਾਭਾ ਦਾ ਮੇਲ ਲਾਲਾ ਹਰਦਿਆਲ ਨਾਲ ਹੋਇਆ। ਕਰਤਾਰ ਸਿੰਘ ਸਰਾਭਾ ਨੇ ਲਾਲਾ ਹਰਦਿਆਲ ਤੋਂ ਪ੍ਰਭਾਵਤ ਹੋ ਕੇ ਆਪਣੀ ਉਚੇਰੀ ਪੜ੍ਹਾਈ ਛੱਡ ਕੇ ਭਾਰਤ ਮਾਂ ਦੀ ਆਜ਼ਾਦੀ ਪ੍ਰਾਪਤੀ ਲਈ ਬਾਬਾ ਸੋਹਣ ਸਿੰਘ ਭਕਨਾ ਅਤੇ ਲਾਲਾ ਹਰਦਿਆਲ ਹੁਰਾਂ ਨੇ ਅਮਰੀਕਾ ਸਥਿਤ ਭਾਰਤੀਆਂ ਦੀ ਜਥੇਬੰਦੀ ਸਥਾਪਤ ਕਰਨ ਦਾ ਫ਼ੈਸਲਾ ਕੀਤਾ। ਬਰਕਲੇ ਯੂਨੀਵਰਸਿਟੀ ਵਿਖੇ ਭਾਰਤੀ ਵਿਦਿਆਰਥੀਆਂ ਦੀ ਇੱਕ ਮੀਟਿੰਗ ਸਮੇਂ ਕਰਤਾਰ ਸਿੰਘ ਸਰਾਭਾ ਦਾ ਮੇਲ ਲਾਲਾ ਹਰਦਿਆਲ ਨਾਲ ਹੋਇਆ। ਕਰਤਾਰ ਸਿੰਘ ਸਰਾਭਾ ਨੇ ਲਾਲ ਹਰਦਿਆਲਾ ਤੋਂ ਪ੍ਰਭਾਵਤ ਹੋ ਕੇ ਆਪਣੀ ਉਚੇਰੀ ਪੜ੍ਹਾਈ ਛੱਡ ਕੇ ਭਾਰਤ ਮਾਂ ਦੀ ਆਜ਼ਾਦੀ ਪ੍ਰਾਪਤੀ ਲਈ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਵਿੱਚ ਸਥਾਪਤ ਕੀਤੀ ਗਈ 'ਗ਼ਦਰ ਪਾਰਟੀ' ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕੀਤਾ ਅਤੇ ਗ਼ਦਰ ਪਾਰਟੀ ਦੇ ਫ਼ੈਸਲੇ ਅਨੁਸਾਰ ਸਨਫਰਾਂਸਿਸਕੋ ਵਿਖੇ ਗ਼ਦਰ ਪਾਰਟੀ ਦੇ ਮੁੱਖ ਦਫ਼ਤਰ ਵਿੱਚ ਕੰਮ ਕਰਨਾ ਆਰੰਭ ਕਰ ਦਿੱਤਾ। ਆਜ਼ਾਦੀ ਪ੍ਰਾਪਤੀ ਦੇ ਇਸ ਸੰਗਰਾਮ ਦਾ ਸੰਦੇਸ਼ ਵਿਚਾਰ ਅਤੇ ਪ੍ਰੋਗਰਾਮ ਨੂੰ ਵਿਸ਼ਾਲ ਬਣਾਉਣ ਲਈ ਗ਼ਦਰ ਪਾਰਟੀ ਨੇ 'ਗ਼ਦਰ' ਅਖ਼ਬਾਰ ਚਾਲੂ ਕਰਨ ਦਾ ਫ਼ੈਸਲਾ ਕੀਤਾ ਅਤੇ ਇਸ ਨੂੰ ਛਾਪਣ ਦੀ ਮੁੱਖ ਜ਼ਿੰਮੇਵਾਰੀ ਵੀ ਕਰਤਾਰ ਸਿੰਘ ਸਰਾਭਾ ਉੱਪਰ ਹੀ ਪਾਈ ਗਈ। ਗ਼ਦਰ ਪਾਰਟੀ ਨਾਲ ਸੰਬੰਧਤ ਪ੍ਰਕਾਸ਼ਤ ਹੋਈਆਂ ਕਿਤਾਬਾਂ ਦੇ ਵਰਕੇ ਦੱਸਦੇ ਹਨ ਕਿ ਕਰਤਾਰ ਸਿੰਘ ਸਰਾਭਾ ਇਸ ਪਰਚੇ ਨੂੰ ਛਾਪਣ ਵਾਲੀ ਹੱਥ ਨਾਲ ਚੱਲਣ ਵਾਲੀ ਮਸ਼ੀਨ 'ਤੇ ਲਗਾਤਾਰ ਕੰਮ ਕਰਦਾ ਅਤੇ ਗਾਉਂਦਾ ਰਹਿੰਦਾ 'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ-ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।'' ਭਾਰਤੀ ਜਨ-ਸਮੂਹਾਂ ਅਤੇ ਹੋਰ ਦੇਸ਼ਾਂ ਵਿੱਚ ਵੱਖ-ਵੱਖ ਦੇਸ਼ ਭਗਤਾਂ ਨੂੰ ਜਾਗਰੂਕ ਕਰਦਾ ਇਹ ਪਰਚਾ ਗੁਪਤ ਰਸਤਿਆਂ ਅਤੇ ਸਾਧਨਾਂ ਰਾਹੀਂ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਭੇਜਣਾ ਸਮੇਂ ਦਾ ਬਹੁਤ ਹੀ ਕਠਿਨ ਕੰਮ ਸੀ।

1914-15 ਵਿੱਚ ਪਹਿਲੀ ਸੰਸਾਰ ਜੰਗ ਦੇ ਆਰੰਭ ਹੋਣ ਕਾਰਨ ਇਨ੍ਹਾਂ ਗ਼ਦਰੀ ਦੇਸ਼ ਭਗਤਾਂ ਨੇ ਇਸ ਨੂੰ ਲਾਹੇਵੰਦ ਸਮਾਂ ਸਮਝਦਿਆਂ ਫੈਸਲਾ ਕੀਤਾ ਕਿ ਭਾਰਤ ਜਾ ਕੇ ਹਥਿਆਰਬੰਦ ਇਨਕਲਾਬਾ ਰਾਹੀਂ ਅੰਗਰੇਜ਼ ਦੀ ਲੋਟੂ ਸਾਮਰਾਜੀ ਹਕੂਮਤ ਦਾ ਖਾਤਮਾ ਕੀਤਾ ਜਾਵੇ। ਇਸ ਪ੍ਰੋਗਰਾਮ ਅਧੀਨ ਹੋਰ ਸਾਥੀਆਂ ਦੇ ਨਾਲ ਕਰਤਾਰ ਸਿੰਘ ਸਰਾਭਾ ਸ੍ਰੀਲੰਕਾ ਰਾਹੀਂ ਭਾਰਤ ਪੁੱਜੇ। ਇਥੇ ਕਰਤਾਰ ਸਿੰਘ ਸਰਾਭਾ ਦੇ ਜ਼ਿੰਮੇ ਲੱਗਾ ਕਿ ਫੌਜੀ ਛਾਉਣੀਆਂ ਵਿੱਚ ਤਾਲਮੇਲ ਪੈਦਾ ਕਰਕੇ ਭਾਰਤੀ ਫੌਜੀਆਂ ਨੂੰ ਬਗਾਵਤ ਕਰਨ ਲਈ ਪ੍ਰੇਰਿਆ ਜਾਵੇ ਅਤੇ ਹਥਿਆਰ ਪ੍ਰਾਪਤ ਕੀਤੇ ਜਾਣ। ਇਸ ਮੰਤਵ ਦੀ ਪੂਰਤੀ ਲਈ ਕਰਤਾਰ ਸਿੰਘ ਸਰਾਭਾ ਲਾਹੌਰ ਅਤੇ ਫਿਰੋਜ਼ਪੁਰ ਦੀਆਂ ਛਾਉਣੀਆਂ ਵਿੱਚ ਜਾ ਕੇ ਤਾਲਮੇਲ ਪੈਦਾ ਕਰਦੇ ਰਹੇ। ਬੜੀ ਫੁਰਤੀ ਅਤੇ ਲਗਨ ਨਾਲ ਫੌਜੀਆਂ ਨਾਲ ਤਾਲਮੇਲ ਪੈਦਾ ਕਰਨ ਉਪਰੰਤ ਹਥਿਆਰਬੰਦ ਬਗਾਵਤ ਲਈ 20 ਫ਼ਰਵਰੀ 1915 ਦਾ ਦਿਨ ਨਿਸ਼ਚਿਤ ਕੀਤਾ ਗਿਆ। ਸੰਗਰਾਮੀ ਇਤਿਹਾਸ ਦੇ ਵਰਕੇ ਦੱਸਦੇ ਹਨ ਕਿ ਇਸ ਲਹਿਰ ਵਿੱਚ ਹੀ ਛੁਪੇ ਗਦਾਰਾਂ ਦੀ ਮੁਖਬਰੀ ਕਾਰਨ ਇਹ ਖ਼ਬਰ ਬਾਹਰ ਕੱਢ ਦੇਣ ਕਾਰਨ ਮਿਤੀ ਬਦਲਣੀ ਪਈ। ਗਦਾਰਾਂ ਦੀ ਮੁਖਬਰੀ ਕਾਰਨ ਦੂਜੀ ਬਦਲਵੀਂ ਮਿਤੀ ਸਮੇਂ ਪੁਲਸ ਛਾਪੇ ਕਾਰਨ ਪ੍ਰੋਗਰਾਮ ਸਿਰੇ ਨਾ ਚੜ੍ਹ ਸਕਿਆ ਅਤੇ ਕਈ ਗਦਰੀ ਦੇਸ਼ ਭਗਤ ਗ੍ਰਿਫ਼ਤਾਰ ਵੀ ਕੀਤੇ ਗਏ, ਪ੍ਰੰਤੂ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਸੁਰੱਖਿਅਤ ਬਚ ਨਿਕਲੇ। ਇਸ ਸਥਿਤੀ ਵਿੱਚ ਕੁਝ ਦੇਸ਼ ਭਗਤਾਂ ਵੱਲੋਂ ਸਲਾਹ ਮਿਲੀ ਕਿ ਇੱਥੋਂ ਕਾਬੁਲ ਵੱਲ ਨਿਕਲਿਆ ਜਾਵੇ, ਪਰ ਕਰਤਾਰ ਸਿੰਘ ਸਰਾਭਾ ਦੇ ਇਹ ਸ਼ਬਦ 'ਬਣੀ ਸਿੰਘ ਸ਼ੇਰਾਂ 'ਤੇ ਨਹੀਂ ਜਾਣਾ ਭੱਜ ਕੇ।' ਉਨ੍ਹਾ ਨੂੰ ਫਿਰ ਮੋੜ ਲਿਆਏ ਅਤੇ ਉਹ ਹਥਿਆਰਾਂ ਦੀ ਪ੍ਰਾਪਤੀ ਲਈ ਜਗਤ ਸਿੰਘ ਦੇ ਇੱਕ ਮਿੱਤਰ ਕੋਲ ਸਰਗੋਧਾ ਚਲੇ ਗਏ। ਇਥੇ ਉਸ ਨੇ ਮੁਖਬਰੀ ਕਰਕੇ ਰਸਾਲਦਾਰ ਗੰਡਾ ਸਿੰਘ ਰਾਹੀਂ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ।

26 ਅਪ੍ਰੈਲ 1915 ਨੂੰ ਇਨ੍ਹਾਂ ਗਦਰੀ ਦੇਸ਼ ਭਗਤਾਂ ਵਿਰੁੱਧ ਲਾਹੌਰ ਸਾਜ਼ਿਸ਼ ਕੇਸ-1 ਅਧੀਨ ਮੁਕੱਦਮਾ ਚਲਾਇਆ ਗਿਆ। ਇਸ ਨਿਰਅਧਾਰ ਦੋਸ਼ਾਂ ਵਾਲੇ ਮੁਕੱਦਮੇ ਅਤੇ ਮੁਖਬਰਾਂ ਦੀਆਂ ਝੂਠੀਆਂ ਗਵਾਹੀਆਂ ਦੇ ਅਧਾਰ 'ਤੇ ਵਿਸ਼ੇਸ਼ ਅਦਾਲਤ ਵੱਲੋਂ 13 ਸਤੰਬਰ 1915 ਨੂੰ ਆਪਣਾ ਫੈਸਲਾ ਸੁਣਾਉਂਦਿਆਂ 64 ਦੇਸ਼ ਭਗਤਾਂ ਵਿੱਚੋਂ 24 ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਗਈ ਅਤੇ ਬਾਕੀਆਂ ਨੂੰ ਉਮਰ ਕੈਦ ਜਾਂ ਕਈ-ਕਈ ਸਾਲ ਦੀਆਂ ਲੰਮੀਆਂ ਕੈਦਾਂ ਸੁਣਾਈਆਂ ਗਈਆਂ। 24 ਦੇਸ਼ ਭਗਤਾਂ ਨੂੰ ਫ਼ਾਂਸੀ ਦੀ ਸਜ਼ਾ ਦੇਣ ਦਾ ਇਹ ਫੈਸਲਾ ਏਨਾ ਨਿਰਅਧਾਰ ਅਤੇ ਜ਼ਾਲਮਾਨਾ ਸੀ ਕਿ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਵੀ ਇਸ ਵਿਰੁੱਧ ਜ਼ੋਰਦਾਰ ਆਵਾਜ਼ ਉੱਠੀ, ਜਿਸ ਕਾਰਨ ਉਸ ਸਮੇਂ ਦੇ ਭਾਰਤੀ ਵਾਇਸਰਾਏ ਲਾਰਡ ਹਾਰਡਿੰਗ ਨੂੰ ਆਪ ਦਖ਼ਲ ਦੇਣਾ ਪਿਆ। ਸਿੱਟੇ ਵਜੋਂ ਇਨ੍ਹਾਂ ਵਿੱਚੋਂ 17 ਦੇਸ਼ ਭਗਤਾਂ ਦੀ ਫ਼ਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਦਿੱਤੀ ਗਈ ਅਤੇ ਸੱਤ ਦੇਸ਼ ਭਗਤਾਂ ਨੂੰ ਕਰਤਾਰ ਸਿੰਘ ਸਰਾਭਾ ਸਮੇਤ ਫਾਂਸੀ ਦੀ ਸਜ਼ਾ ਬਹਾਲ ਰਾਖੀ ਗਈ। ਕਰਤਾਰ ਸਿੰਘ ਸਰਾਭਾ ਦੀ ਛੋਟੀ ਉਮਰ ਹੋਣ ਕਾਰਨ ਜੱਜਾਂ ਵੱਲੋਂ ਉਸ ਨੂੰ ਰਹਿਮ ਦੀ ਅਪੀਲ ਕਰਨ ਲਈ ਕਿਹਾ ਗਿਆ। ਕਰਤਾਰ ਸਿੰਘ ਸਰਾਭਾ ਨੇ ਜਦੋਂ ਰਹਿਮ ਦੀ ਅਪੀਲ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਭੜਕਾਹਟ ਵਿੱਚ ਆਏ ਜੱਜਾਂ ਨੇ ਕਿਹਾ, "ਇਨ੍ਹਾਂ 64 ਸਾਜ਼ਿਸ਼ੀਆਂ ਵਿੱਚੋਂ ਕਰਤਾਰ ਸਿੰਘ ਦੇ ਕਾਰਨਾਮਿਆਂ ਦੀ ਤਫ਼ਸੀਲ ਬੜੀ ਲੰਬੀ ਹੈ। ਅਮਰੀਕਾ ਵਿੱਚ ਸਮੁੰਦਰੀ ਰਸਤੇ ਵਿੱਚ ਅਤੇ ਭਾਰਤ ਵਿੱਚ ਇਸ ਸਾਜ਼ਿਸ਼ ਦਾ ਕੋਈ ਖੇਤਰ ਨਹੀਂ, ਜਿਸ ਵਿੱਚ ਕਰਤਾਰ ਸਿੰਘ ਦੀ ਭੂਮਿਕਾ ਨਾ ਹੋਵੇ। ਉਸ ਨੂੰ ਆਪਣੇ ਕਾਰਨਾਮਿਆਂ 'ਤੇ ਬੜਾ ਘੁਮੰਡ ਹੈ। ਇਸ ਲਈ ਇਸ ਉੱਪਰ ਕੋਈ ਰਹਿਮ ਨਹੀਂ ਕੀਤਾ ਜਾ ਸਕਦਾ? ਉਸ ਸਮੇਂ ਦੇ ਵਕੀਲਾਂ ਅਤੇ ਕਾਨੂੰਨੀ ਮਾਹਰਾਂ ਅਨੁਸਾਰ ਕਾਨੂੰਨੀ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਦੇਸ਼ ਭਗਤਾਂ ਨੂੰ ਅਜਿਹੀ ਕੋਈ ਸਜ਼ਾ ਨਹੀਂ ਦਿੱਤੀ ਜਾ ਸਕਦੀ ਸੀ। ਉਨ੍ਹਾਂ ਉੱਪਰ ਬਣਾਏ ਗਏ ਸਾਰੇ ਕੇਸ ਅਤੇ ਭੁਗਤਾਏ ਗਏ ਗਵਾਹ ਗਲਤ ਅਤੇ ਝੂਠੇ ਸਨ। ਹਾਂ ਇੱਕ ਕਸੂਰ ਸੀ ਇਨ੍ਹਾਂ ਮਹਾਨ ਦੇਸ਼ ਭਗਤਾਂ ਦਾ ਕਿ ਉਹ ਆਪਣੇ ਦੇਸ਼ ਭਾਰਤ ਲਈ ਸੰਪੂਰਨ ਆਜ਼ਾਦੀ ਦੀ ਮੰਗ ਕਰਦੇ ਸਨ, ਜਿਸ ਤੋਂ ਉਹ ਕਦੇ ਮੁਨਕਰ ਨਹੀਂ ਹੋਏ ਅਤੇ ਇਹ ਉਨ੍ਹਾ ਦਾ ਮੁਢਲਾ ਮਨੁੱਖੀ ਅਤੇ ਕੌਮੀ ਹੱਕ ਵੀ ਸੀ। ਇਸ ਤਰ੍ਹਾਂ ਝੂਠੇ ਮੁਕੱਦਮੇ ਅਧੀਨ ਜ਼ਾਲਮ ਅਤੇ ਲੁਟੇਰੀ ਅੰਗਰੇਜ਼ ਸਾਮਰਾਜੀ ਸਰਕਾਰ ਨੇ 16 ਨਵੰਬਰ 1915 ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟ, ਬਖਸ਼ੀਸ਼ ਸਿੰਘ ਗਿੱਲਵਾਲੀ, ਸੁਰੈਣ ਸਿੰਘ ਗਿਲਵਾਸੀ-੧ ਅਤੇ ਸੁਰੈਣ ਸਿੰਘ ਗਿਲਵਾਲੀ-੧੧ ਸਮੇਤ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। 16 ਨਵੰਬਰ 1915 ਨੂੰ ਕਰਤਾਰ ਸਿੰਘ ਸਰਾਭਾ ਸਮੇਤ ਛੇ ਸਾਥੀਆਂ ਨੂੰ ਫਾਂਸੀ ਲਾ ਕੇ ਸਰੀਰਕ ਤੌਰ 'ਤੇ ਸਾਡੇ ਕੋਲੋਂ ਖੋਹ ਲਿਆ ਗਿਆ ,ਪ੍ਰੰਤੂ 15 ਅਗਸਤ 1947 ਨੂੰ ਭਾਰਤੀ ਆਜ਼ਾਦੀ ਪ੍ਰਾਪਤੀ ਦੇ ਰੂਪ ਵਿੱਚ ਕਰਤਾਰ ਸਿੰਘ ਸਰਾਭਾ ਅਤੇ ਛੇ ਸਾਥੀਆਂ ਦੀ ਵੱਡੀ ਜਿੱਤ ਹੋਈ ਅਤੇ ਅੰਗਰੇਜ਼ ਸਾਮਰਾਜੀਆਂ ਦੀ ਸ਼ਰਮਨਾਕ ਹਾਰ। ਜਦੋਂ ਅੰਗਰੇਜ਼ਾਂ ਸਰਕਾਰ ਦਾ ਬਿਸਤਰਾ ਗੋਲ ਹੋਇਆ ਅਤੇ ਭਾਰਤ ਆਜ਼ਾਦ। ਭਾਰਤ ਦੇ ਇਸ ਆਜ਼ਾਦੀ ਸੰਗਰਾਮ ਦੀ ਇਤਿਹਾਸਕ ਮਹੱਤਤਾ ਜਾਨਣ ਅਤੇ ਸਮਝਣ ਲਈ ਇੱਥੇ ਸਾਂਝਾ ਕੀਤਾ ਜਾਂਦਾ ਹੈ ਕਿ ਅਮਰੀਕਾ ਵਿੱਚ ਕਰਤਾਰ ਸਿੰਘ ਸਰਾਭਾ ਅਤੇ ਸਾਥੀ ਦੇਸ਼ ਭਗਤਾਂ ਦੇ ਸਹਿਯੋਗ ਨਾਲ ਛਪਦੇ 'ਗ਼ਦਰ' ਦੇ ਪਹਿਲੇ ਹੀ ਅੰਕ ਵਿੱਚ ਨਵੰਬਰ 1913 ਵਿੱਚ ਅੰਗਰੇਜ਼ ਸਰਕਾਰ ਦੀ ਭਾਰਤੀਆਂ ਅਤੇ ਭਾਰਤ ਵਿਰੋਧੀ ਕਾਰਕਰਦਗੀ ਦਾ ਕੱਚਾ ਚਿੱਠਾ ਛਾਪਿਆ ਸੀ, ਜਿਸ ਵਿੱਚ ਵੱਖ-ਵੱਖ ਖੇਤਰਾਂ ਸੰਬੰਧੀ ਵਰਨਣ ਕੀਤੇ ਗਏ ਸਨ। ਇਨ੍ਹਾਂ ਵਿੱਚੋਂ ਹੇਠ ਲਿਖਿਆਂ ਦਾ ਵਰਨਣ ਕੀਤਾ ਜਾਂਦਾ ਹੈ:

ਅੰਗਰੇਜ਼ ਹਰ ਸਾਲ ਭਾਰਤ ਵਿੱਚੋਂ 50 ਕਰੋੜ ਰੁਪਿਆ ਇੰਗਲੈਂਡ ਲੈ ਜਾਂਦੇ ਹਨ। ਇਸ ਕਰਕੇ ਅਸੀਂ ਇੰਨੇ ਗਰੀਬ ਹੋ ਗਏ ਹਾਂ ਕਿ ਹਿੰਦੁਸਤਾਨ ਵਿੱਚ ਦਿਹਾੜੀ ਪੰਜ ਪੈਸੇ ਹੈ।

ਜ਼ਮੀਨ ਦਾ ਮਾਮਲਾ 65 ਪ੍ਰਤੀਸ਼ਤ ਤੋਂ ਵਧੇਰੇ ਹੈ।

24 ਕਰੋੜ ਆਦਮੀਆਂ ਦੀ ਵਿੱਦਿਆ 'ਤੇ ਪੌਣੇ ਅੱਠ ਕਰੋੜ ਰੁਪਏ ਅਤੇ ਬਿਮਾਰੀਆਂ ਰੋਕਣ ਲਈ ਸਿਰਫ਼ ਦੋ ਕਰੋੜ ਰੁਪਏ ਖ਼ਰਚ ਕੀਤੇ ਜਾਂਦੇ ਹਨ।

ਇਨ੍ਹਾਂ ਤਿੰਨ ਮੁੱਦਿਆਂ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ ਤਾਂ ਕਿ ਅਸੀਂ ਸਮਝ ਸਕੀਏ ਕਿ ਸਾਡੇ ਇਨ੍ਹਾਂ ਦੇਸ਼ ਭਗਤਾਂ ਦੀ ਸੋਚ ਉਸ ਸਮੇਂ ਕਿੰਨੀ ਦੂਰ-ਅੰਦੇਸ਼ੀ ਵਾਲੀ ਸੀ। ਉਨ੍ਹਾ ਨੇ ਅੰਗਰੇਜ਼ ਸਰਕਾਰ ਦੀ ਭਾਰਤੀ ਸਿੱਖਿਆ ਨੀਤੀ, ਸਿਹਤ ਨੀਤੀ, ਮਜ਼ਦੂਰ ਜਮਾਤ ਅਤੇ ਕਿਸਾਨੀ ਹਿਤਾਂ ਪ੍ਰਤੀ ਗੈਰ ਸੰਜੀਦਗੀ ਦਾ ਗੰਭੀਰ ਨੋਟਿਸ ਲਿਆ ਸੀ। ਜਿਸ ਤੋਂ ਇਹ ਵੀ ਸਪੱਸ਼ਟ ਸੀ ਕਿ ਆਜ਼ਾਦੀ ਪ੍ਰਾਪਤੀ ਉਪਰੰਤ ਕੌਮੀ ਉਸਾਰੀ ਵਿੱਚ ਇਨ੍ਹਾਂ ਖੇਤਰਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ, ਪਰ ਦੁੱਖ ਦੀ ਗੱਲ ਹੈ ਕਿ ਕਰਤਾਰ ਸਿੰਘ ਸਰਾਭਾ ਅਤੇ ਗ਼ਦਰ ਪਾਰਟੀ ਆਗੂਆਂ ਨੇ ਜਿਹੜੇ ਸੁਪਨੇ 1913 ਦੇ ਸਾਲ ਵਿੱਚ ਚਿਤਵੇ ਸਨ, ਉਹ ਭਾਰਤੀ ਆਜ਼ਾਦੀ ਪ੍ਰਾਪਤੀ ਦੇ 75 ਸਾਲਾਂ ਤੱਕ ਵੀ ਪੂਰੇ ਨਹੀਂ ਹੋਏ। ਅੱਜ ਤੱਕ ਭਾਰਤ ਸਾਰੇ ਬੱਚਿਆਂ ਨੂੰ ਮੁਢਲੀ ਜ਼ਰੂਰੀ ਗੁਣਾਤਮਕ ਸਿੱਖਿਆ ਵੀ ਨਹੀਂ ਦੇ ਸਕਿਆ, ਕਿਉਂਕਿ ਸਿੱਖਿਆ ਖੇਤਰ ਵਿੱਚ ਸਰਕਾਰੀ ਜ਼ਿੰਮੇਵਾਰੀ ਅਧੀਨ ਲੋੜੀਂਦੇ ਵਿੱਤੀ ਨਿਵੇਸ਼ ਨਹੀਂ ਕੀਤੇ ਗਏ। ਸਿਹਤ ਸੰਭਾਲ ਦੀ ਹਾਲਾਤ ਹੋਰ ਵੀ ਗੰਭੀਰ ਹੈ, ਜਿਸ ਦਾ ਪਰਦਾ ਕੋਰੋਨਾ ਕਾਲ ਵਿੱਚ ਪੂਰੀ ਤਰ੍ਹਾਂ ਫਾਸ਼ ਹੋ ਗਿਆ ਸੀ। ਇਸ ਤੋਂ ਬਿਨਾਂ ਭਾਰਤ ਦੀ ਸਮੁੱਚੀ ਮਜ਼ਦੂਰ ਜਮਾਤ ਲਈ 1955 ਵਿੱਚ ਨਿਰਧਾਰਤ ਕੀਤੀ ਗਈ ਘੱਟੋ-ਘੱਟ ਉਜਰਤ ਨੀਤੀ ਲਾਗੂ ਨਹੀਂ ਕੀਤੀ ਗਈ। ਮਜ਼ਦੂਰ ਜਮਾਤ ਦੇ ਰੁਜ਼ਗਾਰ ਦੀ ਕੋਈ ਗਰੰਟੀ ਨਹੀਂ। ਕਿਰਤ ਕਾਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਤਬਦੀਲੀਆ ਕੀਤੀਆਂ ਜਾ ਰਹੀਆਂ। ਕੋਰੋਨਾ ਕਾਲ ਵਿੱਚ ਕਈ ਥਾਈਂ ਮਜ਼ਦੂਰਾਂ ਦੀ ਦਿਹਾੜੀ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਦੇ ਯਤਨ ਕੀਤੇ ਗਏ। ਇਸੇ ਤਰ੍ਹਾਂ ਕਿਸਾਨੀ ਦੀ ਮਿਹਨਤ ਦੀ ਲੁੱਟ ਲਗਾਤਾਰ ਜਾਰੀ ਹੈ, ਜਿਸ ਕਾਰਨ ਵੱਡੀ ਗਿਣਤੀ ਵਿੱਚ ਛੋਟੇ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ। ਇਹ ਸਾਰੀਆਂ ਅਲਾਮਤਾਂ ਉਹੀ ਹਨ, ਜੋ ਵਧੇਰੇ ਕਰਕੇ ਅੰਗਰੇਜ਼ੀ ਰਾਜ ਵੇਲੇ ਵੀ ਸਨ। ਅੱਜ ਵੀ ਅੰਗਰੇਜ਼ੀ ਰਾਜ ਵਾਂਗ ਉਪਰੋਕਤ ਦੱਸੇ ਜਨਤਕ ਮੁੱਦਿਆਂ ਤੋਂ ਲੋਕਾਂ ਨੂੰ ਪਾਸੇ ਕਰਨ ਲਈ ਫਿਰਕੂ ਨਫ਼ਰਤ ਫੈਲਾ ਕੇ ਲੋਕਾਂ ਵਿੱਚ ਵੰਡੀਆਂ ਪਾਉਣ ਦੇ ਯਤਨ ਜਾਰੀ ਹਨ। ਇਸ ਸਥਿਤੀ ਦਾ ਕਾਰਨ ਹੈ ਕਿ ਸਾਡੇ ਮਹਾਨ ਸ਼ਹੀਦਾਂ ਦੇ ਸੁਪਨੇ ਅੱਜ ਤਕ ਅਧੂਰੇ ਹਨ। ਆਜ਼ਾਦੀ ਪ੍ਰਾਪਤੀ ਦੇ ਬਣਦੇ ਹੱਕ ਅਤੇ ਲਾਭ ਹਰ ਭਾਰਤੀ ਤੱਕ ਨਹੀਂ ਪੁਜ ਸਕੇ। ਵੱਡੀ ਲੋੜ ਹੈ ਇਨ੍ਹਾਂ ਸੁਪਨਿਆਂ ਦੀ ਪੂਰਤੀ ਲਈ ਇਨ੍ਹਾਂ ਦੇ ਇਤਿਹਾਸ ਨੂੰ ਪੜ੍ਹਿਆ ਜਾਵੇ, ਸਮਝਿਆ ਜਾਵੇ ਅਤੇ ਇਨ੍ਹਾਂ ਨੂੰ ਲਾਗੂ ਕਰਵਾਉਣ ਲਈ ਲੋਕਰਾਜ ਵਿੱਚ ਵਿਸ਼ਵਾਸ ਰੱਖਦੀ ਚੇਤੰਨ ਜਨਤਕ ਲਾਮਬੰਦੀ ਦਾ ਹਿੱਸਾ ਬਣਾਇਆ ਜਾਵੇ। ਅੰਤ ਵਿੱਚ ਅਸੀਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ 107ਵੀਂ ਸ਼ਹੀਦੀ ਬਰਸੀ ਸਮੇਂ ਉਨ੍ਹਾ ਦੀਆਂ ਕੁਰਬਾਨੀਆਂ ਨੂੰ ਸਲਾਮ ਕਰਦੇ ਹਾਂ ਅਤੇ ਵਿਸ਼ਵਾਸ ਰੱਖਦੇ ਹਾਂ ਕਿ ਆਪਣੇ ਵਿਚਾਰਾਂ ਰਾਹੀਂ ਸ਼ਹੀਦ ਕਰਤਾਰ ਸਿੰਘ ਸਰਾਭਾ ਆਪਣੇ ਸ਼ਹੀਦ ਸਾਥੀਆਂ ਸਮੇਤ ਅਮਰ ਹੈ ਅਤੇ ਅਮਰ ਰਹੇਗਾ।

**# ਸੰਪਰਕ : 94177-51888**

# ਕੀ ਹੈ ਸਾਈਬਰ ਕਰਾਈਮ ਅਤੇ ਇਸ ਤੋਂ ਕਿਵੇਂ ਜਾ ਸਕਦਾ ਹੈ ਬਚਿਆ ?



ਸੰਦੀਪ ਕੰਬੋਜ

ਅੱਜ-ਕੱਲ੍ਹ ਕ੍ਰਾਈਮ ਕਰਨ ਲਈ ਵਾਰ ਨਾ ਸਿਰਫ ਤਲਵਾਰ ਦੀ ਨੋਕ 'ਤੇ ਅਤੇ ਨਾ ਪਿਸਤੌਲ ਦੀ ਵਾਰ 'ਤੇ ਹੋ ਰਹੇ ਹਨ, ਸਗੋਂ ਅੱਜ-ਕੱਲ੍ਹ ਵਾਰ ਇੱਕ ਮਾਊਸ ਦੀ ਕਲਿੱਕ 'ਤੇ ਹੋ ਰਹੇ ਹਨ। ਸਾਈਬਰ ਕਰਾਇਮ ਉਸ ਕ੍ਰਾਈਮ ਨੂੰ ਕਿਹਾ ਜਾਂਦਾ ਹੈ, ਜੋ ਕ੍ਰਾਈਮ ਕੰਪਿਊਟਰ ਤੇ ਇੰਟਰਨੈੱਟ ਰਾਹੀਂ ਕੀਤਾ ਜਾਂਦਾ ਹੈ। ਅੱਜ-ਕੱਲ੍ਹ ਅਸੀਂ ਆਮ ਹੀ ਦੇਖਦੇ ਹਾਂ ਕਿ ਸਾਡੇ ਮੋਬਾਇਲ ਫੋਨ 'ਤੇ ਮੈਸਿਜ਼ ਆਉਂਦਾ ਹੈ ਜਾਂ ਈ ਮੇਲ ਆਉਂਦੀ ਹੈ ਕਿ ਤੁਹਾਡੀ ਇੰਨੇ ਲੱਖ ਦੀ ਲਾਟਰੀ ਨਿਕਲੀ ਹੈ ਅਤੇ ਤੁਸੀਂ ਉਸ ਲਾਟਰੀ ਦਾ 10 ਪ੍ਰਤੀਸ਼ਤ ਇਸ ਖਾਤੇ ਨੰਬਰ ਵਿੱਚ ਟਰਾਂਸਫਰ ਕਰੋ ਅਤੇ ਉਸ ਤੋਂ ਬਾਅਦ ਲਾਟਰੀ ਦੇ ਪੂਰੇ ਪੈਸੇ ਤੁਹਾਡੇ ਖਾਤੇ ਵਿੱਚ ਟਰਾਂਸਫਰ ਕਰ ਦਿੱਤੇ ਜਾਣਗੇ। ਹੁੰਦਾ ਕੀ ਹੈ ਭੋਲੇ-ਭਾਲੇ ਲੋਕ ਕਿਸੇ ਨੂੰ ਬਿਨਾਂ ਕੁਝ ਦੱਸੇ ਬਿਨਾਂ ਕੁਝ ਪੁੱਛੇ ਉਸ ਖਾਤੇ ਨੰਬਰ ਵਿੱਚ 10 ਪ੍ਰਤੀਸਤ ਰਾਸੀ ਜਮ੍ਹਾਂ ਕਰਵਾ ਦਿੰਦੇ ਹਨ ਪਰ ਉਹਨਾਂ ਨੂੰ ਅਸਲ ਵਿੱਚ ਇਹ ਹੀ ਨਹੀਂ ਪਤਾ ਹੁੰਦਾ ਹੈ ਕਿ ਜਿਹੜੀ ਲਾਟਰੀ ਅਸੀਂ ਪਾਈ ਹੀ ਨਹੀਂ ਉਹ ਨਿਕਲ ਕਿਵੇਂ ਆਈ? ਸਾਈਬਰ ਕ੍ਰਾਈਮ ਕਰਨ ਵਾਲੇ ਲੋਕ ਉਹ 10 ਪ੍ਰਤੀਸ਼ਤ ਰਾਸ਼ੀ ਲੈ ਕੇ ਰਫੂ-ਚੱਕਰ ਹੋ ਜਾਂਦੇ ਹਨ ਅਤੇ ਬਾਅਦ ਵਿੱਚ ਲੱਭਿਆਂ ਵੀ ਨਹੀਂ ਲੱਭਦੇ। ਜਦੋਂ ਕੰਪਿਊਟਰ ਤੇ ਇੰਟਰਨੈੱਟ ਰਾਹੀਂ ਕੋਈ ਹੈਕਰ ਸਾਡੀ ਫੇਸਬੁੱਕ, ਇੰਸਟਾਗ੍ਰਾਮ, ਟਵਿੱਟਰ ਜਾਂ ਫਿਰ ਈ ਮੇਲ ਆਈ.ਡੀ ਹੈਕ ਕਰਕੇ ਸਾਡੇ ਦੋਸਤਾਂ-ਮਿੱਤਰਾਂ ਨੂੰ ਮੈਸਿਜ਼ ਕਰਦਾ ਹੈ ਕਿ ਮੈਂ ਬਹੁਤ ਵੱਡੀ ਮੁਸ਼ਕਲ ਵਿੱਚ ਫਸ ਗਿਆ ਹਾਂ ਅਤੇ ਇੰਨੇ ਪੈਸੇ ਮੇਰੇ ਖਾਤੇ ਵਿੱਚ ਹੁਣੇ ਟਰਾਂਸਫਰ ਕਰ ਦੋ। ਅਸੀਂ ਇਹ ਸਮਝਦੇ ਹਾਂ ਕਿ ਸਾਡਾ ਦੋਸਤ ਸਾਨੂੰ ਇਹ ਮੈਸਿਜ਼ ਕਰ ਰਿਹਾ ਹੈ ਅਤੇ ਅਸੀਂ ਦੋਸਤ ਸਮਝ ਕੇ ਪੈਸੇ ਟਰਾਂਸਫਰ ਕਰ ਬੈਠਦੇ ਹਾਂ, ਪਰ ਜਿਸ ਨੂੰ ਅਸੀਂ ਪੈਸੇ ਟਰਾਂਸਫਰ ਕੀਤੇ ਹਨ, ਉਹ ਹੁੰਦਾ ਹੈ ਸਾਈਬਰ ਕਰੀਮੀਨਲ। ਸਾਈਬਰ ਕਰਾਇਮ ਤੋਂ ਬਚਣ ਲਈ ਸਾਨੂੰ ਘੱਟੋ-ਘੱਟ ਹਫਤੇ ਵਿੱਚ ਆਪਣੇ ਸੋਸ਼ਲ ਮੀਡੀਆ ਅਕਾਊਂਟ ਦੇ ਸਾਰੇ ਪਾਸਵਰਡ ਬਦਲਣੇ ਚਾਹੀਦੇ ਹਨ ਅਤੇ ਕਿਸੇ ਵੀ ਝਾਂਸੇ ਦੇਣ ਵਾਲੇ ਮੈਸਿਜ਼, ਫੋਨ ਕਾਲ ਅਤੇ ਈ-ਮੇਲ ਦੀ ਪੂਰੀ ਚੰਗੀ ਤਰਾਂ ਜਾਂਚ ਕਰ ਲੈਣੀ ਚਾਹੀਦੀ ਹੈ। ਜਿਸ ਈ-ਮੇਲ ਤੋਂ ਮੇਲ ਆਈ ਹੈ,ਉਸ ਕੰਪਿਊਟਰ ਦਾ ਆਈ.ਪੀ ਐਡਰੈੱਸ ਚੈੱਕ ਕਰ ਲੈਣਾ ਚਾਹੀਦਾ ਹੈ। ਜੇਕਰ ਸਾਡੇ ਕੋਲੋਂ ਕੋਈ ਵੀ ਵਿਅਕਤੀ ਸਾਡੇ ਮੋਬਾਇਲ ਫੋਨ 'ਤੇ ਆਏ ਓ.ਟੀ.ਪੀ ਦੀ ਜਾਣਕਾਰੀ ਮੰਗਦਾ ਹੈ ਤਾਂ ਉਹ ਵਿਅਕਤੀ ਸਾਡੇ ਕੋਲੋਂ ਜਾਣਕਾਰੀ ਹਾਸਲ ਕਰਕੇ ਸਾਡੇ ਬੈਂਕ ਖਾਤੇ ਵਿੱਚੋਂ ਪੈਸੇ ਵੀ ਕਢਵਾ ਸਕਦਾ ਹੈ ਅਤੇ ਹੋਰ ਵੀ ਕਈ ਤਰ੍ਹਾਂ ਦੀਆਂ ਟਰਾਂਸਜੈਕਸ਼ਨ ਕਰ ਸਕਦਾ ਹੈ। ਇਸ ਨੂੰ ਵੀ ਸਾਈਬਰ ਕ੍ਰਾਈਮ ਹੀ ਕਿਹਾ ਜਾਂਦਾ ਹੈ । ਆਪਣੇ ਖਾਤਿਆਂ ਦੀ ਸੁਰੱਖਿਆ ਲਈ 2-ਫੈਕਟਰ ਪ੍ਰਮਾਣਿਕਤਾ ਦੀ ਵਰਤੋਂ ਕਰੋ। ਉਹਨਾਂ ਲੋਕਾਂ 'ਤੇ ਨਜ਼ਰ ਰੱਖੋ, ਜੋ ਲੈਣ-ਦੇਣ ਤੋਂ ਪਹਿਲਾਂ ਤੁਹਾਨੂੰ ਆਹਮੋ-ਸਾਹਮਣੇ ਨਹੀਂ ਮਿਲਣਾ ਚਾਹੁੰਦੇ। ਪੁੱਛਣ ਵਾਲੇ ਵਿਅਕਤੀ ਜਾਂ ਕੰਪਨੀ ਬਾਰੇ ਲੋੜੀਂਦੀ ਜਾਣਕਾਰੀ ਤੋਂ ਬਿਨਾਂ ਨਿੱਜੀ ਜਾਣਕਾਰੀ ਦਾ ਖੁਲਾਸਾ ਨਾ ਕਰੋ। ਉਨ੍ਹਾਂ ਲੋਕਾਂ ਨੂੰ ਪੈਸੇ ਟ੍ਰਾਂਸਫਰ ਨਾ ਕਰੋ, ਜਿਨ੍ਹਾਂ ਨੂੰ ਤੁਸੀਂ ਨਹੀਂ ਜਾਣਦੇ।

ਜੇਕਰ ਸੰਦੇਸ਼ ਤੁਹਾਡੇ ਲੌਗਇਨ ਵੇਰਵਿਆਂ ਜਾਂ ਕ੍ਰੈਡਿਟ ਕਾਰਡ ਨੰਬਰਾਂ ਲਈ ਪੁੱਛਦਾ ਹੈ ਤਾਂ ਗਾਹਕ ਸੇਵਾ ਪ੍ਰਤੀਨਿਧ ਹੋਣ ਦਾ ਦਾਅਵਾ ਕਰਨ ਵਾਲੇ ਲੋਕਾਂ ਦੇ ਸੁਨੇਹਿਆਂ 'ਤੇ ਭਰੋਸਾ ਨਾ ਕਰੋ। ਸਾਈਬਰ ਕ੍ਰਾਈਮ ਤੋਂ ਬਚਣ ਲਈ ਸਾਨੂੰ ਕਿਸੇ ਵੀ ਬਿਨਾਂ ਜਾਣ-ਪਹਿਚਾਣ ਵਾਲੇ ਖਾਤੇ ਤੋਂ ਬਿਨਾਂ ਕਿਸੇ ਨੂੰ ਆਪਣੀ ਨਿੱਜੀ ਜਾਣਕਾਰੀ ਨਹੀਂ ਦੇਣੀ ਚਾਹੀਦੀ। ਕਈ ਸਾਡੇ ਦੁਸ਼ਮਣ ਸਾਨੂੰ ਸਾਈਬਰ ਕ੍ਰਾਈਮ ਦੇ ਝਾਂਸੇ ਵਿੱਚ ਫਸਾਉਣ ਲਈ ਈ.ਮੇਲ ਸਪੂਫਿੰਗ ਦੀ ਵਰਤੋਂ ਕਰਦੇ ਹਨ, ਮਤਲਬ ਹੈ ਕਿ ਸਾਨੂੰ ਇਹ ਲਗਦਾ ਹੈ ਕਿ ਇਹ ਈ ਮੇਲ ਸਾਡੇ ਦੋਸਤ ਜਾਂ ਸਹੇਲੀ ਦੀ ਮੇਲ ਆਈ ਡੀ ਤੋਂ ਆਈ ਹੈ ਅਤੇ ਅਸੀਂ ਆਪਣੀ ਨਿੱਜੀ ਜਾਣਕਾਰੀ ਦੇ ਬੈਠਦੇ ਹਾਂ ਅਤੇ ਉਹ ਸਾਡੇ ਦੁਸ਼ਮਣ ਲੋਕ ਸਾਡੀ ਨਿੱਜੀ ਜਾਣਕਾਰੀ ਚੁਰਾ ਕੇ ਜਾਂ ਫਿਰ ਸਾਡੇ ਬੈਂਕ ਖਾਤਿਆਂ ਵਿੱਚੋਂ ਪੈਸੇ ਉਡਾ ਕੇ ਸਾਡਾ ਨੁਕਸਾਨ ਕਰ ਦਿੰਦੇ ਹਨ ਅਤੇ ਅਸੀਂ ਸਾਈਬਰ ਕ੍ਰਾਈਮ ਦਾ ਸ਼ਿਕਾਰ ਹੋ ਜਾਂਦੇ ਹਾਂ।

ਪਛਾਣ ਦੀ ਚੋਰੀ ਤੋਂ ਕਿਵੇਂ ਬਚਿਆ ਜਾਵੇ। ਆਪਣੇ ਬੈਂਕ ਖਾਤਿਆਂ ਦੀ ਅਕਸਰ ਜਾਂਚ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਸ਼ੱਕੀ ਗਤੀਵਿਧੀਆਂ ਨਹੀਂ ਹਨ। ਆਪਣਾ ਸਮਾਜਿਕ ਸੁਰੱਖਿਆ ਕਾਰਡ ਆਪਣੇ ਬਟੂਏ ਵਿੱਚ ਨਾ ਰੱਖੋ। ਆਪਣੇ ਨਿੱਜੀ ਵੇਰਵਿਆਂ ਅਤੇ ਫੋਟੋਆਂ ਨੂੰ ਅਣਜਾਣ ਪਾਰਟੀਆਂ ਨੂੰ ਔਨਲਾਈਨ ਸਾਂਝਾ ਨਾ ਕਰੋ,ਜਦੋਂ ਤੱਕ ਇਹ ਜ਼ਰੂਰੀ ਨਾ ਹੋਵੇ। ਸਾਰੇ ਖਾਤਿਆਂ ਲਈ ਇੱਕੋ ਪਾਸਵਰਡ ਦੀ ਵਰਤੋਂ ਕਰਨ ਤੋਂ ਬਚੋ। ਮਜ਼ਬੂਤ ਪਾਸਵਰਡ ਬਣਾਓ, ਜਿਸ ਵਿੱਚ ਵੱਡੇ ਅਤੇ ਛੋਟੇ ਅੱਖਰ, ਸੰਖਿਆਵਾਂ, ਚਿੰਨ੍ਹ ਆਦਿ ਸ਼ਾਮਲ ਹਨ। ਤੁਹਾਡੇ ਕੋਲ ਹਰੇਕ ਖਾਤੇ 'ਤੇ ਦੋ-ਕਾਰਕ ਪ੍ਰਮਾਣਿਕਤਾ ਨੂੰ ਸਮਰੱਥ ਬਣਾਓ। ਆਪਣੇ ਪਾਸਵਰਡ ਅਕਸਰ ਬਦਲੋ।

ਐਂਟੀਵਾਇਰਸ ਸੌਫਟਵੇਅਰ ਦੀ ਵਰਤੋਂ ਕਰੋ, ਜਿਸ ਵਿੱਚ ਪਛਾਣ ਦੀ ਚੋਰੀ ਸੁਰੱਖਿਆ ਸ਼ਾਮਲ ਹੈ। ਧੋਖਾਧੜੀ ਦੇ ਕਿਸੇ ਵੀ ਸੰਭਾਵੀ ਸੰਕੇਤ ਦਾ ਪਤਾ ਲਗਾਉਣ ਲਈ ਆਪਣੇ ਕ੍ਰੈਡਿਟ ਸਕੋਰ ਅਤੇ ਲੈਣ-ਦੇਣ ਦੀ ਨਿਗਰਾਨੀ ਕਰੋ।

***# ਸੰਪਰਕ : 98594-00002***

# ਪੰਜਾਬ-ਹਰਿਆਣਾ ਜਲ ਸੰਕਟ ਤੇ ਦਰਿਆਈ ਪਾਣੀਆਂ ਦੀ ਵੰਡ ਦਾ ਮਸਲਾ (4)



ਜਸਪਾਲ ਜੱਸੀ

ਇਹਨਾਂ ਦਾਅਵਿਆਂ ਦੇ ਆਧਾਰ 'ਤੇ ਸਿੰਧ ਨਦੀ ਜਲ ਸੰਧੀ ਵਿਚ ਪਾਕਿਸਤਾਨ ਕੋਲੋਂ ਭਾਰਤ ਲਈ ਸਾਰਾ ਪਾਣੀ ਹਾਸਲ ਕਰ ਲੈਣ ਦੀ ਸਫਲਤਾ ਬਾਰੇ ਸ੍ਰੀ ਐੱਨ.ਡੀ. ਗੁਲਾਟੀ ਦਾ ਕਹਿਣਾ ਹੈ : "10 ਸਾਲਾਂ ਦੇ ਸਖਤ ਅਤੇ ਲਗਨ ਭਰਪੂਰ ਕੰਮ ਪਿੱਛੋਂ ਅਸੀਂ ਪੂਰਬੀ ਦਰਿਆਵਾਂ ਦੇ ਸਾਰੇ ਦੇ ਸਾਰੇ ਪਾਣੀ ਦੀ ਭਾਰਤ ਵਿਚ ਵਰਤੋਂ ਦੇ ਦਾਅਵਿਆਂ ਲਈ ਲੱਗਭੱਗ ਸੰਸਾਰ ਵਿਆਪੀ ਮਾਨਤਾ ਹਾਸਲ ਕਰ ਲਈ ਸੀ। ਇਸ ਵਿਚ ਉਹ 12 ਮਿਲੀਅਨ ਏਕੜ ਫੁੱਟ ਪਾਣੀ ਵੀ ਸ਼ਾਮਲ ਹੈ, ਜਿਹੜਾ ਵੰਡ ਸਮੇਂ ਪਾਕਿਸਤਾਨ ਵਿਚ ਵਰਤੋਂ ਲਈ ਜਾ ਰਿਹਾ ਸੀ। ...ਭਾਰਤ ਵਿਚ ਅਸੀਂ ਇਸ 12 ਮਿਲੀਅਨ ਏਕੜ ਫੁੱਟ ਪਾਣੀ ਸਮੇਤ ਸਾਰੇ ਦਾ ਸਾਰਾ ਪਾਣੀ ਪੰਜਾਬ (ਮੌਜੂਦਾ ਹਰਿਆਣਾ ਸਮੇਤ) ਰਾਜਸਥਾਨ ਅਤੇ ਜੰਮੂ ਕਸ਼ਮੀਰ ਨੂੰ ਅਲਾਟ ਕਰ ਚੁੱਕੇ ਸਾਂ। ਭਾਖੜਾ-ਨੰਗਲ ਪ੍ਰੋਜੈਕਟ ਦੀ ਗੁੰਜਾਇਸ਼ ਗਿਣਨਯੋਗ ਹੱਦ ਤੱਕ ਵਧਾ ਦਿੱਤੀ ਗਈ ਸੀ। ਮਾਧੋਪੁਰ-ਬਿਆਸ ਲਿੰਕ ਅਤੇ ਸਰਹੰਦ ਫੀਡਰ ਮੁਕੰਮਲ ਕਰਕੇ ਚਾਲੂ ਕਰ ਦਿੱਤੇ ਸਨ, ਕਈ ਨਵੇਂ ਚੈਨਲ ਉਸਾਰੇ ਗਏ ਸਨ ਅਤੇ ਅੱਪਰਬਾਰੀ ਦੁਆਬ ਨਹਿਰ ਅਤੇ ਰਾਜਸਥਾਨ ਨਹਿਰ ਉਸਾਰੀ ਅਧੀਨ ਸਨ।"

ਉਪਰੋਕਤ ਵਰਨਣ ਵਿੱਚੋਂ ਇਹ ਗੱਲ ਪ੍ਰਤੱਖ ਹੋ ਜਾਂਦੀ ਹੈ ਕਿ ਜੇ ਰਾਜਸਥਾਨ ਦੀ ਬੇਸਿਨ ਹੈਸੀਅਤ ਬਾਰੇ ਸਿੰਧ ਨਦੀ ਜਲ ਸੰਧੀ ਸਮੇਂ ਕੀਤਾ ਦਾਅਵਾ ਲਾਂਭੇ ਵੀ ਰੱਖ ਦਿੱਤਾ ਜਾਵੇ ਤਾਂ ਵੀ ਪਾਣੀਆਂ ਦੀ ਇਹ ਵੰਡ ਸਾਬਕਾ ਪੰਜਾਬ ਦੇ ਰਿਪੇਰੀਅਨ ਰਾਜ ਵਜੋਂ ਪਹਿਲ ਦੇ ਆਧਾਰ 'ਤੇ ਪਾਣੀ ਦੀ ਵਰਤੋਂ ਦੇ ਅਧਿਕਾਰ ਦੇ ਉਲੰਘਣ ਦਾ ਅਤੇ ਇਸ ਦੇ ਹਿੱਸੇ ਨੂੰ ਛਾਂਗਣ ਦਾ ਮਾਮਲਾ ਨਹੀਂ ਸੀ। ਜੇ ਰਾਜਸਥਾਨ ਨੂੰ ਨਾ ਵੀ ਦਿੱਤਾ ਜਾਂਦਾ ਤਾਂ ਵੀ ਇਹ ਪਾਣੀ ਪੰਜਾਬ ਦੇ ਨਹੀਂ, ਪਾਕਿਸਤਾਨ ਦੇ ਹਿੱਸੇ ਆਉਣਾ ਸੀ।

ਸੋ ਸਿੰਧ ਨਦੀ ਜਲ ਸੰਧੀ ਰਾਹੀਂ ਇਤਿਹਾਸਕ ਤੌਰ 'ਤੇ ਤਹਿ ਹੋਏ ਮਾਮਲੇ ਦੇ ਪਿਛੋਕੜ ਨੂੰ ਧਿਆਨ 'ਚ ਰੱਖੇ ਬਿਨਾਂ ਮੌਜੂਦਾ ਰੱਟੇ ਬਾਰੇ ਸਹੀ ਪਹੁੰਚ ਨਹੀਂ ਅਪਣਾਈ ਜਾ ਸਕਦੀ। ਕਿਸੇ ਖੇਤਰ 'ਚ ਚਲੀ ਆ ਰਹੀ ਦਰਿਆਈ ਪਾਣੀਆਂ ਦੀ ਸੁਰੱਖਿਆ ਦੇ ਅਸੂਲ ਨੂੰ ਆਮ ਕਰਕੇ ਰਿਪੇਰੀਅਨ ਅਤੇ ਬੇਸਿਨ ਮੁਲਕਾਂ ਜਾਂ ਸੂਬਿਆਂ ਸੰਬੰਧੀ ਲਾਗੂ ਕੀਤਾ ਜਾਂਦਾ ਹੈ, ਪਰ ਵਿਸ਼ੇਸ਼ ਮਾਮਲਿਆਂ 'ਚ ਇਸ ਅਸੂਲ ਦਾ ਦਾਇਰਾ ਗੈਰ-ਰਿਪੇਰੀਅਨ ਅਤੇ ਗੈਰ-ਬੇਸਿਨ ਰਾਜਾਂ ਤੱਕ ਵੀ ਵਧਾਇਆ ਜਾ ਸਕਦਾ ਹੈ। ਇਸ ਅਸੂਲ ਦੀ ਵਿਆਖਿਆ ਕਰਦਿਆਂ ਸ੍ਰੀ ਪਾਲ ਸਿੰਘ ਢਿੱਲੋਂ ਲਿਖਦੇ ਹਨ:

"ਆਮ ਕਰਕੇ ਅਜਿਹੀ ਵਰਤੋਂ ਰਿਪੇਰੀਅਨ ਅਤੇ ਬੇਸਿਨ ਰਾਜਾਂ ਦਰਮਿਆਨ ਪਾਣੀਆਂ ਦੀ ਵੰਡ ਸਮੇਂ ਹੀ ਗਿਣਤੀ ਵਿਚ ਆਉਂਦੀ ਹੈ, ਪਰ ਹੋਰਨਾਂ ਰਾਜਾਂ ਲਈ ਵੀ ਇਸ ਆਧਾਰ 'ਤੇ ਦਾਅਵਾ ਕਰਨ ਦੀ ਮੁਕੰਮਲ ਮਨਾਹੀ ਨਹੀਂ ਹੈ। ਇਹ ਇਸ ਕਰਕੇ ਹੈ, ਕਿਉਂਕਿ ਸਿਆਸੀ-ਇਤਿਹਾਸਕ ਕਾਰਨਾਂ ਕਰਕੇ ਗੈਰ ਬੇਸਿਨ ਰਾਜਾਂ ਵੱਲੋਂ ਦਰਿਆਈ ਪਾਣੀਆਂ ਦੀ ਵਰਤੋਂ ਵਿਚ ਸ਼ਰੀਕ ਹੋਣ ਦੇ ਮਾਮਲੇ ਮੌਜੂਦ ਹਨ। ਕੋਈ ਰਾਜ ਜਦੋਂ ਦਰਿਆਈ ਪਾਣੀਆਂ ਦੀ ਵਰਤੋਂ ਕਿਸੇ ਹੋਰ ਰਾਜ ਤੋਂ ਪਹਿਲਾਂ ਵਿਕਸਤ ਕਰ ਲੈਂਦਾ ਹੈ ਤਾਂ ਭਵਿੱਖ ਦੀ ਹਿੱਸਾ ਵੰਡ ਸਮੇਂ ਉਸ ਵੱਲੋਂ ਕੀਤੀ ਜਾ ਰਹੀ ਵਰਤੋਂ ਨੂੰ ਸੁਰੱਖਿਅਤ ਕਰਨਾ ਬਣਦਾ ਹੈ। ਉਹ ਰਾਜ ਰਿਪੇਰੀਅਨ ਰਾਜ ਹੋਵੇ, ਬੇਸਿਨ ਰਾਜ ਹੋਵੇ ਜਾਂ ਕੋਈ ਹੋਰ ਰਾਜ ਹੋਵੇ।"

(ਦੋ ਦਰਿਆਵਾਂ ਦੀ ਗਾਥਾ, ਸਫਾ 26, 27)

ਪੰਜਾਬ ਅਤੇ ਹਰਿਆਣਾ ਦਰਮਿਆਨ ਦਰਿਆਈ ਪਾਣੀਆਂ ਦੀ ਵੰਡ ਦੇ ਮਸਲੇ ਨੂੰ ਸੰਬੋਧਤ ਹੁੰਦਿਆਂ ਇਸ ਇਤਿਹਾਸਕ ਹਕੀਕਤ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ ਕਿ ਦੋਵੇਂ ਸੂਬੇ ਇੱਕੋ ਸਾਬਕਾ ਰਿਪੇਰੀਅਨ ਰਾਜ ਪੰਜਾਬ ਦੇ ਵਾਰਸ ਹਨ। ਇਸ ਹਕੀਕਤ ਦਾ ਪਾਣੀਆਂ ਦੀ ਵੰਡ ਦੇ ਮਸਲੇ 'ਤੇ ਨਿਸ਼ਚਿਤ ਪ੍ਰਭਾਵ ਹੈ। ਸਾਂਝੇ ਪੰਜਾਬ ਵੇਲੇ ਵਿਉਂਤੀ ਅਤੇ ਵਿਕਸਤ ਹੋਈ ਪਾਣੀਆਂ ਦੀ ਵਰਤੋਂ ਦੇ ਪਹਿਲੂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਭਾਖੜਾ-ਨੰਗਲ ਅਤੇ ਬਿਆਸ ਪ੍ਰੋਜੈਕਟ ਦੇ ਮੰਤਵਾਂ ਨੂੰ ਲਾਂਭੇ ਨਹੀਂ ਰੱਖਿਆ ਜਾ ਸਕਦਾ। ਸਾਬਕਾ ਪੰਜਾਬ ਦੇ ਅਤੇ ਹਰਿਆਣਾ ਖੇਤਰਾਂ ਲਈ ਸਤਲੁਜ, ਬਿਆਸ ਆਤੇ ਰਾਵੀ ਦੇ ਪਾਣੀਆਂ ਦੀ ਇਨ੍ਹਾਂ ਪ੍ਰੋਜੈਕਟਾਂ ਅਨੁਸਾਰ ਹੋਈ ਅਲਾਟਮੈਂਟ ਨਿਸ਼ਚਿਤ ਅਤੇ ਵਿਸਥਾਰੀ ਸੀ। ਨਹਿਰੀ ਤਾਣੇ-ਬਾਣੇ ਰਾਹੀਂ ਪਾਣੀ ਕਿਹੜੇ ਖੇਤਰ 'ਚ ਕਿਵੇਂ ਪਹੁੰਚਣਾ ਹੈ, ਇਸ ਦਾ ਠੋਸ ਖਾਕਾ ਤਹਿ ਕੀਤਾ ਗਿਆ ਸੀ।

ਇਸ ਪੱਖ ਨਾਲ ਜੋੜ ਕੇ ਰਿਪੇਰੀਅਨ ਸਿਧਾਂਤ ਨੂੰ ਲਾਗੂ ਕਰਨ ਦਾ ਅਰਥ ਇਹ ਬਣਦਾ ਹੈ ਕਿ ਇਨ੍ਹਾਂ ਪ੍ਰੋਜੈਕਟਾਂ ਦੇ ਮੰਤਵਾਂ ਤਹਿਤ ਦੋਹਾਂ ਵਾਰਸ ਰਾਜਾਂ 'ਚ ਵਿਕਸਤ ਹੋ ਚੁੱਕੀ ਸਤਲੁਜ, ਬਿਆਸ ਅਤੇ ਰਾਵੀ ਦੇ ਪਾਣੀਆਂ ਦੀ ਵਰਤੋਂ ਕਾਇਮ ਰੱਖਣ ਦੀ ਪਹੁੰਚ ਅਪਣਾਈ ਜਾਵੇ। ਕੇਂਦਰੀ ਨਿਰਦੇਸ਼ਾਂ ਤਹਿਤ ਸਾਂਝੇ ਪੰਜਾਬ ਵੇਲੇ ਹੋਏ ਅੱਪਰਬਾਰੀ ਦੁਆਬ ਨਹਿਰ ਦੇ ਖੇਤਰ ਅਤੇ ਹੋਰ ਖੇਤਰਾਂ 'ਚ ਪਾਣੀ ਦੀ ਵਰਤੋਂ ਸਬੰਧੀ ਪਹਿਲਾਂ ਹੀ ਅਮਲ 'ਚ ਆ ਚੁੱਕੇ ਫੈਸਲੇ ਆਮ ਕਰਕੇ ਕਾਇਮ ਰਹਿਣੇ ਚਾਹੀਦੇ ਹਨ। ਰਿਪੇਰੀਅਨ ਸਿਧਾਂਤ ਦੇ ਅਧਾਰ 'ਤੇ ਇਨ੍ਹਾਂ ਦੇ ਪਾਣੀਆਂ ਦਾ ਵੰਡਣਯੋਗ ਹਿੱਸਾ ਦੋਹਾਂ ਸੂਬਿਆਂ ਦੇ ਖੇਤਰਾਂ 'ਚ ਵਰਤੇ ਜਾ ਰਹੇ ਪਾਣੀ ਨੂੰ ਰਾਖਵਾਂ ਕਰਕੇ ਹੀ ਨਿਸ਼ਚਿਤ ਹੋਣਾ ਚਾਹੀਦਾ ਹੈ।

ਰਿਪੇਰੀਅਨ ਸਿਧਾਂਤ ਦੇ ਰਵਾਇਤੀ ਅਰਥਾਂ 'ਚ ਪੰਜਾਬ ਅਤੇ ਹਰਿਆਣਾ ਇੱਕੋ ਸਾਬਕਾ ਰਿਪੇਰੀਅਨ ਰਾਜ ਦਾ ਹਿੱਸਾ ਹਨ। ਇਨ੍ਹਾਂ ਰਵਾਇਤੀ ਅਰਥਾਂ 'ਚ ਹੁਣ ਇਹ ਰਿਪੇਰੀਅਨ ਰਾਜ ਨਹੀਂ ਰਹੇ, ਪਰ ਰਿਪੇਰੀਅਨ ਸਿਧਾਂਤ ਦੇ ਮੌਜੂਦਾ ਵਿਕਸਤ ਅਤੇ ਉਚੇਰੇ ਬਿਆਨ ਯਾਨੀ ਬੇਸਿਨ ਸਿਧਾਂਤ ਦੇ ਆਧਾਰ 'ਤੇ ਸਿੰਧ ਨਦੀ ਜਲ ਸੰਧੀ ਘੱਗਰ ਨਦੀ ਖੇਤਰ ਨੂੰ ਸਿੰਧ ਨਦੀ ਬੇਸਿਨ ਦਾ ਹਿੱਸਾ ਮੰਨਦੀ ਹੈ। ਇਸ ਸੰਧੀ ਰਾਹੀਂ ਪਾਕਿਸਤਾਨ ਤੋਂ ਪਾਣੀ ਹਾਸਲ ਕਰਨ ਦਾ ਅਧਾਰ ਬਣੀ ਭਾਰਤੀ ਮਾਹਰਾਂ ਅਤੇ ਹਾਕਮਾਂ ਦੀ ਇਹ ਜ਼ੋਰਦਾਰ ਪੁਜ਼ੀਸ਼ਨ ਹੀ ਹਰਿਆਣਾ ਅਤੇ ਪੰਜਾਬ ਨੂੰ ਸਹਿ ਬੇਸਿਨ ਰਾਜਾਂ ਦਾ ਦਰਜਾ ਬਖਸ਼ਦੀ ਹੈ। ਅਸੀਂ ਪਹਿਲਾਂ ਹੀ ਬਿਆਨ ਕਰ ਚੁੱਕੇ ਹਾਂ ਕਿ ਮਗਰੋਂ ਘੱਗਰ ਨਦੀ ਖੇਤਰ ਅਤੇ ਸਿੰਧ ਨਦੀ ਖੇਤਰ ਦਾ ਆਪਸੀ ਸਬੰਧ ਕਿਵੇਂ ਭਾਰਤੀ ਮਾਹਰਾਂ ਦਰਮਿਆਨ ਬਹਿਸ ਦਾ ਵਿਸ਼ਾ ਬਣ ਗਿਆ ਹੈ। ਇਸ ਦੇ ਕਿੰਤੂ-ਰਹਿਤ ਤਸੱਲੀਬਖਸ਼ ਨਿਪਟਾਰੇ ਲਈ ਮੁੜ ਜਾਂਚ-ਪੜਤਾਲ ਦੇ ਆਧਾਰ 'ਤੇ ਸਿੱਕੇਬੰਦ ਸਬੂਤਾਂ ਦੀ ਜ਼ਰੂਰਤ ਹੈ, ਪਰ ਮਸਲੇ ਨੂੰ ਗੁੰਝਲਦਾਰ ਬਣਾਉਣ ਵਾਲਾ ਪਹਿਲੂ ਇਹ ਹੈ ਕਿ ਹਰਿਆਣਾ, ਰਾਜਸਥਾਨ ਅਤੇ ਪੰਜਾਬ ਦੀ ਸਹਿ-ਬੇਸਿਨ ਹੈਸੀਅਤ ਨੂੰ ਚੁਣੌਤੀ ਦਾ ਅਰਥ ਸਿੰਧ ਨਦੀ ਜਲ ਸੰਧੀ ਦੇ ਆਧਾਰ 'ਤੇ ਹੀ ਪ੍ਰਸ਼ਨ ਚਿੰਨ੍ਹ ਬਣ ਜਾਂਦਾ ਹੈ । ਇਉਂ ਮਸਲੇ ਦੀਆਂ ਅਰਥ ਸੰਭਾਵਨਾਵਾਂ ਕੌਮਾਂਤਰੀ ਬਣ ਜਾਂਦੀਆਂ ਹਨ। ਇਸ ਪ੍ਰਸੰਗ 'ਚ ਜਮੁਨਾ ਦੇ ਪਾਣੀਆਂ ਦਾ ਮਾਮਲਾ ਸਿੱਧਾ ਅਤੇ ਸਪੱਸ਼ਟ ਹੈ। ਜਮੁਨਾ ਦੇ ਪ੍ਰਸੰਗ 'ਚ ਹੁਣ ਪੰਜਾਬ ਅਤੇ ਹਰਿਆਣਾ ਦੀ ਨਾ ਰਿਪੇਰੀਅਨ ਹੈਸੀਅਤ ਬਣਦੀ ਹੈ ਅਤੇ ਨਾ ਹੀ ਬੇਸਿਨ ਹੈਸੀਅਤ ।

ਇਹ ਦਿਲਚਸਪ ਹੈ ਕਿ ਦੋਹਾਂ ਸੂਬਿਆਂ ਦੀਆਂ ਸਰਕਾਰਾਂ ਅਤੇ ਹੋਰ ਹਾਕਮ ਜਮਾਤੀ ਸਿਆਸੀ ਹਲਕੇ ਰਿਪੇਰੀਅਨ ਸਿਧਾਂਤਾਂ ਦੇ ਚੌਖਟੇ ਤੋਂ ਵੱਧ-ਘੱਟ ਹੱਦ ਤੱਕ ਟਾਲਾ ਵੱਟਦੇ ਆ ਰਹੇ ਹਨ। ਹਰਿਆਣਾ ਦੇ ਹਾਕਮ ਤਾਂ ਆਪਣੇ ਦਾਅਵਿਆਂ ਤੋਂ ਰਿਪੇਰੀਅਨ ਸਿਧਾਂਤ ਨੂੰ ਲਾਂਭੇ ਰੱਖਣ 'ਚ ਹੀ ਆਪਣੇ ਸਵਾਰਥੀ ਹਿੱਤਾਂ ਦਾ ਭਲਾ ਸਮਝਦੇ ਰਹੇ ਹਨ। ਦੂਜੇ ਪਾਸੇ ਪੰਜਾਬ ਦੇ ਹਾਕਮ ਜਮਾਤੀ ਹਲਕੇ ਰਿਪੇਰੀਅਨ ਸਿਧਾਂਤ ਦੇ ਸੀਮਤ, ਸੁੰਗੜੇ, ਰਵਾਇਤੀ ਚੌਖਟੇ ਨਾਲ ਚਿੰਬੜੇ ਰਹਿਣ 'ਚ ਹੀ ਭਲਾ ਜਾਣਦੇ ਰਹੇ ਹਨ। ਬੇਸਿਨ ਸਿਧਾਂਤ ਵਜੋਂ ਜਾਣੇ ਜਾਂਦੇ ਇਸ ਦੇ ਆਧੁਨਿਕ ਅਤੇ ਭਰਵੇਂ ਚੌਖਟੇ ਦਾ ਜ਼ਿਕਰ ਕਰਨ ਤੋਂ ਹੀ ਟਾਲ਼ਾ ਵੱਟਦੇ ਰਹੇ ਹਨ।

ਤਾਂ ਵੀ ਠੋਸ ਅਮਲੀ ਪ੍ਰਸੰਗ 'ਚ ਪੰਜਾਬ-ਹਰਿਆਣਾ ਦੇ ਮਾਮਲੇ 'ਚ ਰਿਪੇਰੀਅਨ-ਬੇਸਿਨ ਹੈਸੀਅਤ ਦੇ ਮਾਮਲੇ ਦੀ ਆਪਣੇ ਆਪ 'ਚ ਵੱਡੀ ਅਹਿਮੀਅਤ ਨਹੀਂ ਹੈ। ਵਜ੍ਹਾ ਇਹ ਹੈ ਕਿ ਵੰਡਣਯੋਗ ਪਾਣੀ ਦਾ ਪਹਿਲਾਂ ਹੀ ਵਰਤੇ ਜਾ ਰਹੇ ਪਾਣੀ ਦੇ ਮੁਕਾਬਲੇ ਅਨੁਪਾਤ ਕਾਫੀ ਛੋਟਾ ਹੈ। ਪੰਜਾਬ ਦੀਆਂ ਸਰਕਾਰਾਂ ਅਤੇ ਹਾਕਮ ਜਮਾਤੀ ਹਲਕਿਆਂ ਵੱਲੋਂ ਰਿਪੇਰੀਅਨ ਸਿਧਾਂਤ ਦੀ ਧੁੰਦਲੀ ਅਤੇ ਬੇਨਕਸ ਪੇਸ਼ਕਾਰੀ ਸਿਰਫ ਆਪਣੇ ਦਾਅਵਿਆਂ 'ਤੇ ਵਜ਼ਨ ਪਾਉਣ ਲਈ ਕੀਤੀ ਜਾ ਰਹੀ ਹੈ। ਅਸਲ ਕਸਮਕਸ ਤਾਂ ਪਾਣੀਆਂ ਦੇ ਕੁੱਲ ਹਾਸਲ ਸੋਮਿਆਂ ਅਤੇ ਲੋੜਾਂ ਸਬੰਧੀ ਟਕਰਾਵੇਂ ਦਾਅਵਿਆਂ 'ਤੇ ਕੇਂਦਰਤ ਹੈ। ਇਸ ਪੱਖੋਂ ਪੰਜਾਬ ਅਤੇ ਹਰਿਆਣੇ ਦੀਆਂ ਸਰਕਾਰਾਂ ਦੇ ਰਵੱਈਏ ਬਾਰੇ ਪੰਜਾਬ ਦੇ ਸਿੰਜਾਈ ਪ੍ਰਬੰਧਾਂ ਦੇ ਚੀਫ ਇੰਜੀਨੀਅਰ ਰਹੇ ਸ੍ਰੀ ਪਾਲ ਸਿੰਘ ਢਿੱਲੋਂ ਦੀ ਟਿੱਪਣੀ ਗਹੁ ਕਰਨਯੋਗ ਹੈ :

"ਦੋਹਾਂ ਸਰਕਾਰਾਂ 'ਚ ਆਪਣੀਆਂ ਲੋੜਾਂ ਦੇ ਅੰਕੜਿਆਂ ਨੂੰ ਵਧਾ ਕੇ ਦਿਖਾਉਣ ਅਤੇ ਹਾਸਲ ਸੋਮਿਆਂ ਨੂੰ ਪਿਚਕਾ ਕੇ ਵਿਖਾਉਣ ਦੀ ਮੁਕਾਬਲੇਬਾਜ਼ੀ ਸੀ। ਅਸਲ ਸੱਚਾਈ ਦੋਹਾਂ ਦੇ ਦਾਅਵਿਆਂ ਦੇ ਦਰਮਿਆਨ ਸੀ।"

1961 'ਚ ਸਾਬਕਾ ਪੰਜਾਬ ਦੀ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਰਿਜਨਾਂ ਦੇ ਖੇਤਰਾਂ ਅਤੇ ਨਹਿਰਾਂ ਲਈ ਦਰਿਆਈ ਪਾਣੀਆਂ ਦੀ ਵੰਡ ਕੀਤੀ ਸੀ। ਰਾਵੀ-ਬਿਆਸ 'ਚ ਵਾਧੂ ਪਾਣੀ ਦੀ ਮਾਤਰਾ 7.2 ਮਿਲੀਅਨ ਏਕੜ ਫੁੱਟ ਅੰਗੀ ਗਈ ਸੀ। ਇਸ ਵਾਧੂ ਪਾਣੀ 'ਚੋਂ ਹਰਿਆਣਾ ਰਿਜਨ 'ਚ ਪੈਂਦੇ ਖੇਤਰਾਂ ਲਈ 1.9 ਮਿਲੀਅਨ ਏਕੜ ਫੁੱਟ ਅਤੇ ਪੰਜਾਬ ਰਿਜਨ 'ਚ ਪੈਂਦੇ ਖੇਤਰਾਂ ਲਈ 5.1 ਮਿਲੀਅਨ ਏਕੜ ਫੁੱਟ ਪਾਣੀ ਅਲਾਟ ਕੀਤਾ ਗਿਆ ਸੀ। (.2 ਮਿਲੀਅਨ ਏਕੜ ਫੁੱਟ ਪਾਣੀ ਦਿੱਲੀ ਦੀਆਂ ਲੋੜਾਂ ਖਾਤਰ ਸੀ) ਬਿਆਸ ਪ੍ਰੋਜੈਕਟ ਤਹਿਤ ਵੀ ਹਰਿਆਣਾ ਦੇ ਖੇਤਰਾਂ ਲਈ ਪਾਣੀ ਦੀ ਬਿਆਨੀ ਮਾਤਰਾ ਦਾ ਅੰਕੜਾ 1.9 ਮਿਲੀਅਨ ਏਕੜ ਫੁੱਟ ਹੀ ਸੀ।

ਪੰਜਾਬ ਦੀ ਮੁੜ ਜਥੇਬੰਦੀ ਪਿੱਛੋਂ ਮਈ 1967 'ਚ ਹਰਿਆਣਾ ਸਰਕਾਰ ਵੱਲੋਂ ਪੰਜਾਬ ਦੀ ਸਰਕਾਰ ਨੂੰ ਖਤ ਲਿਖ ਕੇ ਮੰਗ ਕੀਤੀ ਗਈ ਕਿ ਰਾਵੀ ਬਿਆਸ ਦੇ ਵਾਧੂ ਪਾਣੀਆਂ 'ਚੋਂ ਹਰਿਆਣਾ ਨੂੰ 4.8 ਮਿਲੀਅਨ ਏਕੜ ਫੁੱਟ ਪਾਣੀ ਦਿੱਤਾ ਜਾਵੇ। ਇਹ ਮੰਗ ਇਸ ਵੇਲੇ ਤੱਕ ਹਰਿਆਣਾ 'ਚ ਰਾਵੀ ਬਿਆਸ ਦੇ ਪਾਣੀਆਂ ਦੀ ਵਰਤੀ ਜਾ ਰਹੀ ਉੱਪਰ ਦੱਸੀ ਮਾਤਰਾ ਦੇ ਮੁਕਾਬਲੇ ਕਿਤੇ ਉੱਚੀ ਸੀ । ਇਸ ਵੇਲੇ ਤੱਕ ਪੰਜਾਬ ਰਾਵੀ ਬਿਆਸ ਦੇ ਵਾਧੂ ਪਾਣੀ 'ਚੋਂ 4.21 ਮਿਲੀਅਨ ਫੁੱਟ ਪਾਣੀ ਦੀ ਵਰਤੋਂ ਵਿਕਸਤ ਕਰ ਚੁੱਕਿਆ ਸੀ। ਸਪੱਸ਼ਟ ਹੈ ਕਿ ਹਰਿਆਣਾ ਦੀ ਇਹ ਮੰਗ ਦੋਹਾਂ ਸੂਬਿਆਂ ਸੰਬੰਧੀ ਪਾਣੀ ਦੀ ਹੋ ਰਹੀ ਵਰਤੋਂ ਨੂੰ ਮਾਨਤਾ ਦੇਣ ਅਤੇ ਸੁਰੱਖਿਅਤ ਰੱਖਣ ਦੇ ਅਸੂਲ ਨੂੰ ਨਜ਼ਰਅੰਦਾਜ਼ ਕਰਕੇ ਕੀਤੀ ਜਾ ਰਹੀ ਸੀ। ਮੰਗ ਦਾ ਨਿਰੋਲ ਅਧਾਰ ਹਰਿਆਣਾ ਦੀਆਂ ਪਾਣੀ ਲੋੜਾਂ ਅਤੇ ਇਸ ਦੇ ਜਲ ਸੋਮਿਆਂ ਤੋਂ ਹਾਸਲ ਪਾਣੀ ਦੀ ਮਾਤਰਾ 'ਚ ਪਾੜੇ ਸੰਬੰਧੀ ਵਧਾਏ-ਫੁਲਾਏ ਦਾਅਵੇ ਨੂੰ ਬਣਾਇਆ ਗਿਆ ਸੀ। ਦਲੀਲ ਇਹ ਸੀ ਕਿ ਭਾਖੜਾ ਪੈਟਰਨ 'ਤੇ ਹਰਿਆਣੇ ਦੀਆਂ ਸਿੰਜਾਈ ਲੋੜਾਂ 8.414 ਮਿਲੀਅਨ ਏਕੜ ਫੁੱਟ ਪਾਣੀ ਦੀ ਮੰਗ ਕਰਦੀਆਂ ਹਨ, ਜਦੋਂਕਿ ਇਸ ਕੋਲ ਜਲ-ਸੋਮਿਆਂ ਤੋਂ ਹਾਸਲ ਪਾਣੀ ਦੀ ਮਾਤਰਾ ਸਿਰਫ 3.64 ਮਿਲੀਅਨ ਏਕੜ ਫੁੱਟ ਬਣਦੀ ਹੈ। ਅਸਲ ਵਿੱਚ ਹਰਿਆਣਾ ਸਰਕਾਰ ਦੱਸ ਰਹੀ ਸੀ ਕਿ ਇਹ ਰਾਵੀ ਬਿਆਸ ਦੇ ਪਾਣੀਆਂ 'ਚੋਂ ਪੰਜਾਬ ਲਈ 2.4 ਮਿਲੀਅਨ ਏਕੜ ਫੁੱਟ ਪਾਣੀ ਤੋਂ ਵੱਧ ਹਿੱਸਾ ਮਨਜ਼ੂਰ ਕਰਨ ਲਈ ਤਿਆਰ ਨਹੀਂ ਹੈ।

ਦੂਜੇ ਪਾਸੇ 7 ਜਨਵਰੀ 1969 ਨੂੰ ਲਿਖੇ ਆਪਣੇ ਪੱਤਰ 'ਚ ਪੰਜਾਬ ਸਰਕਾਰ ਨੇ ਦਾਅਵਾ ਕੀਤਾ ਕਿ ਹਰਿਆਣਾ ਨੂੰ ਭਾਖੜਾ ਪੈਟਰਨ 'ਤੇ ਸਿੰਜਾਈ ਲਈ ਸਿਰਫ 3.8 ਮਿਲੀਅਨ ਏਕੜ ਫੁੱਟ ਪਾਣੀ ਦੀ ਜ਼ਰੂਰਤ ਹੈ, ਜਦੋਂਕਿ ਇਸ ਨੂੰ ਆਪਣੇ ਜਲ ਸੋਮਿਆਂ ਤੋਂ 7.99 ਮਿਲੀਅਨ ਏਕੜ ਫੁੱਟ ਵਾਧੂ ਪਾਣੀ ਹਾਸਲ ਹੈ। ਇਉਂ ਇਸ ਕੋਲ 4.2 ਮਿਲੀਅਨ ਏਕੜ ਫੁੱਟ ਵਾਫਰ ਪਾਣੀ ਮੌਜੂਦ ਹੈ, ਜੋ ਇਸ ਨੂੰ ਆਸਾਨੀ ਨਾਲ ਭਾਖੜਾ ਪੈਟਰਨ ਦੇ ਪੈਮਾਨੇ ਨਾਲੋਂ ਵਧੇਰੇ ਸਿੰਜਾਈ ਦੇ ਸਮਰੱਥ ਬਣਾਉਂਦਾ ਹੈ। ਦੂਜੇ ਪਾਸੇ ਇਸੇ ਪੈਮਾਨੇ ਅਨੁਸਾਰ ਸਿੰਜਾਈ ਦਾ ਪੱਧਰ ਹਾਸਲ ਕਰਨ ਲਈ ਪੰਜਾਬ ਕੋਲ 2.34 ਮਿਲੀਅਨ ਏਕੜ ਪਾਣੀ ਥੁੜਦਾ ਹੈ।

ਪੰਜਾਬ ਸਰਕਾਰ ਨੇ ਦਾਅਵਾ ਕੀਤਾ ਕਿ ਸਿੰਜਾਈ ਦਾ ਉਚੇਰਾ ਪੱਧਰ ਹਾਸਲ ਕਰਨ ਲਈ ਇਸ ਨੂੰ ਘੱਟੋ-ਘੱਟ 50.7 ਮਿਲੀਅਨ ਏਕੜ ਫੁੱਟ ਪਾਣੀ ਦੀ ਜਰੂਰਤ ਹੈ। ਤਿੰਨਾਂ ਦਰਿਆਵਾਂ ਦਾ ਕੁੱਲ ਪਾਣੀ (31.8 ਮਿਲੀਅਨ ਏਕੜ ਫੁੱਟ) ਹਾਸਲ ਕਰਕੇ ਵੀ ਅਤੇ ਇਸ 'ਚ ਧਰਤੀ ਹੇਠਲਾ ਅਤੇ ਘੱਗਰ ਦਾ 4.05 ਮਿਲੀਅਨ ਏਕੜ ਫੁੱਟ ਪਾਣੀ ਜੋੜ ਕੇ ਵੀ ਇਸ ਨੂੰ 15 ਮਿਲੀਅਨ ਏਕੜ ਫੁੱਟ ਹੋਰ ਪਾਣੀ ਦੀ ਜ਼ਰੂਰਤ ਹੋਵੇਗੀ। ਏਸ ਕਰਕੇ ਰਾਵੀ-ਬਿਆਸ ਦੇ 7.2 ਮਿਲੀਅਨ ਏਕੜ ਫੁੱਟ ਵਾਧੂ ਪਾਣੀ 'ਚੋਂ ਹਰਿਆਣਾ ਨੂੰ ਕੋਈ ਵੀ ਹਿੱਸਾ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਉਂ ਪੰਜਾਬ ਸਰਕਾਰ ਨੇ ਵੀ ਹਰਿਆਣਾ ਸਰਕਾਰ ਵਰਗਾ ਮੋੜਵਾਂ ਰੁਖ ਅਪਣਾਉਂਦਿਆਂ ਹਰਿਆਣਾ ਦੇ ਖੇਤਰ 'ਚ ਨਹਿਰਾਂ ਰਾਹੀਂ ਪਹਿਲਾਂ ਹੀ ਹੋ ਰਹੀ 1.9 ਮਿਲੀਅਨ ਏਕੜ ਫੁੱਟ ਪਾਣੀ ਦੀ ਵਰਤੋਂ ਦੇ ਹੱਕ ਨੂੰ ਤਸਲੀਮ ਕਰਨ ਤੋਂ ਇਨਕਾਰ ਕਰ ਦਿੱਤਾ।

ਨਵੰਬਰ 1973 'ਚ ਪੰਜਾਬ, ਹਰਿਆਣਾ ਅਤੇ ਕੇਂਦਰ ਸਰਕਾਰ ਦੇ ਅਫਸਰਾਂ ਨੇ ਦਰਿਆਈ ਪਾਣੀਆਂ ਦੀ ਵੰਡ ਦੇ ਸੁਆਲ 'ਤੇ ਦਿੱਲੀ 'ਚ ਕਈ ਮੀਟਿੰਗਾਂ ਕੀਤੀਆਂ। ਇਹਨਾਂ ਮੀਟਿੰਗਾਂ ਦੇ ਇੱਕ ਨੋਟ 'ਚ ਹਰਿਆਣਾ ਸਰਕਾਰ ਵੱਲੋਂ ਬਿਆਸ ਪ੍ਰੋਜੈਕਟ ਦੇ ਅਧਿਐਨ ਦੇ ਆਧਾਰ 'ਤੇ ਰਾਵੀ ਬਿਆਸ ਦੇ ਪਾਣੀਆਂ 'ਚ ਇਸ ਦੇ ਹਿੱਸੇ ਸੰਬੰਧੀ ਵਿਸਥਾਰੀ ਅੰਕੜੇ ਦਿੱਤੇ ਗਏ ਹਨ। ਇਹ ਅੰਕੜੇ ਇਹਨਾਂ ਪਾਣੀਆਂ 'ਚ ਹਰਿਆਣੇ ਦਾ 2.145 ਮਿਲੀਅਨ ਏਕੜ ਫੁੱਟ ਹਿੱਸਾ ਦਰਸਾਉਂਦੇ ਹਨ। ਇਉਂ ਦੋਹਾਂ ਸੂਬਿਆਂ ਵੱਲੋਂ ਪਾਣੀਆਂ ਦੀ ਵਰਤੋਂ ਸਬੰਧੀ ਦਾਅਵਿਆਂ ਦਾ ਪਾੜਾ ਕਾਫੀ ਸੀਮਤ ਹੋ ਜਾਂਦਾ ਹੈ। ਹਰਿਆਣਾ ਵੱਲੋਂ ਦਰਸਾਏ 2.145 ਮਿਲੀਅਨ ਏਕੜ ਫੁੱਟ ਪਾਣੀ ਦੇ ਦਾਅਵੇ 'ਚੋਂ ਪੰਜਾਬ ਵੱਲੋਂ ਪੰਜਾਬ ਵੱਲੋਂ ਦਰਸਾਇਆ ਹਰਿਆਣੇ ਦਾ 1.9 ਮਿਲੀਅਨ ਏਕੜ ਫੁੱਟ ਹਿੱਸਾ ਘਟਾ ਕੇ ਸਿਰਫ .245 ਮਿਲੀਅਨ ਏਕੜ ਫੁੱਟ ਦਾ ਪਾੜਾ ਰਹਿ ਜਾਂਦਾ ਹੈ। ਜੇ ਮਸਲੇ ਨੂੰ ਆਪਸੀ ਸਦਭਾਵਨਾ ਦੀ ਪਹੁੰਚ ਨਾਲ ਸੁਲਝਾਉਣਾ ਹੋਵੇ ਤਾਂ ਇਹ ਵੱਡਾ ਮਾਮਲਾ ਨਹੀਂ ਰਹਿੰਦਾ।

ਮਈ 1975 'ਚ ਕੇਂਦਰੀ ਜਲ ਕਮਿਸ਼ਨ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਲਿਖੇ ਆਪਣੇ ਖਤਾਂ 'ਚ ਆਪਣੀਆਂ ਲੱਭਤਾਂ ਬਿਆਨ ਕਰਦੇ ਹੋਏ ਕਿਹਾ ਸੀ ਕਿ ਹਰਿਆਣਾ ਸਰਕਾਰ ਦਾ ਇਹ ਦਾਅਵਾ ਪੰਜਾਬ ਮੁੜ-ਜਥੇਬੰਦੀ ਐਕਟ ਨਾਲ ਮੇਲ ਨਹੀਂ ਖਾਂਦਾ ਕਿ ਰਾਵੀ ਬਿਆਸ ਦੇ ਸਾਰੇ ਦੇ ਸਾਰੇ 7.2 ਮਿਲੀਅਨ ਏਕੜ ਫੁੱਟ ਪਾਣੀ ਨੂੰ ਵੰਡਣਯੋਗ ਸਮਝਿਆ ਜਾਵੇ। ਕਮਿਸ਼ਨ ਦੀਆਂ ਟਿੱਪਣੀਆਂ 'ਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਕਿ ਵੰਡਣਯੋਗ ਪਾਣੀ ਉਹੀ ਹੈ, ਜੋ ਬਿਆਸ ਅਤੇ ਭਾਖੜਾ ਪ੍ਰੋਜੈਕਟਾਂ ਦੇ ਸਿੱਟੇ ਵਜੋਂ ਹਾਸਲ ਹੋਇਆ ਹੈ। ਕਮਿਸ਼ਨ ਮੁਤਾਬਕ ਮਾਮਲਾ ਬਿਆਸ ਪ੍ਰੋਜੈਕਟ ਦੇ ਮੰਤਵਾਂ ਦੀ ਰੌਸ਼ਨੀ 'ਚ ਵੰਡਣਯੋਗ ਪਾਣੀ 'ਚੋਂ ਪੰਜਾਬ ਅਤੇ ਹਰਿਆਣੇ ਦੇ ਹਿੱਸੇ ਨੂੰ ਨਿਸ਼ਚਿਤ ਕਰਨ ਦਾ ਹੈ।

24 ਮਾਰਚ 1976 ਨੂੰ ਕੇਂਦਰ ਸਰਕਾਰ ਨੇ ਹਰਿਆਣਾ ਨੂੰ 3.5 ਮਿਲੀਅਨ ਏਕੜ ਫੁੱਟ ਪਾਣੀ ਅਲਾਟ ਕਰ ਦਿੱਤਾ। ਕੇਂਦਰ ਸਰਕਾਰ ਦੇ ਹੁਕਮ 'ਚ ਕਿਹਾ ਗਿਆ ਕਿ ਜੇ ਰਾਵੀ-ਬਿਆਸ ਪਾਣੀਆਂ ਦੀ ਮਾਤਰਾ 7.2 ਮਿਲੀਅਨ ਏਕੜ ਫੁੱਟ ਤੋਂ ਘਟ ਵੀ ਜਾਂਦੀ ਹੈ ਤਾਂ ਵੀ ਹਰਿਆਣਾ ਲਈ ਮਿੱਥਿਆ ਇਹ ਹਿੱਸਾ ਸੁਰੱਖਿਅਤ ਰੱਖਿਆ ਜਾਵੇਗਾ। ਕੇਂਦਰੀ ਜਲ ਕਮਿਸ਼ਨ ਨੇ ਹਰਿਆਣਾ ਵੱਲੋਂ 2.145 ਮਿਲੀਅਨ ਏਕੜ ਫੁੱਟ ਵਰਤੋਂ ਦੇ ਦਾਅਵੇ ਤੋਂ ਵੀ ਅੱਗੇ ਜਾ ਕੇ 2.87 ਮਿਲੀਅਨ ਏਕੜ ਫੁੱਟ ਪਾਣੀ ਹਰਿਆਣੇ ਨੂੰ ਦੇਣ ਦੀ ਸਿਫਾਰਸ਼ ਕੀਤੀ ਸੀ, ਪਰ ਕੇਂਦਰ ਸਰਕਾਰ ਨੇ ਵੰਡ ਦਾ ਫੈਸਲਾ ਕਰਨ ਸਮੇਂ ਇਹ ਸੀਮਾ ਵੀ ਉਲੰਘ ਦਿੱਤੀ। 1981 'ਚ ਕੇਂਦਰ ਸਰਕਾਰ ਵੱਲੋਂ 3 ਰਾਜਾਂ ਦਰਮਿਆਨ ਮੱਲੋਜ਼ੋਰੀ ਕਰਵਾਏ ਸਮਝੌਤੇ ਰਾਹੀਂ ਵੀ ਹਰਿਆਣੇ ਦਾ 3.5 ਮਿਲੀਅਨ ਏਕੜ ਫੁੱਟ ਹਿੱਸਾ ਕਾਇਮ ਰੱਖਿਆ ਗਿਆ। ਫਰਕ ਇਹ ਪਾਇਆ ਗਿਆ ਕਿ ਰਾਵੀ, ਬਿਆਸ ਦੇ ਵਾਧੂ ਪਾਣੀਆਂ 'ਚ ਕਮੀ ਆਉਣ ਦੀ ਹਾਲਤ 'ਚ ਇਹ ਹਿੱਸਾ ਘਟਾਇਆ ਜਾ ਸਕਦਾ ਹੈ। ਦੂਜੇ ਪਾਸੇ ਪੰਜਾਬ ਸੰਬੰਧੀ ਲਾਈ ਵੱਧ ਤੋਂ ਵੱਧ 3.5 ਮਿਲੀਅਨ ਏਕੜ ਫੁੱਟ ਪਾਣੀ ਦੀ ਸੀਲਿੰਗ ਹਟਾ ਦਿੱਤੀ ਗਈ।

ਵਿਗਿਆਨਕ ਆਧਾਰ, ਸਿਧਾਂਤਾਂ, ਅਸੂਲਾਂ ਅਤੇ ਪੰਜਾਬ ਰੀ-ਆਰਗੇਨਾਈਜ਼ੇਸ਼ਨ ਐਕਟ ਤੋਂ ਬੇਪਰਵਾਹ ਹੋ ਕੇ ਠੋਸੇ ਗਏ ਇਸ ਸਮਝੌਤੇ ਨੇ ਮਸਲੇ ਦਾ ਹੱਲ ਕਰਨ ਦੀ ਬਜਾਏ ਇਸ ਦੇ ਧੁਖਦਾ ਰਹਿਣ ਅਤੇ ਸਮੇਂ-ਸਮੇਂ ਮੱਚ ਉੱਠਣ ਦਾ ਆਧਾਰ ਸਿਰਜ ਦਿੱਤਾ। ਪੰਜਾਬ ਮੁੜ-ਜਥੇਬੰਦੀ ਐਕਟ ਦੀ ਧਾਰਾ-78 ਬਿਆਸ ਪ੍ਰੋਜੈਕਟ ਦੇ ਮੰਤਵਾਂ ਦੇ ਦਾਇਰੇ ਤੋਂ ਬਾਹਰ ਜਾ ਕੇ ਰਾਵੀ ਦੇ ਪਾਣੀ ਦੀ ਵੰਡ ਦੀ ਇਜਾਜ਼ਤ ਨਹੀਂ ਦਿੰਦੀ।

***# ਸੰਪਰਕ : 94631-67923***

# ਜਲ ਸਪਲਾਈ ਵਿਭਾਗ ਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਵੱਲੋਂ ਧਰਨਾ ਪ੍ਰਦਰਸ਼ਨ


ਮੁਕਤਸਰ ਸਾਹਿਬ


ਫਿਰੋਜ਼ਪੁਰ

**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ 2 ਦਿਨ ਦੀ ਸਮੂਹਿਕ ਛੁੱਟੀ 'ਤੇ ਜਾਣ ਦੇ ਉਲੀਕੇ ਸੰਘਰਸ਼ ਦੇ ਸੱਦੇ ਮੁਤਾਬਕ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ ਇਨਲਿਸਟਮੈਂਟ/ ਆਊਟਸੋਰਸ ਅਧੀਨ ਸੇਵਾਵਾਂ ਦੇ ਰਹੇ ਠੇਕਾ ਮੁਲਾਜ਼ਮਾਂ ਨੂੰ ਸਬੰਧਤ ਵਿਭਾਗ 'ਚ ਲੈਣ ਲਈ ਵਿਭਾਜ਼ ਗਾਰ ਦਾ ਪ੍ਰਬੰਧ ਕਰਨ ਦੀ ਮੰਗ ਲਈ ਇਥੇ ਸ਼੍ਰੀ ਮੁਕਤਸਰ ਸਾਹਿਬ ਵਿਖੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਅਗਵਾਈ ਹੇਠ ਜਲ ਸਪਲਾਈ ਮਹਿਕਮੇ ਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਨੇ ਦੋ ਦਿਨ ਦੀ ਸਮੂਹਿਕ ਛੁੱਟੀ ਲੈ ਕੇ ਰੋਹ ਭਰਪੂਰ ਧਰਨਾ ਦਿੱਤਾ ਤੇ ਪੰਜਾਬ ਸਰਕਾਰ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਥੇ ਸ਼ੁਰੂ ਕੀਤੇ ਧਰਨੇ ਦੇ ਦੌਰਾਨ ਦੇਰ ਸ਼ਾਮ ਨੂੰ ਸ਼ਹਿਰ ਸ਼੍ਰੀ ਮੁਕਤਸਰ ਸਾਹਿਬ 'ਚ ਰੋਸ ਮਾਰਚ ਵੀ ਕੀਤਾ ਗਿਆ। ਇਹ ਧਰਨਾ ਲਗਾਤਰ 2 ਦਿਨ ਲਗਾਤਾਰ (ਦਿਨ-ਰਾਤ) ਜਾਰੀ ਰਹੇਗਾ। ਇਸ ਮੌਕੇ ਜਥੇਬੰਦੀ ਦੇ ਸੂਬਾ ਪ੍ਰਚਾਰ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਭੱਟੀ, ਜ਼ਿਲ੍ਹਾ ਜਰਨਲ ਸਕੱਤਰ ਸੁਰਜੀਤ ਸਿੰਘ ਤੱਖੀ, ਜ਼ਿਲ੍ਹਾ ਮੀਤ ਪ੍ਰਧਾਨ ਜਸਵੀਰ ਸਿੰਘ ਕਾਲਾ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਬਿਕਰਮਜੀਤ ਸਿੰਘ ਕਪੂਰ, ਗਗਨਦੀਪ ਸਿੰਘ, ਸੌਰਵ ਮਿਗਲਾਨੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਤਰਾਂ ਆਮ ਲੋਕਾਂ ਦੀ ਹਿਤੈਸ਼ੀ ਕਹਿਲਾਉਣ ਵਾਲੀ ਮੌਜੂਦਾ ਸਰਕਾਰ ਵੀ ਸਮੂਹ ਸਰਕਾਰੀ ਵਿਭਾਗਾਂ ਦਾ ਨਿੱਜੀਕਰਨ/ ਪੰਚਾਇਤੀਕਰਨ ਕਰਨ ਲਈ ਨੀਤੀਆਂ ਲਾਗੂ ਕਰਨ ਲਈ ਬਜ਼ਿੱਦ ਹੈ ਅਤੇ ਇਹ ਨੀਤੀਆਂ ਲੋਕ ਦੀ ਅੰਨ੍ਹੀ ਲੁੱਟ ਕਰਵਾਉਣ ਲਈ ਤੇ ਕਾਰਪੋਰੇਟਰਾਂ ਦੇ ਮੁਨਾਫੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਲਾਗੂ ਕੀਤੀਆਂ ਜਾ ਰਹੀਆਂ ਹੈ। ਉਨਾਂ ਕਿਹਾ ਕਿ ਵੱਖ-ਵੱਖ ਵਿਭਾਗਾਂ 'ਚ ਬਤੌਰ ਇਨਲਿਸਟਮੈਂਟ/ ਆਊਟਸੋਰਸ ਅਧੀਨ ਕੰਮ ਕਰਦੇ ਨੂੰ ਉਨ੍ਹਾਂ ਦੇ ਪਿੱਤਰੀ ਵਿਭਾਗਾਂ 'ਚ ਲੈ ਕੇ ਰੈਗੂਲਰ ਕਰਨ ਦੀ ਮੰਗ ਲਈ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਦੇ ਬੈਨਰ ਹੇਠ ਸੰਘਰਸ਼ ਚੱਲ ਰਿਹਾ ਹੈ ਤੇ ਮੁੱਖ ਮੰਤਰੀ ਪੰਜਾਬ ਸਰਕਾਰ ਕੋਲੋ ਮੰਗਾਂ-ਮਸਲਿਆਂ ਦਾ ਹੱਲ ਕਰਨ ਲਈ ਮੀਟਿੰਗ ਦੀ ਮੰਗ ਕੀਤੀ ਜਾ ਰਹੀ ਹੈ, ਪਰ ਪਿਛਲੇ 4-5 ਮਹੀਨਿਆਂ ਤੋਂ ਮੁੱਖ ਮੰਤਰੀ ਪੰਜਾਬ ਮੀਟਿੰਗ ਕਰਨ ਤੋਂ ਭੱਜ ਰਹੇ ਹਨ, ਜਿਸ ਦੇ ਕਾਰਨ ਪੰਜਾਬ ਸਰਕਾਰ ਵੱਲੋਂ ਪੈਦਾ ਕੀਤੀ ਗਈ ਮਜਬੂਰੀ ਕਾਰਨ ਹੀ ਠੇਕਾ ਮੁਲਾਜ਼ਮਾਂ ਵੱਲੋਂ ਸਮੂਹਿਕ ਛੁੱਟੀ 'ਤੇ ਜਾ ਕੇ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨਾਂ ਮੰਗ ਕੀਤੀ ਕਿ ਸਰਕਾਰੀ ਵਿਭਾਗਾਂ 'ਚ ਕੰਮ ਕਰਦੇ ਆਊਟਸੋਰਸਡ/ਇਨਲਿਸਟਮੈਂਟ ਮੁਲਾਜਮਾਂ ਨੂੰ ਨਜ਼ਰਅੰਦਾਜ਼ ਕਰਕੇ ਬਾਹਰੋਂ ਪੱਕੀ ਭਰਤੀ ਕਰਨ ਦੇ ਫੈਸਲੇ ਨੂੰ ਰੱਦ ਕਰਕੇ ਆਊਟਸੋਰਸ ਤੇ ਇਨਲਿਸਟਮੈਂਟ ਮੁਲਾਜ਼ਮਾਂ ਨੂੰ ਪਹਿਲ ਦੇ ਅਧਾਰ 'ਤੇ ਰੈਗੂਲਰ ਕੀਤਾ ਜਾਵੇ। ਇਨਲਿਸਟਮੈਂਟ/ਆਊਟਸੋਰਸ ਮੁਲਾਜ਼ਮਾਂ ਨੂੰ ਵਿਭਾਗ 'ਚ ਸ਼ਾਮਲ ਕਰਨ ਲਈ ਤਿਆਰ ਕੀਤੀ (ਪੱਤਰ ਨੰ. ਜਸਸ/ਅਨਗ(7) 39 ਮਿਤੀ 11-01-2018) ਤਜਵੀਜ਼ ਨੂੰ ਲਾਗੂ ਕੀਤਾ ਜਾਵੇ ਆਦਿ। ਇਸ ਮੌਕੇ ਵਜਿੰਦਰ ਸਿੰਘ ਬਰਾੜ, ਜਸਬੀਰ ਕੌਰ, ਹਰਪ੍ਰੀਤ ਕੌਰ, ਬਲਵਿੰਦਰ ਕੌਰ, ਕਰਮਜੀਤ ਕੌਰ, ਸੁਖਵਿੰਦਰ ਕੌਰ, ਗੁਰਦੇਵ ਸਿੰਘ, ਤਰਲੋਕ ਸਿੰਘ, ਪਰਮਿੰਦਰ ਸਿੰਘ, ਕ੍ਰਿਸ਼ਨ ਕੁਮਾਰ, ਰਾਮ ਕੁਮਾਰ, ਧਰਮਵੀਰ ਤੇ ਨਿਰਮਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਾਥੀ ਸ਼ਾਮਲ ਹੋਏ।

**ਜਲਾਲਾਬਾਦ (ਜੀਤ ਕੁਮਾਰ)** : ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ 2 ਦਿਨ ਦੀ ਸਮੂਹਕ ਛੁੱਟੀ 'ਤੇ ਜਾਣ ਦੇ ਉਲੀਕੇ ਸੰਘਰਸ਼ ਦੇ ਸੱਦੇ ਮੁਤਾਬਕ ਇਥੇ ਜਲ ਸਪਲਾਈ ਦਫਤਰ ਗੁੰਮਾਨੀਵਾਲਾ ਵਾਟਰ ਵਰਕਸ 'ਤੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਅਗਵਾਈ ਹੇਠ ਠੇਕਾ ਮੁਲਾਜ਼ਮਾਂ ਨੇ ਰੋਹ ਭਰਪੂਰ ਧਰਨਾ ਦਿੱਤਾ ਤੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਥੇ ਸ਼ੁਰੂ ਕੀਤੇ ਧਰਨੇ ਦੇ ਦੌਰਾਨ ਦੇਰ ਸ਼ਾਮ ਨੂੰ ਸ਼ਹਿਰ ਜਲਾਲਾਬਾਦ 'ਚ ਰੋਸ ਮਾਰਚ ਵੀ ਕੀਤਾ ਗਿਆ। ਇਹ ਧਰਨਾ ਲਗਾਤਰ 2 ਦਿਨ ਲਗਾਤਾਰ (ਦਿਨ-ਰਾਤ) ਜਾਰੀ ਰਹੇਗਾ। ਇਸ ਮੌਕੇ ਜਥੇਬੰਦੀ ਦੇ ਆਗੂ ਜਸਵਿੰਦਰ ਸਿੰਘ ਚੱਕ ਜਾਨੀਸਰ, ਗੁਰਮੀਤ ਸਿੰਘ ਆਲਮਕੇ, ਸੁਖਚੈਨ ਸਿੰਘ ਸੋਢੀ, ਕੁੰਦਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਤੁਰੰਤ ਮੰਨਦੇ ਹੋਏ ਲਾਗੂ ਕੀਤਾ ਜਾਵੇ। ਇਸ ਮੌਕੇ ਭਾਰੀ ਗਿਣਤੀ 'ਚ ਠੇਕਾ ਮੁਲਾਜ਼ਮ ਹਾਜ਼ਰ ਸਨ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੱਦੇ ਮੁਤਾਬਕ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ 'ਚ ਕੰਮ ਰਹੇ ਠੇਕਾ ਮੁਲਾਜ਼ਮਾਂ ਨੇ ਦੋ ਦਿਨ ਦੀ ਸਮੂਹਕ ਛੁੱਟੀ ਲੈ ਕੇ ਰੋਹ ਭਰਪੂਰ ਧਰਨਾ ਦਿੱਤਾ ਤੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਸ਼ੁਰੂ ਕੀਤੇ ਧਰਨੇ ਦੇ ਦੌਰਾਨ ਸ਼ਹਿਰ ਪਾਤੜਾਂ 'ਚ ਰੋਸ ਮਾਰਚ ਵੀ ਕੀਤਾ ਗਿਆ। ਜਥੇਬੰਦੀ ਦੇ ਸੂਬਾ ਆਗੂ ਵਰਿੰਦਰ ਸਿੰਘ ਮੋਮੀ, ਜ਼ਿਲ੍ਹਾ ਆਗੂ ਸੁਭਾਸ਼ ਚੰਦ, ਬ੍ਰਾਂਚ ਆਗੂ ਪ੍ਰਧਾਨ ਅਵਤਾਰ ਸਿੰਘ, ਰਾਜਪਾਲ ਖਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਆਮ ਲੋਕਾਂ ਦੀ ਹਿਤੈਸ਼ੀ ਕਹਿਲਾਉਣ ਵਾਲੀ ਮੌਜੂਦਾ ਸਰਕਾਰ ਵੀ ਸਮੂਹ ਸਰਕਾਰੀ ਵਿਭਾਗਾਂ ਦਾ ਨਿੱਜੀਕਰਨ/ਪੰਚਾਇਤੀਕਰਨ ਕਰਨ ਲਈ ਨੀਤੀਆਂ ਲਾਗੂ ਕਰਨ ਲਈ ਬਜਿੱਦ ਹੈ ਅਤੇ ਇਹ ਨੀਤੀਆਂ ਲੋਕ ਦੀ ਅੰਨ੍ਹੀ ਲੁੱਟ ਕਰਵਾਉਣ ਲਈ ਅਤੇ ਕਾਰਪੋਰੇਟਰਾਂ ਦੇ ਮੁਨਾਫੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਲਾਗੂ ਕੀਤੀਆਂ ਜਾ ਰਹੀਆਂ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰੀ ਵਿਭਾਗਾਂ 'ਚ ਕੰਮ ਕਰਦੇ ਆਊਟਸੋਰਸਡ/ ਇਨਲਿਸਟਮੈਂਟ ਮੁਲਾਜ਼ਮਾਂ ਨੂੰ ਨਜ਼ਰ ਅੰਦਾਜ਼ ਕਰਕੇ ਬਾਹਰੋਂ ਪੱਕੀ ਭਰਤੀ ਕਰਨ ਦੇ ਫੈਸਲੇ ਨੂੰ ਰੱਦ ਕਰਕੇ ਆਊਟਸੋਰਸ ਤੇ ਇੰਨਲਿਸਟਮੈਂਟ ਮੁਲਾਜ਼ਮਾਂ ਨੂੰ ਪਹਿਲ ਦੇ ਅਧਾਰ 'ਤੇ ਰੈਗੂਲਰ ਕੀਤਾ ਜਾਵੇ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਦੇ ਸੱਦੇ 'ਤੇ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਮੁਲਾਜ਼ਮਾਂ ਨੇ ਵਿਭਾਗ ਦਾ ਕੰਮਕਾਰ ਠੱਪ ਕਰਕੇ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਫਿਰੋਜ਼ਪੁਰ ਦੇ ਦਫਤਰ ਵਿਖੇ ਧਰਨਾ ਦਿੱਤਾ। ਧਰਨੇ ਵਿੱਚ ਵਿਸ਼ੇਸ਼ ਰੂਪ ਵਿੱਚ ਯੂਨੀਅਨ ਦੇ ਪ੍ਰਧਾਨ ਗਗਨਦੀਪ ਸਿੰਘ, ਸੰਦੀਪ ਅਟਵਾਲ, ਗੁਰਪ੍ਰੀਤ ਸਿੰਘ ਧਰਨੇ ਵਿੱਚ ਸ਼ਾਮਲ ਰਹੇ।ਉਨ੍ਹਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਆਮ ਆਦਮੀ ਸਰਕਾਰ ਵੱਲੋਂ ਹੋਂਦ ਵਿੱਚ ਆਉਣ ਤੋਂ ਪਹਿਲਾਂ ਆਪਣੇ ਚੋਣ ਮੈਨੀਫੈਸਟੋ ਵਿੱਚ ਵਿਸ਼ੇਸ਼ ਰੂਪ 'ਚ ਵੱਖ ਵੱਖ ਸਰਕਾਰੀ ਵਿਭਾਗਾਂ 'ਚ ਸੁਸਾਇਟੀਆਂ, ਆਊਟਸੋਰਸ, ਇਨਲਿਸਟਮੈਂਟ, ਠੇਕਾ ਆਧਾਰ ਰਾਹੀ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਸਰਕਾਰ ਦੇ ਹੋਂਦ ਵਿੱਚ ਆਉਂਦੇ ਹੀ ਉਨ੍ਹਾਂ ਦੇ ਵਿਭਾਗ ਵਿੱਚ ਹੀ ਪੱਕਾ ਕੀਤਾ ਜਾਵੇਗਾ, ਪਰ ਸਰਕਾਰ ਵੱਲੋਂ ਲਗਭਗ 6 ਮਹੀਨੇ ਦਾ ਸਮਾਂ ਬੀਤ ਜਾਣ 'ਤੇ ਵੀ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਇਸ ਸਬੰਧੀ ਜਥੇਬੰਦੀ ਦੇ ਆਗੂਆਂ ਵੱਲੋਂ ਮੁੱਖ ਮੰਤਰੀ ਪੰਜਾਬ ਤੋਂ ਵੀ ਕਈ ਵਾਰ ਆਪਣੀ ਮੰਗ ਨੂੰ ਮੰਨਵਾਉਣ ਲਈ ਮੀਟਿੰਗ ਦਾ ਸਮਾਂ ਮੰਗਿਆ ਗਿਆ। ਮੁੱਖ ਮੰਤਰੀ ਵੱਲੋਂ ਹਮੇਸ਼ਾ ਹੀ ਮੀਟਿੰਗ ਦਾ ਸਮਾਂ ਦੇਣ ਉਪਰੰਤ ਮੀਟਿੰਗ ਨਹੀਂ ਲਈ ਜਾਂਦੀ, ਜਿਸ ਕਾਰਨ ਅੱਜ ਜਥੇਬੰਦੀ ਵੱਲੋਂ ਰੋਸ ਪ੍ਰਗਟਾਉਂਦੇ ਹੋਏ 15 ਤੋਂ 16 ਨਵੰਬਰ 2022 ਤੱਕ ਵਾਟਰ ਸਪਲਾਈ ਤੇ ਸੀਵਰੇਜ ਦੇ ਕੰਮਾਂ ਨੂੰ ਪੂਰਨ ਰੂਪ ਵਿੱਚ ਦਿਨ-ਰਾਤ ਲਗਾਤਾਰ ਕੰਮਾਂ ਨੂੰ ਬੰਦ ਕਰਕੇ ਦਫਤਰ ਵਿਖੇ ਧਰਨਾ ਲਗਾਇਆ ਗਿਆ। ਧਰਨੇ ਵਿੱਚ ਰਜੀਵ ਕੁਮਾਰ, ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ, ਵਿਕੀ, ਅਸ਼ੋਕ ਸਬਰਵਾਲ, ਮੰਗਲ ਸਿੰਘ, ਸ਼ਰਨਜੀਤ ਸਿੰਘ, ਸੁਰਿੰਦਰ ਸਿੰਘ, ਵਿਸ਼ਾਲ ਆਦਿ ਹਾਜ਼ਰ ਸਨ।

## ਭੂੰਦੜ ਸਕੂਲ ਦਾ ਸਾਲਾਨਾ ਮੈਗਜ਼ੀਨ 'ਨੰਨ੍ਹੀ ਕਲਮ-2' ਰਿਲੀਜ਼



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸ਼ਹੀਦ ਨਾਇਕ ਮਹਿੰਦਰ ਸਿੰਘ ਸਰਕਾਰੀ ਹਾਈ ਸਕੂਲ ਭੂੰਦੜ ਵਿਖੇ ਬਾਲ ਦਿਵਸ ਦੇ 'ਤੇ ਸਕੂਲ ਦਾ ਸਾਲਾਨਾ ਮੈਗਜ਼ੀਨ 'ਨੰਨ੍ਹੀ ਕਲਮ-2' ਰਿਲੀਜ਼ ਕੀਤਾ ਗਿਆ। ਇਸ ਦੇ ਨਾਲ ਹੀ ਦਾਖਲਾ ਮੁਹਿਮ 2023-24 ਦਾ ਆਗਾਜ਼ ਕੀਤਾ ਗਿਆ। ਛੋਟੇ ਛੋਟੇ ਬੱਚਿਆਂ ਨੇ ਰੰਗਾ-ਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਤੇ ਵੱਖ-ਵੱਖ ਤਰ੍ਹਾਂ ਦੇ ਮੁਕਾਬਲੇ ਜਿਵੇਂ ਕਿ ਕਵਿਤਾ, ਭਾਸ਼ਣ, ਸੁੰਦਰ ਲਿਖਾਈ ਤੇ ਕੁਇੱਜ਼ ਮੁਕਾਬਲੇ ਕਰਵਾਏ ਗਏ। ਕੁੜੀਆਂ ਦੇ ਗਿੱਧੇ ਨੇ ਵੀ ਖੂਬ ਰੰਗ ਬੰਨ੍ਹਿਆ। ਸਕੂਲ ਸਟਾਫ ਦੇ ਸਹਿਯੋਗ ਨਾਲ ਬਲਾ ਮੇਲਾ ਯਾਦਗਾਰੀ ਹੋ ਨਿੱਬੜਿਆ। ਸਕੂਲ ਦੀ ਹੈੱਡ ਮਿਸਟ੍ਰੈੱਸ ਪੂਜਾ ਰਾਣੀ ਨੇ ਸਿੱਖਿਆ ਵਿਭਾਗ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਲਾਨਾ ਮੈਗਜ਼ੀਨ ਜਾਰੀ ਹੋਣ ਨਾਲ ਬੱਚੇ ਕਿਤਾਬਾਂ ਨਾਲ ਜੁੜਨਗੇ ਤੇ ਬੱਚਿਆਂ ਦੀਆਂ ਰਚਨਾਵਾਂ ਮੈਗਜ਼ੀਨ ਵਿੱਚ ਦਰਜ ਹੋਣ ਨਾਲ ਬੱਚੇ ਪ੍ਰੇਰਿਤ ਹੋਣ ਦੇ ਨਾਲ-ਨਾਲ ਉਨ੍ਹਾਂ ਵਿੱਚ ਸਿਰਜਣਾਤਮਕਤਾ ਤੇ ਕਲਾਤਮਕ ਰੁਚੀਆਂ ਵੀ ਪੈਦਾ ਹੋਣਗੀਆਂ।

## ਕੈਂਬਰਿਜ ਕਾਨਵੈਂਟ ਸਕੂਲ ਦੀ ਕ੍ਰਿਕਟ ਟੀਮ ਅੰਤਰ ਜ਼ਿਲ੍ਹਾ ਸਕੂਲ ਖੇਡਾਂ 'ਚ ਕਰੇਗੀ ਮੋਗਾ ਜ਼ਿਲ੍ਹੇ ਦੀ ਨੁਮਾਇੰਦਗੀ



**ਕੋਟ ਈਸੇ ਖਾਂ (ਅਜੈ ਅਰੋੜਾ)**-ਕੋਟ ਈਸੇ ਖਾਂ ਦੀ ਸਿਰਮੌਰ ਸੰਸਥਾ ਕੈਂਬਰਿਜ ਕੌਨਵੈਂਟ ਸਕੂਲ ਦੇ ਵਿਦਿਆਰਥੀ ਆਏ ਦਿਨ ਖੇਡਾਂ ਤੇ ਪੜ੍ਹਾਈ ਵਿੱਚ ਮੱਲਾਂ ਮਾਰਦੇ ਰਹਿੰਦੇ ਹਨ। ਇਸੇ ਤਰ੍ਹਾਂ ਪਿਛਲੇ ਦਿਨੀਂ ਕੈਂਬਰਿਜ ਕੌਨਵੈਂਟ ਸਕੂਲ ਦੀ ਹੋਣਹਾਰ ਟੀਮ ਦੇ ਵਿਦਿਆਰਥੀਆਂ ਨੇ ਇੰਟਰਨੈਸ਼ਨਲ ਸਕੂਲ ਸਮਾਧ ਭਾਈ ਦੇ ਸਟੇਡੀਅਮ ਵਿੱਚ ਜ਼ਿਲ੍ਹਾ ਟੂਰਨਾਮੈਂਟ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਤੇ ਨਾਲ ਹੀ ਪੰਜਾਬ ਖੇਡਾਂ ਲਈ ਮੋਗੇ ਜ਼ਿਲ੍ਹੇ ਦੀ ਨੁਮਾਇੰਦਗੀ ਕਰਨ ਦਾ ਮਾਣ ਹਾਸਲ ਕੀਤਾ। ਇਸ ਮੌਕੇ ਸਕੂਲ ਦੇ ਮੈਨੇਜਰ ਸ਼੍ਰੀ ਮਨਦੀਪ ਮਾਲੜਾ ਨੇ ਕਿਹਾ ਕਿ ਇਹ ਸਕੂਲ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਸਕੂਲ ਦੀ ਕ੍ਰਿਕਟ ਟੀਮ ਪੰਜਾਬ ਖੇਡਾਂ ਲਈ ਮੋਗੇ ਜ਼ਿਲ੍ਹੇ ਦੀ ਨੁਮਾਇੰਦਗੀ ਕਰਨ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਨੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ ਹੈ ਕਿ ਉਹ ਪੰਜਾਬ ਖੇਡਾਂ ਵਿੱਚ ਵੀ ਸਕੂਲ ਤੇ ਆਪਣੇ ਮਾਂ-ਬਾਪ ਦਾ ਨਾਮ ਰੌਸ਼ਨ ਕਰਨ।

## ਪ੍ਰਾਇਮਰੀ ਸਕੂਲ ਵਿਖੇ ਮੈਗਜ਼ੀਨ 'ਗਿਆਨ ਦੀਪ' ਰਿਲੀਜ਼



**ਮਮਦੋਟ (ਹਰਪਾਲ ਸਿੰਘ ਸੋਢੀ)**-ਪ੍ਰਾਇਮਰੀ ਸਿੱਖਿਆ ਬਲਾਕ ਦਫਤਰ ਮਮਦੋਟ ਅਧੀਨ ਆਉਂਦੇ ਸਰਕਾਰੀ ਪ੍ਰਾਇਮਰੀ ਸਕੂਲ ਮਮਦੋਟ ਹਿਠਾੜ ਬਸਤੀ ਸਾਹਨ ਕੇ ਵਿਖੇ ਬਾਲ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਸਟਾਫ ਵੱਲੋਂ ਇੱਕ ਪੰਜਾਬੀ ਮੈਗਜ਼ੀਨ 'ਗਿਆਨ ਦੀਪ' ਵੀ ਰਿਲੀਜ਼ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਮੈਡਮ ਸੁਖਵਿੰਦਰ ਕੌਰ ਨੇ ਦੱਸਿਆ ਕਿ ਅੱਜ ਬਾਲ ਦਿਵਸ ਮੌਕੇ ਸਕੂਲ ਵਿੱਚ ਬਾਲ ਮੇਲਾ ਵੀ ਕਰਵਾਇਆ ਗਿਆ। ਉਨ੍ਹਾ ਦੱਸਿਆ ਕਿ ਬਾਲ ਮੇਲੇ ਤੋਂ ਉਪਰੰਤ ਦਾਖਲਾ ਮੁਹਿੰਮ ਵੀ ਚਲਾਈ ਗਈ, ਜਿਸ ਤਹਿਤ ਘਰ ਘਰ ਜਾ ਕੇ ਲੋਕਾਂ ਨੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਵਾਉਣ ਲਈ ਪ੍ਰੇਰਤ ਕੀਤਾ ਗਿਆ ਤਾਂ ਜੋ ਸਰਕਾਰ ਵੱਲੋਂ ਮਿਲਦੀਆਂ ਵੱਖ ਵੱਖ ਸਹੂਲਤਾਂ ਦਾ ਫਾਇਦਾ ਲਿਆ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੂਲ ਦਾ ਸਮੂਹ ਸਟਾਫ ਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

## ਬਾਲ ਦਿਵਸ ਮੌਕੇ ਸਿੱਧਵਾਂ ਸਕੂਲ 'ਚ ਕਰਵਾਏ ਕੁਇੱਜ਼ ਮੁਕਾਬਲੇ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਕਾਰੀ ਮਿਡਲ ਸਕੂਲ ਪਿੰਡ ਸਿੱਧਵਾਂ ਵਿਖੇ ਬਾਲ ਦਿਵਸ ਮਨਾਇਆ ਗਿਆ। ਇੰਚਾਰਜ ਅਨੀਤਾ ਰਾਣੀ ਨੇ ਦੱਸਿਆ ਕਿ ਬਾਲ ਦਿਵਸ ਮੌਕੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ ਤੇ ਕੁਇਜ਼ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵਿਦਿਆਰਥੀਆਂ ਵੱਲੋਂ ਕਾਫੀ ਦਿਲਚਸਪੀ ਦਿਖਾਈ ਗਈ। ਉਨ੍ਹਾ ਦੱਸਿਆ ਕਿ ਇਸ ਮੌਕੇ ਆਰਤੀ ਸ਼ਰਮਾ ਵੱਲੋਂ ਸਕੂਲ ਦਾ ਮੈਗਜ਼ੀਨ ਵੀ ਰਿਲੀਜ਼ ਕੀਤਾ ਗਿਆ ਤੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਗਿਆ। ਉਨ੍ਹਾ ਦੱਸਿਆ ਕਿ ਸਰਕਾਰੀ ਸਕੂਲਾਂ 'ਚ ਚਲਾਈ ਜਾ ਰਹੀ ਦਾਖਲਾ ਮੁਹਿੰਮ ਤਹਿਤ ਸਾਇੰਸ ਅਧਿਆਪਕ ਮਨਮੋਹਨ ਰਾਏ ਥਾਪਰ ਦੀ ਅਗਵਾਈ 'ਚ ਸਕੂਲ ਸਟਾਫ ਵੱਲੋਂ ਆਲੇ ਦੁਆਲੇ ਦੇ ਰਿਹਾਇਸ਼ੀ ਇਲਾਕਿਆਂ 'ਚ ਸਰਕਾਰੀ ਸਕੂਲਾਂ 'ਚ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਈਆਂ ਸਹੂਲਤਾਂ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਮੌਕੇ ਸਕੂਲ ਦੇ ਐੱਸ.ਐੱਮ.ਸੀ. ਮੈਂਬਰ, ਪ੍ਰਾਇਮਰੀ ਸਕੂਲ ਦੇ ਇੰਚਾਰਜ ਗੋਬਿੰਦਰ ਸਿੰਘ, ਪ੍ਰਤਿਭਾ ਸ਼ਰਮਾ, ਸੁਨਿਲ ਸ਼ਰਮਾ ਆਦਿ ਸਟਾਫ ਮੈਂਬਰ ਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।

## ਕਾਤਰਾਂ

### ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

**ਜਲਾਲਾਬਾਦ (ਬਾਵਾ ਦਹੂਜਾ)**-ਥਾਣਾ ਸਿਟੀ ਪੁਲਸ ਨੇ ਇੱਕ ਵਿਅਕਤੀ ਨੂੰ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਅਮਰੀਕ ਸਿੰਘ ਨੇ ਦੱਸਿਆ ਕਿ ਉਹ ਸਾਥੀ ਕਰਮਚਾਰੀਆਂ ਸਮੇਤ ਗਸ਼ਤ ਤੇ ਚੈਕਿੰਗ ਦੇ ਸਬੰਧ 'ਚ ਸਿਟੀ ਏਰੀਆ ਜਲਾਲਾਬਾਦ ਵੱਲ ਜਾ ਰਹੇ ਸਨ। ਜਦੋਂ ਉਹ ਪਿੰਡ ਛੋਟਾ ਟਿਵਾਣਾ ਕਰੀਬ 100 ਗਜ਼ ਅੱਗੇ ਪਹੁੰਚਿਆ ਤਾਂ ਸਾਹਮਣੇ ਤੋਂ ਇੱਕ ਵਿਅਕਤੀ ਆਉਂਦਾ ਦਿਖਾਈ ਦਿੱਤਾ, ਜਿਸ ਨੇ ਪੁਲਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਆਪਣੇ ਹੱਥ 'ਚ ਫੜਿਆ ਲਿਫਾਫਾ ਸੁੱਟ ਦਿੱਤਾ ਤੇ ਤੇਜ਼ ਕਦਮਾਂ ਨਾਲ ਖੇਤਾਂ 'ਚ ਜਾਣ ਲੱਗਾ। ਸ਼ੱਕ ਦੇ ਆਧਾਰ 'ਤੇ ਸਾਥੀ ਮੁਲਾਜ਼ਮਾਂ ਦੀ ਮਦਦ ਨਾਲ ਉਸ ਨੂੰ ਕਾਬੂ ਕਰਕੇ ਉਸ ਦਾ ਨਾਂਅ ਪੁੱਛਿਆ ਤਾਂ ਉਸ ਨੇ ਆਪਣਾ ਨਾਂਅ ਹਰਜਿੰਦਰ ਸਿੰਘ ਉਰਫ਼ ਗਾਮੀ ਵਾਸੀ ਟਿਵਾਣਾ ਕਲਾਂ ਜਲਾਲਾਬਾਦ ਦੱਸਿਆ ਤੇ ਉਸ ਵੱਲੋਂ ਸੁੱਟੇ ਗਏ ਲਿਫਾਫੇ ਵਿੱਚੋਂ 60 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਿਸ ਨੇ ਉਕਤ ਵਿਅਕਤੀ ਖਿਲਾਫ ਪਰਚਾ ਦਰਜ ਕਰ ਲਿਆ ਹੈ।

### ਸੰਤ ਕਬੀਰ ਸਕੂਲ 'ਚ ਬਾਲ ਦਿਵਸ ਧੂਮਧਾਮ ਨਾਲ ਮਨਾਇਆ




**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੰਡਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨੂੰ ਸਮਰਪਤ ਬਾਲ ਦਿਵਸ ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਅਧਿਆਪਕਾਂ ਵੱਲੋਂ ਨਾਚ, ਨਾਟਕ ਤੇ ਕਵਿਤਾ ਗਾਇਨ ਪੇਸ਼ ਕੀਤੇ ਗਏ। ਮੈਡਮ ਨੇਹਾ ਵਾਧਵਾ ਨੇ ਆਪਣੀ ਸੁਰੀਲੀ ਆਵਾਜ਼ 'ਚ 'ਬੱਚੇ ਮਨ ਕੇ ਸੱਚੇ' ਗੀਤ ਸੁਣਾ ਕੇ ਸਭਨਾਂ ਨੂੰ ਭਾਵੁਕ ਕਰ ਦਿੱਤਾ। ਇਸ ਤੋਂ ਇਲਾਵਾ ਬੱਚਿਆਂ ਤੋਂ ਕੁੱਝ ਗਤੀਵਿਧੀਆਂ ਕਰਵਾਈਆਂ ਗਈਆਂ। ਕਿੰਡਰਗਾਰਟਨ ਕਲਾਸ ਵਿੱਚ ਡਾਂਸ ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿੱਚ ਅਨੰਨਿਆ (ਯੂ.ਕੇ.ਜੀ.-ਬੀ) ਨੇ ਪਹਿਲਾ, ਤਾਜਮਨ ਕੌਰ (ਐੱਲ. ਕੇ. ਜੀ.-ਸੀ) ਨੇ ਦੂਜਾ ਤੇ ਏਕਮਪ੍ਰੀਤ ਕੌਰ (ਐਲ. ਕੇ. ਜੀ.-ਏ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਅਧਿਆਪਕਾਂ ਵੱਲੋਂ ਬੱਚਿਆਂ ਨੂੰ ਗਿਫਟ ਦਿੱਤੇ ਗਏ। ਸਕੂਲ ਦੇ ਐੱਮ. ਡੀ. ਪ੍ਰੋ. ਐੱਮ. ਐੱਲ. ਅਰੋੜਾ, ਪ੍ਰਿੰਸੀਪਲ ਮੈਡਮ ਕੰਚਨ, ਹੈੱਡ ਮਿਸਟਰੈੱਸ ਸੋਨੀਆ ਧਵਨ ਤੇ ਰਚਨਾ ਜਿੰਦਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਬਚਪਨ ਇੱਕ ਅਨਮੋਲ ਗਹਿਣਾ ਹੈ, ਆਪ ਸਾਰਿਆਂ ਨੇ ਇਸ ਨੂੰ ਸਜਾ ਕੇ ਰੱਖਣਾ ਹੈ।

### ਨਸ਼ੇ ਵਿਰੁੱਧ ਪੁਲਸ ਵੱਲੋਂ ਸਰਚ ਅਭਿਆਨ

**ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਵਿੱਚ ਨਸ਼ੇ ਦੇ ਖਾਤਮੇ ਲਈ ਪੁਲਸ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਤਹਿਤ ਅੱਜ ਪੁਲਸ ਵੱਲੋਂ ਮਲੋਟ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿੱਚ ਸਰਚ ਅਭਿਆਨ ਚਲਾਇਆ ਜਾ ਰਿਹਾ ਹੈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ.ਐੱਸ.ਪੀ. ਬਲਕਾਰ ਸਿੰਘ ਨੇ ਦੱਸਿਆ ਕਿ ਨਸ਼ੇ ਦੇ ਖਾਤਮੇ ਲਈ ਪੁਲਸ ਵੱਲੋਂ ਇਹ ਸਰਚ ਅਭਿਆਨ ਚਲਾਇਆ ਜਾ ਰਿਹਾ ਹੈ। ਨਸ਼ੇ ਦੇ ਖਾਤਮੇ ਲਈ ਲੋਕਾਂ ਨੂੰ ਸਹਿਯੋਗ ਕਰਨ ਦੀ ਅਪੀਲ ਕਰਦਿਆਂ ਉਨ੍ਹਾ ਕਿਹਾ ਕਿ ਜੇਕਰ ਕੋਈ ਨਸ਼ੇ ਵੇਚਦਾ ਹੈ ਤਾਂ ਉਸ ਦੀ ਪੁਲਸ ਨੂੰ ਜਾਣਕਾਰੀ ਦਿੱਤੀ ਜਾਵੇ, ਉਸ ਦੇ ਖਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਐੱਸ.ਐੱਚ.ਓ. ਮਲੋਟ ਸਮੇਤ ਵੱਡੀ ਗਿਣਤੀ ਵਿੱਚ ਪੁਲਸ ਬਲ ਹਾਜ਼ਰ ਸਨ।

## ਆੜ੍ਹਤੀ ਤੋਂ ਤੰਗ ਆ ਕੇ ਕਿਸਾਨ ਵੱਲੋਂ ਖੁਦਕੁਸ਼ੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿੰਡ ਸ਼ੁਤਰਾਨਾ ਦੇ ਕਿਸਾਨ ਵੱਲੋਂ ਆੜ੍ਹਤੀ ਤੋਂ ਤੰਗ ਹੋ ਕੇ ਖੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪਰਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਪੁਲਸ ਨੇ ਕਾਰਵਾਈ ਕਰਦਿਆਂ ਆੜ੍ਹਤੀ ਖਿਲਾਫ਼ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਰਵਾਰਕ ਮੈਂਬਰ ਕੁਲਵੰਤ ਸਿੰਘ ਨੇ ਦੱਸਿਆ ਕਿ ਉਸਦੇ ਚਾਚਾ ਬਲਵਿੰਦਰ ਸਿੰਘ ਪਹਿਲਾਂ ਜ਼ਮੀਨ ਠੇਕੇ 'ਤੇ ਦਿੰਦੇ ਸਨ, ਪਰ ਇਸ ਵਾਰ ਉਨ੍ਹਾਂ ਨੇ ਆਪ ਖੇਤੀ ਕੀਤੀ ਸੀ। ਉਨ੍ਹਾਂ ਦੀ ਖਨੌਰੀ ਮੰਡੀ ਦੇ ਆੜ੍ਹਤੀ ਨਾਲ ਆੜ੍ਹਤ ਸੀ। ਉਸ ਨੇ ਤਿੰਨ ਟਰਾਲੀਆਂ ਆਪਣੀ ਤੇ ਦੋ ਟਰਾਲੀਆਂ ਕਿਸੇ ਹੋਰ ਸੱਜਣ ਦੀ ਬਾਸਮਤੀ ਮੁਫ਼ਲ ਦੀ ਫ਼ਸਲ ਆੜ੍ਹਤ 'ਤੇ ਵੇਚ ਦਿੱਤੀ। 14 ਨਵੰਬਰ ਵਾਲੇ ਦਿਨ ਜਦੋਂ ਉਹ ਆਪਣੀ ਫ਼ਸਲ ਦੇ ਪੈਸੇ ਲੈਣ ਗਏ ਤਾਂ ਆੜ੍ਹਤੀ ਨੇ ਪੈਸੇ ਦੇਣ ਦੀ ਬਜਾਏ ਕੋਈ ਗਲਤ ਗੱਲ ਆਖ ਦਿੱਤੀ, ਜਿਹੜੀ ਉਸ ਤੋਂ ਸਹਾਰੀ ਨਾ ਗਈ ਤੇ ਉਸ ਨੇ ਘਰ ਆ ਕੇ ਜ਼ਹਿਰੀਲੀ ਦਵਾਈ ਪੀ ਲਈ। ਜਦੋਂ ਉਸਦੀ ਧੀ ਨੇ ਕੁਦਰਤੀ ਫੋਨ ਕੀਤਾ ਤਾਂ ਉਸ ਨੇ ਕਿਹਾ ਕਿ ਉਹ ਮੇਰਾ ਆਖਰੀ ਵਾਰ ਮੂੰਹ ਦੇਖ ਲੈਣ ਕਿਉਂਕਿ ਮੈਂ ਆੜ੍ਹਤੀ ਤੋਂ ਤੰਗ ਆ ਕੇ ਦਵਾਈ ਪੀ ਲਈ ਹੈ। ਪਰਵਾਰ ਵੱਲੋਂ ਉਸ ਨੂੰ ਇਲਾਜ ਲਈ ਪਟਿਆਲਾ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਮ੍ਰਿਤਕ ਕਿਸਾਨ ਦੀਆਂ ਦੋ ਧੀਆਂ ਤੇ ਇਕ ਨਾਬਾਲਗ ਲੜਕਾ ਹੈ, ਜਿਹੜਾ ਅਜੇ ਸਕੂਲ ਦੀ ਪੜ੍ਹਾਈ ਕਰ ਰਿਹਾ ਹੈ। ਪਰਵਾਰ ਵੱਲੋਂ ਪੁਲਸ ਕੋਲ ਆੜ੍ਹਤੀ ਵਿਰੁੱਧ ਕਾਰਵਾਈ ਕਰਨ ਲਈ ਬਿਆਨ ਦਰਜ ਕਰਾਏ ਗਏ ਹਨ। ਕੇਸ ਦੀ ਪੈਰਵਾਈ ਕਰ ਰਹੇ ਹੌਲਦਾਰ ਬੂਟਾ ਸਿੰਘ ਨੇ ਦੱਸਿਆ ਕਿ ਮ੍ਰਿਤਕ ਕਿਸਾਨ ਬਲਵਿੰਦਰ ਸਿੰਘ ਪੁੱਤਰ ਹਰਭਜਨ ਸਿੰਘ ਦੀ ਲਾਸ਼ ਦਾ ਪੋਸਟਮਾਰਟਮ ਕਰਾ ਕੇ ਲਾਸ਼ ਵਾਰਿਸਾਂ ਹਵਾਲੇ ਕਰ ਦਿੱਤੀ ਹੈ ਤੇ ਕਥਿਤ ਦੋਸ਼ੀ ਜਸਵੀਰ ਉਰਫ਼ ਮਿਡੂ ਆੜ੍ਹਤੀ ਅਨਾਜ ਮੰਡੀ ਖਨੌਰੀ ਜ਼ਿਲ੍ਹਾ ਸੰਗਰੂਰ ਵਿਰੁੱਧ ਧਾਰਾ 306 ਤਹਿਤ ਮੁਕੱਦਮਾ ਦਰਜ ਕਰ ਲਿਆ ਹੈ ਤੇ ਜਲਦ ਹੀ ਉਸਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਚੌਕੀਦਾਰਾਂ ਵੱਲੋਂ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਅਰਥੀ ਫੂਕ ਮੁਜ਼ਾਹਰਾ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਦੀ ਮਾਨ ਸਰਕਾਰ ਤੇ ਡਿਪਟੀ ਕਮਿਸ਼ਨਰ ਮਾਨਸਾ ਤੋਂ ਖਫਾ ਚੌਕੀਦਾਰਾਂ ਨੇ ਜ਼ਿਲ੍ਹਾ ਹੈੱਡਕੁਆਰਟਰ 'ਤੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਅਰਥੀ ਫੂਕ ਮੁਜ਼ਾਹਰਾ ਕੀਤਾ ਤੇ ਮੰਗ ਕੀਤੀ ਕਿ ਸਾਡਾ ਅੱਠ ਮਹੀਨਿਆਂ ਤੋਂ ਰੋਕਿਆ ਮਾਨ ਭੱਤਾ ਦਿੱਤਾ ਜਾਵੇ ਤੇ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਮੁਤਾਬਕ ਮਾਨ ਭੱਤਾ ਪੰਜ ਹਜ਼ਾਰ ਪ੍ਰਤੀ ਮਹੀਨਾ ਜਾਰੀ ਕੀਤਾ ਜਾਵੇ, ਰੁੱਤਾਂ ਦੇ ਹਿਸਾਬ ਨਾਲ ਵਰਦੀਆਂ, ਬੈਟਰੀ ਤੇ ਲਾਠੀ ਦਿੱਤੀ ਜਾਵੇ ਅਤੇ ਐਕਸੀਡੈਂਟਲ ਕੇਸਾਂ ਵਿੱਚ ਐਕਸਗਰੇਸ਼ੀਆ ਗਰਾਂਟ ਦਿੱਤੀ ਜਾਵੇ। ਇਸ ਮੌਕੇ ਸੰਬੋਧਨ ਕਰਦਿਆਂ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ (ਸੀਟੂ) ਦੇ ਸੂਬਾ ਸਕੱਤਰ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ, ਲਾਲ ਝੰਡਾ ਪੇਂਡੂ ਚੌਕੀਦਾਰ ਯੂਨੀਅਨ (ਸੀਟੂ) ਦੇ ਆਗੂ ਮੱਘਰ ਸਿੰਘ ਸਮਾਓਂ, ਕੁਲਵੰਤ ਸਿੰਘ ਬਰਨਾਲਾ ਤੇ ਅਜਮੇਰ ਸਿੰਘ ਖੋਖਰ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਨੇ ਚੌਕੀਦਾਰਾਂ ਦੇ ਚੰਡੀਗੜ੍ਹ ਦੇ ਧਰਨੇ ਵਿੱਚ ਪਹੁੰਚ ਕੇ ਬਤੌਰ ਆਪ ਦੇ ਮੁੱਖ ਮੰਤਰੀ ਉਮੀਦਵਾਰ ਵਜੋਂ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ ਸਾਰ ਚੌਕੀਦਾਰਾਂ ਦਾ ਮਾਨ ਭੱਤਾ ਪੰਜ ਹਜ਼ਾਰ ਪ੍ਰਤੀ ਮਹੀਨਾ ਕੀਤਾ ਜਾਵੇਗਾ, ਸੱਤਾ ਵਿੱਚ ਆਉਣ ਤੋਂ ਬਾਅਦ ਜਿਹੜਾ ਪਹਿਲਾ 1250 ਰੁਪਏ ਦਿੱਤੇ ਜਾਂਦੇ ਸਨ, ਉਹ ਵੀ ਅਜੇ ਤੱਕ ਜਾਰੀ ਨਹੀਂ ਕੀਤੇ ਗਏ। ਉਨ੍ਹਾ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੀ ਚੌਕੀਦਾਰ ਭਾਈਚਾਰੇ ਦੀ ਸਾਰ ਨਹੀਂ ਲੈ ਰਿਹਾ ਤੇ ਬਣਦਾ ਮਾਨ ਸਤਿਕਾਰ ਨਹੀਂ ਦਿੱਤਾ ਜਾ ਰਿਹਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਟੂ ਆਗੂ ਰਾਜਾ ਸਿੰਘ ਦੂਲੋਵਾਲ, ਯੁਗਰਾਜ ਸਿੰਘ ਜੋਗਾ, ਜਰਨੈਲ ਸਿੰਘ ਬਾਜੇਵਾਲਾ, ਤਰਸੇਮ ਸਿੰਘ ਖੀਵਾ, ਗੁਰਮੀਤ ਸਿੰਘ, ਸੰਦੀਪ ਸਿੰਘ ਖੁਡਾਲ, ਭਰਪੂਰ ਸਿੰਘ ਗੁਰਨੇ, ਬੱਲਮ ਮੰਦਰਾ ਤੇ ਹਰਨੇਕ ਸਿੰਘ ਨੰਗਲ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ।

## ਮ੍ਰਿਤਕ ਮਜ਼ਦੂਰ ਦੇ ਪਰਵਾਰ ਨੂੰ ਇਨਸਾਫ਼ ਨਾ ਮਿਲਣ 'ਤੇ ਅਰਥੀ ਫੂਕ ਮੁਜ਼ਾਹਰਾ

**ਮੂਨਕ (ਰਾਜਪਾਲ ਸਿੰਗਲਾ)**-ਮ੍ਰਿਤਕ ਮਜ਼ਦੂਰ ਪਰਵਾਰ ਨੂੰ ਇਨਸਾਫ਼ ਨਾ ਮਿਲਣ ਦੇ ਕਾਰਨ ਪੰਜਵੇਂ ਦਿਨ ਮਜ਼ਦੂਰ ਜਥੇਬੰਦੀਆਂ ਨੇ ਰੋਸ ਮੁਜ਼ਾਹਰੇ ਦੇ ਨਾਲ ਹਲਕਾ ਵਿਧਾਇਕ ਦਾ ਅਰਥੀ ਫੂਕ ਮੁਜਾਹਰਾ ਕੀਤਾ ਗਿਆ। ਇਸ ਮੌਕੇ ਖੇਤ ਮਜ਼ਦੂਰ ਹਰਭਗਵਾਨ ਸਿੰਘ ਦੀ ਅਗਵਾਈ ਹੇਠ ਮਜ਼ਦੂਰਾਂ ਨੇ ਤਹਿਸੀਲ ਮੂਨਕ ਤੋਂ ਰੋਸ ਮਾਰਚ ਸ਼ੁਰੂ ਕਰਕੇ ਮੇਨ ਬਜ਼ਾਰ ਹੁੰਦਾ ਹੋਇਆ ਸ਼ਹਿਰ ਦੇ ਪੁਰਾਣੇ ਬੱਸ ਸਟੈਂਡ 'ਤੇ ਪਹੁੰਚਿਆ, ਜਿਥੇ ਮਜ਼ਦੂਰਾਂ ਨੇ ਹਲਕਾ ਵਿਧਾਇਕ ਬਰਿੰਦਰ ਦਾ ਪੁਤਲਾ ਫੂਕ ਕੇ ਪੰਜਾਬ ਸਰਕਾਰ ਤੇ ਸਿਵਲ ਪ੍ਰਸ਼ਾਸਨ ਦੇ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਧਰਨੇ ਦੀ ਅਗਵਾਈ ਕਰ ਰਹੇ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਨੇ ਬੋਲਦੇ ਕਿਹਾ ਕਿ ਜੇਕਰ ਸਰਕਾਰ ਤੇ ਪ੍ਰਸ਼ਾਸਨ ਨੇ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੀ 18 ਨਵੰਬਰ ਨੂੰ ਹਲਕਾ ਵਿਧਾਇਕ ਦੀ ਕੋਠੀ ਅੱਗੇ ਮਜ਼ਦੂਰ ਜਥੇਬੰਦੀ ਵੱਲੋਂ ਪੱਕਾ ਮੋਰਚਾ ਲਾਇਆ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਮਜ਼ਦੂਰ ਦੀ ਲਾਸ਼ ਦਾ ਸਸਕਾਰ ਉਸ ਸਮੇਂ ਤੱਕ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਮਜ਼ਦੂਰਾਂ ਦੀਆਂ ਹੱਕੀ ਮੰਗਾ ਪੂਰੀਆਂ ਨਹੀਂ ਹੁੰਦੀਆਂ।

ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਆਗੂ ਰਿੰਕੂ ਸੈਨੀ ਨੇ ਬੋਲਦੇ ਕਿਹਾ ਕਿ ਜਦੋਂ ਤੱਕ ਮਜ਼ਦੂਰਾਂ ਦੇ ਪਰਵਾਰ ਨੂੰ ਹੱਕੀ ਮੰਗਾਂ ਸਰਕਾਰ ਜਾਂ ਪ੍ਰਸ਼ਾਸਨ ਨਹੀਂ ਮੰਨਦਾ, ਉਸ ਸਮੇਂ ਤੱਕ ਨੇ ਪੂਰੀ ਜਥੇਬੰਦੀ ਮਜ਼ਦੂਰ ਜਥੇਬੰਦੀਆਂ ਦੇ ਨਾਲ ਚੱਟਾਨ ਦੀ ਤਰ੍ਹਾਂ ਖੜ੍ਹੀ ਹੈ।



## ਮੰਨਤ ਧਾਲੀਵਾਲ ਨੇ ਜਿੱਤ ਦਾ ਪਰਚਮ ਲਹਿਰਾਇਆ



**ਧੂਰੀ (ਸੁਖਦੇਵ ਧੂਰੀ)**-ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ (ਧੂਰੀ) ਦੀ 8ਵੀਂ ਜਮਾਤ ਦੀ ਵਿਦਿਆਰਥਣ ਮੰਨਤ ਧਾਲੀਵਾਲ ਨੇ ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੀ ਜ਼ਿਲ੍ਹਾ ਓਪਨ ਬੈਡਮਿੰਟਨ ਚੈਂਪੀਅਨਸ਼ਿਪ ਵਿੱਚ ਡਬਲ ਅੰਡਰ-17 ਵਿੱਚ ਸੋਨ ਤਮਗਾ ਤੇ ਡਬਲ ਅੰਡਰ-19 ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਵਰਨਣਯੋਗ ਹੈ ਕਿ ਮੰਨਤ, ਮਰਹੂਮ ਕਾਮਰੇਡ ਸੁਖਦੇਵ ਸਿੰਘ ਧਾਲੀਵਾਲ ਦੀ ਹੋਣਹਾਰ ਪੋਤਰੀ ਤੇ ਡਾਕਟਰ ਮਨਿੰਦਰ ਧਾਲੀਵਾਲ ਤੇ ਡਾਕਟਰ ਜਗਤਿੰਦਰ ਕੌਰ ਧਾਲੀਵਾਲ ਦੀ ਪਿਆਰੀ ਬੇਟੀ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਪਰਮਜੀਤ ਸਿੰਘ ਗਿੱਲ, ਪ੍ਰਿੰਸੀਪਲ ਕੈਪਟਨ ਰੋਹਿਤ ਦਿਵੇਦੀ, ਵਾਈਸ ਪ੍ਰਿੰਸੀਪਲ ਬਿਨੋਏ ਪੀ. ਕੇ. ਅਤੇ ਕੋਆਰਡੀਨੇਟਰ ਮੈਡਮ ਰਸਮੀ ਭਾਰਦਵਾਜ ਨੇ ਮੰਨਤ ਧਾਲੀਵਾਲ ਦੀ ਹੌਸਲਾ ਅਫਜ਼ਾਈ ਕਰਦਿਆਂ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਜਿੱਤ 'ਤੇ ਵਧਾਈ ਦਿੱਤੀ। ਇਸ ਮੌਕੇ ਮੰਨਤ ਧਾਲੀਵਾਲ ਨੇ ਹੋਰ ਵੱਡੀਆਂ ਪ੍ਰਾਪਤੀਆਂ ਲਈ ਅਪਣਾ ਇਰਾਦਾ ਜ਼ਾਹਰ ਕੀਤਾ।

## ਨਹੀਂ ਦੇਣ ਦੇਵਾਂਗੇ ਤੇਲ ਰਿਫਾਇਨਰੀ ਨੂੰ ਹੋਰ ਪਾਣੀ

### ਉਗਰਾਹਾਂ ਜਥੇਬੰਦੀ ਨੇ ਸਰਕਾਰ ਨੂੰ ਲਲਕਾਰਿਆ



**ਤਲਵੰਡੀ ਸਾਬੋ (ਜਗਦੀਪ ਗਿੱਲ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸੰਗਤ ਦੇ ਪ੍ਰਧਾਨ ਕੁਲਵੰਤ ਸਰਮਾ ਰਾਏ ਕੇ ਕਲਾਂ ਨੇ ਕਿਸਾਨ ਆਗੂਆਂ ਨੇੜਲੇ ਪਿੰਡਾਂ ਦੇ ਕਿਸਾਨਾਂ ਸਮੇਤ ਰਿਫ਼ਾਇਨਰੀ ਰਜਵਾਹੇ ਤੇ ਮੌਕੇ 'ਤੇ ਪਹੁੰਚ ਕੇ ਮੁਆਇਨਾ ਕੀਤਾ।

ਕਿ ਇਹ ਰਿਫਾਇਨਰੀ ਰਜਵਾਹਾ ਕੋਟਲਾ ਬ੍ਰਾਂਚ ਨਹਿਰ ਵਿਚੋਂ ਨਿਕਲਦਾ ਹੈ ਤੇ ਲਗਭਗ 35 ਕਿਊਸਕ ਪਾਣੀ ਰਿਫਾਇਨਰੀ ਨੂੰ ਜਾ ਰਿਹਾ ਹੈ, ਪਰ ਹੁਣ ਰਿਫਾਇਨਰੀ 35 ਕਿਊਸਕ ਪਾਣੀ ਹੋਰ ਲੈਣਾ ਚਾਹੁੰਦੀ ਹੈ, ਜਿਸ ਨਾਲ 70 ਕਿਊਸਿਕ ਪਾਣੀ ਇਕੱਲੀ ਰਿਫਾਇਨਰੀ ਨੂੰ ਚਲਾ ਜਾਵੇਗਾ, ਜਦਕਿ ਕੋਟਲਾ ਬ੍ਰਾਂਚ ਨਹਿਰ ਦੇ ਇਸ ਹੈਡ ਤੇ 311 ਕਿਊਸਕ ਪਾਣੀ ਪਹੁੰਚਦਾ ਹੈ। ਇਥੇ ਨਹਿਰ ਟੇਲ 'ਤੇ ਹੈ। ਇਸ ਜਗ੍ਹਾ ਤਿੰਨ ਹੋਰ ਰਜਵਾਹੇ ਬੰਗੀ ਰਜਵਾਹਾ, ਰੁਘੂ ਰਜਵਾਹਾ, ਪੱਕਾ ਰਜਵਾਹਾ ਤੇ ਪਿੱਛੇ ਕਈ ਹੋਰ ਮੋਘੇ-ਸੂਏ ਪੈਂਦੇ ਹਨ, ਜਿਨ੍ਹਾਂ ਵਿੱਚ ਪਹਿਲਾਂ ਹੀ ਪਾਣੀ ਦੀ ਕਮੀ ਹੈ। ਰਿਫਾਇਨਰੀ ਨੂੰ ਜੇਕਰ ਪਾਣੀ ਦਿੱਤਾ ਜਾਂਦਾ ਹੈ ਤਾਂ ਘੱਟੋ ਘੱਟ 35 ਤੋਂ 40 ਪਿੰਡਾਂ 'ਤੇ ਇਸ ਦਾ ਬਹੁਤ ਬੁਰਾ ਪ੍ਰਭਾਵ ਪੈਣਾ ਹੈ।

ਇਸ ਤੋਂ ਇਲਾਵਾ ਨਸੀਬਪੁਰੇ ਜੋ ਫੈਕਟਰੀ ਲੱਗੀ ਹੈ, ਉਸ ਨੂੰ ਪਾਣੀ ਦੇਣ ਦੀ ਪੂਰੀ ਤਿਆਰੀ ਹੋ ਚੁੱਕੀ ਹੈ, ਜੋ ਕਿਸਾਨਾਂ ਨਾਲ ਧੋਖਾ ਹੈ, ਕਿਉਂਕਿ ਨਹਿਰ ਵਿਚ ਪਹਿਲਾਂ ਹੀ ਪਾਣੀ ਦੀ ਕਮੀ ਹੈ। ਇਸ ਲਈ ਜਥੇਬੰਦੀ ਇਸ ਰਜਵਾਹੇ ਨੂੰ ਪਾਣੀ ਦੇਣ ਦਾ ਵਿਰੋਧ ਕਰਦੀ ਹੈ। ਇਸ ਸਮੇਂ ਰਣਜੋਧ ਸਿੰਘ ਮਾਹੀ ਨੰਗਲ ਨੇ ਦੱਸਿਆ ਕਿ ਸਰਕਾਰ ਕੋਲ ਕਿਸਾਨਾਂ ਨੂੰ ਦੇਣ ਲਈ ਪਾਣੀ ਨਹੀਂ ਹੈ, ਜੋ ਟੇਲਾਂ 'ਤੇ ਪਾਣੀ ਪੂਰਾ ਕਰਾਉਣ ਲਈ ਲੰਮੇ ਸਮੇਂ ਤੋਂ ਸੰਘਰਸ਼ ਲੜ ਰਹੇ ਹਨ, ਬਲਕਿ ਸਰਮਾਏਦਾਰਾਂ ਫੈਕਟਰੀਆਂ ਲਈ ਪਾਣੀ ਦੀ ਕੋਈ ਘਾਟ ਨਹੀਂ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਲੋਕਾਂ ਦੀ ਨਹੀਂ, ਬਲਕਿ ਸਰਮਾਏਦਾਰਾਂ ਜੋਕਾਂ ਦੀ ਹੈ, ਇਹ ਸਾਰੇ ਪਿੰਡ ਟੇਲ 'ਤੇ ਪੈਣ ਕਰਕੇ ਖੇਤਾਂ ਨੂੰ ਪਾਣੀ ਦੀ ਕਮੀ ਹੈ, ਜਿਸ ਦਾ ਅਸਰ ਖੇਤੀ 'ਤੇ ਪੈਂਦਾ ਹੈ। ਇਸ ਸਮੇਂ ਧਰਮਪਾਲ ਸਿੰਘ ਜੰਡੀਆਂ ਤੇ ਨੇੜਲੇ ਪਿੰਡਾਂ ਦੇ ਪ੍ਰਧਾਨ ਤੇ ਆਗੂ ਹਾਜ਼ਰ ਸਨ।

## ਗੌਰਮਿੰਟ ਪੈਨਸ਼ਨਰ ਜੁਆਇੰਟ ਫਰੰਟ ਵੱਲੋਂ ਜ਼ੋਨਲ ਰੈਲੀਆਂ ਅੱਜ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੇ ਸੂਬਾਈ ਮੁੱਖ ਬੁਲਾਰੇ ਸ੍ਰੀ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਪੈਨਸ਼ਨਰ ਮਾਰੂ ਨੀਤੀ ਵਿਰੁੱਧ ਤੇ ਬਜ਼ੁਰਗ ਪੈਨਸ਼ਨਰਾਂ ਦੀਆਂ ਮੰਗਾਂ ਦੀ ਪ੍ਰਾਪਤੀ ਲਈ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਵੱਲੋਂ ਵਿਸ਼ਾਲ ਜ਼ੋਨਲ ਰੈਲੀਆਂ 16 ਨਵੰਬਰ ਨੂੰ ਲੁਧਿਆਣਾ, ਬਠਿੰਡਾ, ਜਲੰਧਰ, ਫ਼ਿਰੋਜ਼ਪੁਰ ਤੇ ਪਟਿਆਲਾ ਜ਼ੋਨ ਦੀ ਰੈਲੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਧੂਰੀ (ਜ਼ਿਲ੍ਹਾ ਸੰਗਰੂਰ) ਵਿਖੇ ਕੀਤੀਆਂ ਜਾਣਗੀਆਂ ਤੇ ਡਿਪਟੀ ਕਮਿਸ਼ਨਰਾਂ ਰਾਹੀਂ ਮੰਗ ਪੱਤਰ ਸੌਂਪੇ ਜਾਣਗੇ। ਇਨ੍ਹਾਂ ਰੈਲੀਆਂ ਦੀ ਅਗਵਾਈ ਸਾਂਝੇ ਫਰੰਟ ਅਤੇ ਜ਼ਿਲ੍ਹਾ ਪੱਧਰ ਕਨਵੀਨਰਾਂ ਵੱਲੋਂ ਕੀਤੀ ਜਾਵੇਗੀ। ਜੇਕਰ ਫਿਰ ਵੀ ਪੈਨਸ਼ਨਰਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਨਾ ਮੰਨੀਆ ਗਈਆਂ ਤਾਂ 29 ਨਵੰਬਰ ਨੂੰ ਮੁਹਾਲੀ ਵਿਖੇ ਸੂਬਾ ਪੱਧਰ ਦੀ ਵਿਸ਼ਾਲ ਹੱਲਾ ਬੋਲ ਰੈਲੀ ਕੀਤੀ ਜਾਵੇਗੀ। ਸੂਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਨੇ ਮੰਗਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ 6ਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਅਨੁਸਾਰ ਪੈਨਸ਼ਨਰਾਂ ਦੀ ਪੈਨਸ਼ਨ ਵਿੱਚ ਸਨਮਾਨ ਜਨਕ ਵਾਧਾ ਨਾ ਕਰਨਾ ਗੈਰ ਸੰਵਿਧਾਨਿਕ ਹੈ। ਉਨ੍ਹਾਂ ਕਿਹਾ ਕਿ ਪੇਅ ਕਮਿਸ਼ਨ ਦੀ ਸਿਫ਼ਾਰਸ਼ ਅਨੁਸਾਰ ਪੈਨਸ਼ਨਰਾਂ ਦੀ ਪੈਨਸ਼ਨ ਵਿੱਚ 2.59 ਦੇ ਗੁਣਾਂਕ ਨਾਲ ਨੋਸ਼ਨਲ ਅਧਾਰ ਤੇ ਬਣੀ ਪੇਅ ਦਾ 50 ਪ੍ਰਤੀਸ਼ਤ ਪੈਨਸ਼ਨ ਦਾ ਟੇਬਲ ਜਾਰੀ ਕੀਤਾ ਜਾਵੇ। ਜਨਵਰੀ 2016 ਤੋਂ 30 ਜੂਨ 2021 ਤੱਕ ਬਣਦਾ ਪੇਅ ਕਮਿਸ਼ਨ ਦਾ ਬਕਾਇਆ ਪੈਨਸ਼ਨਰਾਂ ਨੂੰ ਯਕਮੁਸ਼ਤ ਜਾਰੀ ਕੀਤਾ ਜਾਵੇ। ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ ਅਤੇ ਰਹਿੰਦੀਆਂ ਕਿਸ਼ਤਾਂ ਤੁਰੰਤ ਦਿੱਤੀਆਂ ਜਾਣ। ਪੈਨਸ਼ਨਰਾਂ ਦੇ ਇਲਾਜ ਲਈ ਮੈਡੀਕਲ ਸਹੂਲਤ ਵਾਸਤੇ ਕੈਸ਼ਲੈਸ ਹੈਲਥ ਪ੍ਰਣਾਲੀ ਲਾਗੂ ਕੀਤੀ ਜਾਵੇ। 01-01-2016 ਤੋਂ ਬਾਅਦ ਸੇਵਾਮੁਕਤ ਪੈਨਸ਼ਨਰਾਂ ਨੂੰ ਸੋਧੀ ਲਿਵ ਇਨ ਕੈਸ਼ਮੈਂਟ ਤੇ ਗਰੈਚਿਊਟੀ ਦੀ ਅਦਾਇਗੀ ਤੁਰੰਤ ਕੀਤੀ ਜਾਵੇ। ਸ੍ਰੀ ਅਰੋੜਾ ਨੇ ਪੰਜਾਬ ਦੇ ਸਮੂਹ ਪੈਨਸ਼ਨਰਾਂ ਨੂੰ ਜ਼ੋਨਲ ਰੈਲੀਆਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱ ਪਹੁੰਚਣ ਦੀ ਅਪੀਲ ਕੀਤੀ।

## ਢਢੋਗਲ ਖੇੜੀ ਸਕੂਲ ਦਾ ਸਾਲਾਨਾ ਸਮਾਗਮ ਸਫਲਤਾਪੂਰਵਕ ਸੰਪੰਨ



**ਧੂਰੀ (ਰਾਜੇਸਵਰ ਪਿੰਟੂ/ਬਿਨੀ ਗਰਗ)**-ਵਿਦਿਆਰਥੀਆਂ ਵਿੱਚ ਸਰਵਪੱਖੀ ਵਿਕਾਸ ਦੇ ਮੰਤਵ ਨੂੰ ਧਿਆਨ 'ਚ ਰੱਖਦਿਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਢੋਗਲ ਖੇੜੀ ਜ਼ਿਲ੍ਹਾ ਸੰਗਰੂਰ ਵਿਖੇ ਸਾਲਾਨਾ ਸਮਾਗਮ ਪ੍ਰਿੰਸੀਪਲ ਸ਼੍ਰੀਮਤੀ ਜਸਪ੍ਰੀਤ ਕੌਰ ਦੀ ਅਗਵਾਈ ਅਧੀਨ ਕਰਵਾਇਆ ਗਿਆ। ਡਾ. ਕੁਲਤਰਨਜੀਤ ਸਿੰਘ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਸੰਗਰੂਰ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਅੰਗਰੇਜ ਸਿੰਘ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਅਰਜਿੰਦਰਪਾਲ ਸਿੰਘ ਇੰਚਾਰਜ ਜ਼ਿਲ੍ਹਾ ਸਿੱਖਿਆ ਸੁਧਾਰ ਟੀਮ (ਸਮੇਤ ਟੀਮ), ਤਹਿਸੀਲਦਾਰ ਕੁਲਜੀਤ ਸਿੰਘ, ਸਮੂਹ ਸਟਾਫ ਸ.ਮਿ.ਸ. ਈਸੜਾ, ਸ਼੍ਰੀਮਤੀ ਤਰਵਿੰਦਰ ਕੌਰ ਮੁੱਖ ਅਧਿਆਪਕ ਸ.ਹ.ਸ. ਈਸੀ, ਕੇਵਲ ਸਿੰਘ ਮੁੱਖ ਅਧਿਆਪਕ ਸ.ਹ.ਸ. ਕੰ. ਢਢੋਗਲ, ਗ੍ਰਾਮ ਪੰਚਾਇਤ ਖੇੜੀ ਜੱਟਾਂ, ਮਾਪੇ ਤੇ ਪਤਵੰਤੇ ਸੱਜਣਾਂ ਨੇ ਇਸ ਸਮਾਗਮ ਵਿੱਚ ਆਪਣੀ ਹਾਜ਼ਰੀ ਲਗਵਾਈ। ਸ. ਗੁਰਨਾਮ ਸਿੰਘ ਹਿਸਾਬ ਮਾਸਟਰ ਤੇ ਮੁਹੰਮਦ ਆਰਿਫ ਕੰਪਿਊਟਰ ਅਧਿਆਪਕ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਦੇ ਹੋਏ ਦਰਸ਼ਕਾਂ ਨੂੰ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਇਆ। ਉਨ੍ਹਾਂ ਨੇ ਲੋਕ ਨਾਚ, ਪੰਜਾਬੀ ਗਿਧਾ, ਸਕਿੱਟਾਂ, ਲਘੂ ਨਾਟਕਾਂ ਰਾਹੀਂ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਸੁਨੇਹਾ ਦਿੱਤਾ। ਮੁੱਖ ਮਹਿਮਾਨਾਂ ਨੇ ਆਪਣੇ ਵਿਚਾਰ ਦਿੰਦਿਆਂ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਹੋਰ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ ਅਤੇ ਜ਼ਿੰਦਗੀ ਵਿੱਚ ਸਫਲ ਹੋਣ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਜਸਪ੍ਰੀਤ ਕੌਰ ਨੇ ਹਾਜ਼ਰ ਹੋਏ ਸਮੂਹ ਮਹਿਮਾਨਾਂ ਦਾ ਧੰਨਵਾਦ ਕਰਨ ਦੇ ਨਾਲ ਨਾਲ ਇਸ ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਸਮੂਹ ਸਟਾਫ ਤੇ ਵਿਦਿਆਰਥੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।

## ਆਪਣੇ ਹਲਕੇ ਦੀ ਸੇਵਾ ਕਰਨਾ ਮੇਰਾ ਮੁੱਖ ਕਰਤੱਵ : ਵਿਧਾਇਕ ਸੁਖਾਨੰਦ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਬਦਲਾਅ ਦੀ ਨੀਤੀ ਨਾਲ ਪੰਜਾਬ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਆਪਣੀ ਪਹਿਲੀ ਤਨਖਾਹ ਜਿੱਥੇ ਹਲਕੇ ਦੇ ਪਿੰਡ ਮਾੜੀ ਮੁਸਤਫ਼ਾ ਦੇ ਗੁਰਦੁਆਰਾ ਸਾਹਿਬ ਨੂੰ ਭੇਟ ਕੀਤੀ, ਉਥੇ ਹੀ ਵਿਧਾਇਕ ਸੁਖਾਨੰਦ ਵੱਲੋਂ ਹਲਕਾ ਬਾਘਾ ਪੁਰਾਣਾ ਵਿੱਚ ਅੰਗਹੀਣਾਂ ਨੂੰ ਟ੍ਰਾਈ ਸਾਈਕਲ ਵੰਡਣ ਦੇ ਲਈ ਕਰਾਏ ਗਏ ਸਮਾਗਮ ਦੌਰਾਨ ਆਪਣਾ ਯੋਗਦਾਨ ਪਾਉਂਦਿਆਂ ਹੋਇਆਂ ਅੰਗਹੀਣਾਂ ਨੂੰ ਟ੍ਰਾਈ ਸਾਈਕਲ ਮੁਹੱਈਆ ਕਰਾਉਣ ਲਈ ਆਪਣੀ ਤਨਖਾਹ ਵਿਚੋਂ ਯੋਗਦਾਨ ਪਾਇਆ।

ਇਸ ਤਰ੍ਹਾਂ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਹਮੇਸ਼ਾ ਹੀ ਸਮਾਜ ਸੇਵੀ ਕੰਮਾਂ ਵਿਚ ਮੋਹਰੀ ਰੋਲ ਅਦਾ ਕਰਦਿਆਂ 24 ਘੰਟੇ ਹਲਕੇ ਦੇ ਲੋਕਾਂ ਦੀ ਸੇਵਾ ਲਈ ਤਤਪਰ ਰਹਿੰਦੇ ਹਨ। ਸ਼ਹਿਰ ਦੇ ਮੁੱਦਕੀ ਰੋਡ ਉਪਰ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ (ਕੰਨਿਆ) ਸਕੂਲ ਦੀਆਂ ਵਿਦਿਆਰਥਣਾਂ ਨੇ ਸਕੂਲ ਵਿਚ ਅਧਿਆਪਕਾਂ ਦੀ ਘਾਟ ਨੂੰ ਲੈ ਕੇ ਸ਼ਹੀਦ ਭਗਤ ਸਿੰਘ ਚੌਂਕ ਵਿਚ ਧਰਨਾ ਲਾਇਆ ਸੀ ਤਾਂ ਜੁ ਸਕੂਲ ਵਿੱਚ ਅਧਿਆਪਕਾਂ ਦੀ ਘਾਟ ਪੂਰੀ ਹੋ ਸਕੇ। ਜਦੋਂ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਨੂੰ ਪਤਾ ਲੱਗਾ ਤਾਂ ਉਹ ਤੁਰੰਤ ਧਰਨੇ ਵਾਲੀ ਜਗ੍ਹਾ 'ਤੇ ਪੁੱਜਿਆ ਅਤੇ ਵਿਦਿਆਰਥਣਾਂ ਦੇ ਭਵਿੱਖ ਨੂੰ ਦੇਖਦੇ ਹੋਏ ਕਿਹਾ ਕਿ ਜਿੰਨਾਂ ਸਮਾਂ ਸਰਕਾਰੀ ਸਕੂਲ ਵਿੱਚ ਸਰਕਾਰੀ ਤੌਰ 'ਤੇ ਅਧਿਆਪਕ ਨਿਯੁਕਤ ਨਹੀਂ ਹੁੰਦੇ, ਓਨਾ ਸਮਾਂ ਮੈਂ ਪ੍ਰਾਈਵੇਟ ਤੌਰ 'ਤੇ ਰੱਖੇ ਅਧਿਆਪਕਾਂ ਨੂੰ ਆਪਣੀ ਜੇਬ ਵਿਚੋਂ ਤਨਖਾਹ ਦੇਵਾਂਗਾ। ਇਸ ਮੌਕੇ ਹਲਕਾ ਵਿਧਾਇਕ ਨੇ ਕਿਹਾ ਕਿ ਉਹ ਵਿਦਿਆਰਥਣਾਂ ਦੇ ਭਵਿੱਖ ਨੂੰ ਖਰਾਬ ਨਹੀਂ ਹੋਣ ਦੇਣਗੇ।

ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀ ਸਮੱਸਿਆ ਪੇਸ ਆਉਂਦੀ ਹੈ ਤਾਂ ਉਸਦੇ ਧਿਆਨ ਵਿਚ ਲਿਆਉਣ ਤਾਂ ਜੁ ਸਮੱਸਿਆ ਦਾ ਹੱਲ ਹੋ ਸਕੇ। ਵਿਧਾਇਕ ਨੇ ਦੱਸਿਆ ਕਿ ਜਿਸ ਤਰ੍ਹਾਂ ਪੰਜਾਬ ਵਿਚ ਪੰਜਾਬ ਵਾਸੀਆਂ ਨੇ ਆਮ ਆਦਮੀ ਪਾਰਟੀ 'ਤੇ ਭਰੋਸਾ ਕਰ ਕੇ ਪੰਜਾਬ ਵਿਚ ਆਪ ਦੀ ਸਰਕਾਰ ਬਣਾਈ ਹੈ ਉਸੇ ਤਰ੍ਹਾਂ ਹੀ ਗੁਜਰਾਤ ਵਿਚ ਵੀ ਗੁਜਰਾਤੀ ਆਪ ਦੀ ਸਰਕਾਰ ਬਨਾਉਣ ਲਈ ਕਾਹਲੇ ਪਏ ਹੋਏ ਹਨ।

## ਕੈਂਸਰ ਤੋਂ ਪੀੜਤ ਔਰਤ ਤੇ ਉਸ ਦੇ ਪਤੀ ਵੱਲੋਂ ਮਦਦ ਦੀ ਗੁਹਾਰ



**ਫਾਜ਼ਿਲਕਾ (ਕ੍ਰਿਸ਼ਨ ਸਿੰਘ)**-ਫਾਜ਼ਿਲਕਾ ਦੇ ਪਿੰਡ ਕਾਵਾਂ ਵਾਲੀ ਨਿਵਾਸੀ ਕੁਲਵੰਤ ਕੌਰ ਤੇ ਉਸ ਦੇ ਪਤੀ ਸ਼ਿੰਗਾਰਾ ਸਿੰਘ ਨੇ ਕੈਂਸਰ ਮਹਾਂਮਾਰੀ ਦੇ ਇਲਾਜ ਲਈ ਮਦਦ ਦੀ ਗੁਹਾਰ ਲਗਾਈ ਹੈ। ਇਸ ਬਾਰੇ ਕੈਂਸਰ ਤੋਂ ਪੀੜਤ ਕੁਲਵੰਤ ਕੌਰ ਨੇ ਆਪਣੀ ਦੁੱਖਭਰੀ ਕਹਾਣੀ ਸੁਣਾਉਂਦਿਆਂ ਦੱਸਿਆ ਕਿ ਸਾਲ 2018 'ਚ ਉਸ ਨੂੰ ਛਾਤੀ 'ਚ ਦਰਦ ਦੀ ਸ਼ਿਕਾਇਤ ਤੋਂ ਬਾਅਦ ਸ਼ਹਿਰ ਦੇ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਕੁੱਝ ਦਿਨ ਇਲਾਜ ਚੱਲਿਆ ਅਤੇ ਕਈ ਟੈਸਟ ਵੀ ਕਰਵਾਏ, ਪਰ ਉਨ੍ਹਾਂ ਨੂੰ ਕੋਈ ਫਰਕ ਮਹਿਸੂਸ ਨਹੀਂ ਹੋਇਆ। ਇਸ ਤੋਂ ਬਾਅਦ ਇੱਕ ਦਿਨ ਕਿਸੇ ਸੂਝਵਾਨ ਦੀ ਸਲਾਹ 'ਤੇ ਉਨ੍ਹਾਂ ਨੇ ਕੈਂਸਰ ਦਾ ਟੈਸਟ ਕਰਵਾਇਆ ਤਾਂ ਉਨ੍ਹਾਂ ਨੂੰ ਰਿਪੋਰਟ 'ਚ ਕੈਂਸਰ ਹੋਣ ਬਾਰੇ ਪਤਾ ਚੱਲਿਆ, ਜਿਸ ਤੋਂ ਬਾਅਦ ਉਹ ਡਾਕਟਰਾਂ ਦੀ ਸਲਾਹ 'ਤੇ ਆਪਣਾ ਇਲਾਜ ਕਰਵਾਉਣ ਲਈ ਮੈਡੀਕਲ ਕਾਲਜ ਫਰੀਦਕੋਟ ਚਲੇ ਗਏ। ਇੱਥੇ ਕਰਵਾਈਆਂ ਰਿਪੋਰਟਾਂ 'ਚ ਵੀ ਕੈਂਸਰ ਹੋਣ ਦੀ ਪੁਸ਼ਟੀ ਹੋਈ, ਪਰ ਕਰੀਬ ਦੋ ਮਹੀਨੇ ਉੱਥੇ ਦਾਖਲ ਰੱਖਣ ਤੇ ਉੱਥੇ ਮੌਜੂਦ ਸਬੰਧਤ ਡਾਕਟਰਾਂ ਨੇ ਉਨ੍ਹਾਂ ਦੀ ਕੋਈ ਸਾਰ ਨਹੀਂ ਲਈ, ਜਿਸ ਤੋਂ ਬਾਅਦ ਕਿਸੇ ਸੂਝਵਾਨ ਡਾਕਟਰ ਦੀ ਸਲਾਹ 'ਤੇ ਉਹ ਐਡਵਾਂਸ ਕੈਂਸਰ ਇੰਸਟੀਚਿਊਟ ਬਠਿੰਡਾ ਚਲੇ ਗਏ, ਜਿੱਥੋਂ ਦੇ ਡਾਕਟਰਾਂ ਵੱਲੋਂ ਉਨ੍ਹਾਂ ਦਾ ਇਲਾਜ ਸ਼ੁਰੂ ਕੀਤਾ ਗਿਆ ਤੇ ਉਨ੍ਹਾਂ ਦੇ ਕੁੱਝ ਟੈਸਟ ਵੀ ਕੀਤੇ ਗਏ। ਉਥੋਂ ਦੇ ਡਾਕਟਰਾਂ ਨੇ ਹੋਰ ਕੋਈ ਚਾਰਾ ਨਾ ਚਲਦਾ ਦੇਖ ਉਨ੍ਹਾਂ ਨੂੰ ਆਪ੍ਰੇਸ਼ਨ ਦੀ ਸਲਾਹ ਦਿੱਤੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਆਪ੍ਰੇਸ਼ਨ ਕਰਵਾਉਣਾ ਪਿਆ। ਅਪ੍ਰੇਸ਼ਨ ਤੇ ਹੋਰ ਇਲਾਜ ਕਰਵਾਉਣ ਤੋਂ ਬਾਅਦ ਉਨ੍ਹਾਂ ਦੀ ਹਾਲਤ 'ਚ ਕੁੱਝ ਸੁਧਾਰ ਮਹਿਸੂਸ ਹੋਣ ਲੱਗਿਆ, ਜਿਸ ਤੋਂ ਕੁਝ ਸਮੇਂ ਬਾਅਦ ਉਹ ਵਾਪਸ ਆਪਣੇ ਘਰ ਆ ਗਏ। ਇਸ ਦੌਰਾਨ ਉਨ੍ਹਾਂ ਨੂੰ ਇਕ ਵਾਰ ਫਿਰ ਬਿਮਾਰੀ ਨੇ ਜਕੜ ਲਿਆ ਤੇ ਇਸੇ ਸਾਲ ਅਪ੍ਰੈਲ ਮਹੀਨੇ 'ਚ ਦੁਬਾਰਾ ਐਡਵਾਂਸ ਕੈਂਸਰ ਇੰਸਟੀਚਿਊਟ ਬਠਿੰਡਾ ਵਿਖੇ ਜਾ ਕੇ ਉਨ੍ਹਾਂ ਨੂੰ ਅਪ੍ਰੇਸ਼ਨ ਕਰਵਾਉਣਾ ਪਿਆ। ਪੀੜਤ ਕੁਲਵੰਤ ਕੌਰ ਤੇ ਉਸ ਦੇ ਪਤੀ ਸ਼ਿੰਗਾਰਾ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਉਨ੍ਹਾਂ ਦਾ ਲੱਗਭੱਗ 5 ਤੋਂ 6 ਲੱਖ ਰੁਪਈਆ ਖਰਚ ਹੋ ਚੁੱਕਿਆ ਹੈ। ਉਨ੍ਹਾਂ ਦੱਸਿਆ ਕਿ ਇਹ ਸਾਰਾ ਪੈਸਾ ਉਨ੍ਹਾਂ ਨੇ ਕੁੱਝ ਜਾਣਕਾਰ ਲੋਕਾਂ ਤੋਂ ਉਧਾਰ ਲਿਆ ਸੀ। ਉਨ੍ਹਾਂ ਕਿਹਾ ਕਿ ਉਹ ਲੋਕ ਬਹੁਤ ਗਰੀਬ ਹਨ ਤੇ ਮਿਹਨਤ ਮਜ਼ਦੂਰੀ ਕਰਕੇ ਆਪਣਾ ਤੇ ਆਪਣੇ ਪਰਵਾਰ ਦਾ ਗੁਜ਼ਾਰਾ ਕਰਦੇ ਹਨ। ਉਨ੍ਹਾਂ ਦੇ ਦੋ ਬੱਚੇ ਹਨ, ਜਿਨ੍ਹਾਂ ਵਿੱਚੋਂ ਇੱਕ ਮੁੰਡਾ ਹੈ, ਜੋ ਪਿੰਡ ਦੇ ਹੀ ਸਰਕਾਰੀ ਸਕੂਲ 'ਚ ਪੜ੍ਹਦਾ ਹੈ ਅਤੇ ਦੂਸਰੀ ਛੋਟੀ ਬੱਚੀ ਹੈ, ਜਿਸ ਦੀ ਉਹ ਪਰਵਰਿਸ਼ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਲੜਕਾ ਵੀ ਆਪਣੀ ਮਾਂ ਨੂੰ ਕੈਂਸਰ ਹੋਣ ਬਾਰੇ ਪਤਾ ਚੱਲਣ 'ਤੇ ਰੋ ਰੋ ਕੇ ਆਪਣੀਆਂ ਅੱਖਾਂ ਦੀ ਰੌਸ਼ਨੀ ਘਟਾ ਬੈਠਾ ਹੈ ਤੇ ਹੁਣ ਉਸ ਨੂੰ ਚਸ਼ਮਾ ਲਗਾਉਣਾ ਪਿਆ ਹੈ। ਸ਼ਿੰਗਾਰਾ ਸਿੰਘ ਨੇ ਦੱਸਿਆ ਕਿ ਉਹ ਪੱਲੇਦਾਰੀ ਦਾ ਕੰਮ ਕਰਦਾ ਹੈ ਤੇ ਉਨ੍ਹਾਂ ਦਾ ਕੰਮ ਸਾਲ 'ਚ ਕੁੱਝ ਕੁ ਦਿਨ ਹੀ ਚਲਦਾ ਹੈ, ਜਿਸ ਕਾਰਨ ਉਹ ਕਦੇ ਕਦੇ ਮੁਸ਼ਕਲ ਨਾਲ ਮਸਾਂ 5 ਤੋਂ 6 ਹਜ਼ਾਰ ਰੁਪਏ ਮਹੀਨਾ ਕਮਾ ਲੈਂਦਾ ਹੈ। ਜਿਹੜਾ ਹੁਣ ਉਸ ਦੀ ਘਰਵਾਲੀ ਦੀ ਕੈਂਸਰ ਦੀ ਦਵਾਈ ਲੈਣ 'ਤੇ ਖਰਚ ਹੋ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਘਰ 'ਚ ਕੋਈ ਹੋਰ ਕਮਾਉਣ ਵਾਲਾ ਵੀ ਨਹੀਂ ਹੈ ਤੇ ਉਸ ਦੀ ਪਤਨੀ ਵੀ ਕੋਈ ਕੰਮ ਨਹੀਂ ਕਰ ਸਕਦੀ, ਜਿਸ ਕਾਰਨ ਉਨ੍ਹਾਂ ਦਾ ਜਿਊਣਾ ਬਹੁਤ ਔਖਾ ਹੋਇਆ ਪਿਆ ਹੈ।

ਉਨ੍ਹਾਂ ਨੇ ਸਰਕਾਰ ਤੋਂ ਉਨ੍ਹਾਂ ਦੇ ਇਲਾਜ ਲਈ ਕੋਈ ਆਰਥਿਕ ਮਦਦ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਹੈ। ਨਾਲ ਹੀ ਉਨ੍ਹਾਂ ਨੇ ਸਮਾਜ ਸੇਵੀ ਲੋਕਾਂ ਤੇ ਸੰਸਥਾਵਾਂ ਤੋਂ ਵੀ ਉਨ੍ਹਾਂ ਦੇ ਇਲਾਜ ਲਈ ਉਨ੍ਹਾਂ ਦੀ ਕੋਈ ਆਰਥਿਕ ਮਦਦ ਕਰਨ ਲਈ ਅੱਗੇ ਆਉਣ ਦੀ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਦਾਨੀ ਸੱਜਣ ਉਨ੍ਹਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਮਦਦ ਕਰਨਾ ਚਾਹੁੰਦਾ ਹੈ ਤਾਂ ਉਹ ਕੁਲਵੰਤ ਕੌਰ ਦੇ ਅਲਾਹਾਬਾਦ ਬੈਂਕ ਦੇ ਖਾਤਾ ਨੰਬਰ 59089164-345 'ਤੇ ਮਦਦ ਭੇਜ ਸਕਦਾ ਹੈ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਵੀ ਉਨ੍ਹਾਂ ਦੀ ਮਦਦ ਦੀ ਗੁਹਾਰ ਲਗਾਈ ਹੈ।

## ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਹੱਕੀ ਮੰਗਾਂ ਨੂੰ ਲੈ ਕੇ ਕੇਂਦਰ ਖਿਲਾਫ ਨਾਅਰੇਬਾਜ਼ੀ


ਕਿਸਾਨ ਭਾਈਚਾਰਾ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਾ ਹੋਇਆ।

**ਜਲਾਲਾਬਾਦ (ਬਾਵਾ ਦਹੂਜਾ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਜਲਾਲਾਬਾਦ ਦੀ ਮੀਟਿੰਗ ਮਾਰਕੀਟ ਕਮੇਟੀ ਜਲਾਲਾਬਾਦ ਵਿਖੇ ਜ਼ੋਨ ਪ੍ਰਧਾਨ ਸੁਖਦੇਵ ਸਿੰਘ ਮੁਰਕ ਵਾਲਾ ਤੇ ਮੀਤ ਪ੍ਰਧਾਨ ਸਰਬਜੀਤ ਸਿੰਘ ਭਾਵੜਾ ਦੀ ਅਗਵਾਈ ਹੇਠ ਕੀਤੀ ਗਈ। ਇਸ ਮੀਟਿੰਗ ਵਿੱਚ 26 ਨਵੰਬਰ 2022 ਨੂੰ ਪੂਰੇ ਪੰਜਾਬ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ 'ਤੇ ਡੀ ਸੀ ਦਫ਼ਤਰਾਂ ਅੱਗੇ ਲੱਗਣ ਜਾ ਰਹੇ ਪੱਕੇ ਮੋਰਚਿਆਂ ਸਬੰਧੀ ਇਕਾਈ ਆਗੂਆਂ ਨੂੰ ਲਾਮਬੰਦ ਕੀਤਾ ਗਿਆ। ਇਥੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਜ਼ੋਨ ਸਕੱਤਰ ਪ੍ਰਧਾਨ ਸੁਖਦੇਵ ਸਿੰਘ, ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ ਤੇ ਸੁਖਚੈਨ ਸੋਢੀ ਨੇ ਕਿਹਾ ਕਿ ਜ਼ੋਨ ਜਲਾਲਾਬਾਦ ਸੂਬੇ ਦੇ ਸੁਨੇਹੇ 'ਤੇ ਜ਼ਿਲ੍ਹਾ ਪੱਧਰੀ ਪੱਕੇ ਮੋਰਚੇ ਵਿੱਚ ਵੱਧ ਚੜ੍ਹ ਕੇ ਕਿਸਾਨ ਭਾਈਚਾਰਾ ਸ਼ਾਮਲ ਹੋਏਗਾ। ਉਨ੍ਹਾ ਕਿਹਾ ਕਿ 21 ਨਵੰਬਰ ਨੂੰ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂੰ ਆ ਰਹੇ ਹਨ ਤੇ ਬੀਤੇ ਦਿਨੀਂ ਕਿਸਾਨਾਂ ਦੇ ਸੰਘਰਸ਼ ਦੌਰਾਨ ਜੋ ਕਿਸਾਨ ਭਰਾ ਸ਼ਹੀਦ ਹੋ ਗਏ ਸਨ, ਉਨ੍ਹਾਂ ਦੇ ਮੁਆਵਜ਼ੇ ਅਜੇ ਨਹੀਂ ਦਿੱਤੇ ਗਏ ਤੇ ਜਿਨ੍ਹਾਂ ਨੇ ਕਿਸਾਨਾਂ ਨੂੰ ਲਤਾੜ ਕੇ ਮਾਰਿਆ, ਉਨ੍ਹਾਂ ਖਿਲਾਫ ਕਾਰਵਾਈ ਨਹੀਂ ਕੀਤੀ ਗਈ ਅਤੇ ਹੁਣ ਵੀ ਉਨ੍ਹਾਂ ਨੂੰ ਬਹੁਤ ਮੁਸ਼ਕਲਾਂ 'ਚੋਂ ਗੁਜ਼ਰਨਾ ਪੈ ਰਿਹਾ ਹੈ ਅਤੇ ਹੋਰ ਵੀ ਜੋ ਮੰਗਾਂ ਸਨ, ਉਨ੍ਹਾਂ ਤੋਂ ਪੰਜਾਬ ਤੇ ਕੇਂਦਰ ਸਰਕਾਰ ਮੁੱਕਰ ਰਹੀ ਹੈ, ਜਿਸ 'ਤੇ ਉਹ ਆਪਣਾ ਸੰਘਰਸ਼ ਹੋਰ ਤੇਜ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਕਿਸਾਨ ਭਾਈਚਾਰੇ ਨੇ ਕੇਂਦਰ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਮੀਟਿੰਗ ਵਿੱਚ ਪ੍ਰਧਾਨ ਸੁਖਦੇਵ ਸਿੰਘ, ਮੀਤ ਪ੍ਰਧਾਨ ਸਰਬਜੀਤ ਸਿੰਘ, ਮੀਤ ਸਕੱਤਰ ਸੁਖਚੈਨ ਸਿੰਘ ਸੋਢੀ, ਮੁੱਖ ਜ਼ੋਨ ਸਲਾਹਕਾਰ ਬਲਵੰਤ ਸਿੰਘ ਖਾਲਸਾ, ਇਕਾਈ ਆਗੂ ਚਿਮਨ ਸਿੰਘ ਚੱਕ ਮੌਜਦੀਨ ਵਾਲਾ, ਇਕਾਈ ਆਗੂ ਚੰਦਰ ਸ਼ੇਖਰ ਬੱਘੇ ਕੇ, ਇਕਾਈ ਆਗੂ ਕੁਲਵੰਤ ਸਿੰਘ ਘੁਰੀ, ਗੁਰਜੰਟ ਸਿੰਘ ਲਮੋਚੜ ਕਲਾਂ, ਦਿਆਲ ਸਿੰਘ ਆਦਿ ਹਾਜ਼ਰ ਸਨ।

16-NOV-PAGE-7.qxd 11/15/2022 8:52 PM Page 1



# ਕੰਡਕਟਰ ਨੂੰ ਮੁਅੱਤਲ ਕਰਨ 'ਤੇ ਰੋਡਵੇਜ਼ ਕਾਮਿਆਂ ਵੱਲੋਂ ਹੜਤਾਲ



**ਸਮਰਾਲਾ (ਸੁਰਜੀਤ ਸਿੰਘ)**-ਬੀਤੇ ਦਿਨ ਬਟਾਲਾ ਵਿਖੇ ਰੋਡਵੇਜ਼ ਦੇ ਕੰਡਕਟਰ ਨੂੰ ਡਿਊਟੀ ਵਿੱਚ ਕੀਤੀ ਕੁਤਾਹੀ ਕਾਰਨ ਮੁਅੱਤਲ ਕਰਨ ਤੇ ਪੰਜਾਬ ਰੋਡਵੇਜ਼, ਪੀ.ਆਰ.ਟੀ.ਸੀ ਅਤੇ ਪਨਬਸ ਕਾਮਿਆਂ ਨੇ ਹੜਤਾਲ ਕਰ ਦਿੱਤੀ, ਜਿਸ ਦੇ ਨਤੀਜੇ ਵਜੋਂ ਸਾਰੇ ਪੰਜਾਬ ਵਿਚ ਸਵਾਰੀਆਂ ਦੀ ਹਾਹਾਕਾਰ ਮਚ ਗਈ। ਸਵਾਰੀਆਂ ਮੁੱਖ ਅਤੇ ਆਮ ਬੱਸ ਅੱਡਿਆਂ ਤੇ ਪ੍ਰੇਸ਼ਾਨ ਹੋਣ ਲੱਗੀਆਂ। ਹੜਤਾਲੀ ਕ੍ਰਮਚਾਰੀਆਂ ਨੇ ਸ਼ਹਿਰਾਂ ਦੇ ਬਸ ਟਰਮੀਨਲਜ ਦੇ ਗੇਟਾਂ 'ਤੇ ਬੱਸਾਂ ਖੜੀਆਂ ਕਰਕੇ ਬੱਸਾਂ ਦੀ ਆਵਾਜਾਈ 'ਤੇ ਰੋਕ ਲਾ ਦਿੱਤੀ। ਅਜਿਹੇ ਹਾਲਾਤ ਵਿਚ ਸਭ ਤੋਂ ਵੱਧ ਜੇ ਕੋਈ ਪ੍ਰੇਸ਼ਾਨ ਹੁੰਦਾ ਹੈ ਤਾਂ ਜਨਾਨੀ ਸਵਾਰੀਆਂ ਅਤੇ ਬੱਚੇ। ਘਾਟੇ ਵਿਚ ਚੱਲ ਰਹੀ ਸਰਕਾਰੀ ਟਰਾਂਸਪੋਰਟ ਪਹਿਲਾਂ ਹੀ ਆਪਣੀ ਮਾੜੀ ਅਵਸਥਾ ਵਿਚ ਹੈ। ਉਸ ਕੋਲ ਆਪਣੇ ਮੁਲਾਜ਼ਮਾਂ ਦੀ ਤਨਖਾਹਾਂ ਦੇਣ ਲਈ ਵੀ ਲੋੜੀਂਦੇ ਫੰਡ ਨਹੀਂ ਹਨ। ਜਿਸ ਦੇ ਲਈ ਮੁਲਾਜ਼ਮਾਂ ਨੂੰ ਤਨਖਾਹਾਂ ਲੈਣ ਲਈ ਹਰ ਮਹੀਨੇ ਦਫਤਰਾਂ ਅੱਗੇ ਧਰਨੇ ਦੇਣੇ ਪੈਂਦੇ ਹਨ। ਉੱਤੋਂ ਹੜਤਾਲ ਕਾਰਣ ਸਰਕਾਰੀ ਟਰਾਂਸਪੋਰਟ ਦਾ ਹੋਰ ਬੇੜਾ ਗਰਕ ਹੋ ਜਾਂਦਾ ਹੈ। ਉਸ ਵੇਲੇ ਜਦੋਂ ਟਰਾਂਸਪੋਰਟ ਕ੍ਰਮਚਾਰੀਆਂ ਦੀ ਹੜਤਾਲ ਕਾਰਨ ਸਵਾਰੀਆਂ ਅਤੇ ਬੱਚੇ ਬੱਸ ਅੱਡਿਆਂ 'ਤੇ ਰੁਲ ਰਹੇ ਹੋਣ ਤਾਂ ਪ੍ਰਾਈਵੇਟ ਬੱਸਾਂ ਵਾਲੇ, ਤਿੰਨ ਪਹੀਆ ਵਾਹਨ ਅਤੇ ਹੋਰ ਵਾਹਨ ਅਜਿਹਾ ਕੋਈ ਮੌਕਾ ਨਹੀਂ ਜਾਣ ਦਿੰਦੇ ਕਿ ਉਹ ਪੱਬਾਂ ਭਾਰ ਹੋ ਕੇ ਮਜਬੂਰ ਸਵਾਰੀਆਂ ਤੋਂ ਕਮਾਈ ਨਾ ਕਰਨ। ਇਸ ਹਾਲਾਤ ਵਿਚ ਪ੍ਰਾਈਵੇਟ ਬੱਸਾਂ ਦੇ ਮਾਲਕਾਂ, ਤਿੰਨ ਪਹੀਆ ਅਤੇ ਹੋਰ ਵਾਹਨ ਚਾਲਕਾਂ ਨੇ ਬਹੁਤ ਫਾਇਦਾ ਉਠਾਇਆ। ਉਹਨਾਂ ਕੋਈ ਅਲਾਟ ਕੀਤਾ ਟਾਈਮ ਟੇਬਲ ਨਹੀਂ ਦੇਖਿਆ। ਬਸ ਵਾਹੋ-ਦਾਹੀ ਆਪਹੁਦਰੇਪਣ ਨਾਲ ਆਪਣੀਆਂ ਬੱਸਾਂ ਨੂੰ ਭਜਾਈ ਫਿਰਦੇ ਰਹੇ ਅਤੇ ਸਵਾਰੀਆਂ ਨੂੰ ਸਾਂਭਦੇ ਰਹੇ। ਉਹਨਾਂ ਵਲੋਂ ਮਜਬੂਰ ਅਤੇ ਬੇਵੱਸ ਸਵਾਰੀਆਂ ਦੀ ਰੱਜ ਕੇ ਲੁੱਟ ਕੀਤੀ। ਮਨਮਰਜ਼ੀ ਦੇ ਕਿਰਾਏ ਵਸੂਲ ਕੀਤੇ। ਸਿਤਮਜਰੀਫੀ ਇਹ ਕਿ ਟਰਾਂਸਪੋਰਟ ਦਾ ਸਰਕਾਰੀ ਨਿਰੀਖਕ ਅਮਲਾ ਇਹ ਸਾਰਾ ਤਮਾਸ਼ਾ ਜਾਣ-ਬੁੱਝ ਕੇ ਅਣਜਾਣ ਬਣਿਆ ਦੇਖਦਾ ਰਿਹਾ। ਦੋ ਦਿਨ ਚੱਲੀ ਇਸ ਹੜਤਾਲ ਵਿਚ ਸਰਕਾਰੀ ਅਮਲੇ ਨੇ ਇਹ ਚੈਕ ਕਰਨ ਦੀ ਖੇਚਲ ਨਹੀਂ ਕੀਤੀ ਕਿ ਪ੍ਰਾਈਵੇਟ ਬੱਸਾਂ ਮਨਮਾਨੀ ਕਿਉਂ ਕਰ ਰਹੀਆਂ ਹਨ। ਉਹ ਮਨਮਰਜ਼ੀ ਦੇ ਕਿਰਾਏ ਕਿਉਂ ਵਸੂਲ ਰਹੇ ਹਨ ਅਤੇ ਉਹ ਬਿਨਾਂ ਅਲਾਟ ਕੀਤੇ ਟਾਈਮ ਟੇਬਲ ਤੋਂ ਇਲਾਵਾ ਬੱਸਾਂ ਕਿਉਂ ਚਲਾ ਰਹੇ ਹਨ। ਉਨ੍ਹਾਂ ਵਲੋਂ ਇਹ ਤੱਕ ਵੀ ਚੈਕ ਨਹੀਂ ਕੀਤਾ ਗਿਆ ਕਿ ਉਹ ਲੋਕਾਂ ਦੀ ਜਾਨ ਨੂੰ ਖਤਰੇ ਵਿਚ ਪਾ ਕੇ ਸਵਾਰੀਆਂ ਨੂੰ ਛੱਤਾਂ 'ਤੇ ਬਿਠਾ ਕੇ ਕਿਉਂ ਢੋਅ ਰਹੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਰੋਡਵੇਜ਼ ਕਾਮਿਆਂ ਦੀਆਂ ਜਾਇਜ਼ ਮੰਗਾਂ 'ਤੇ ਤੁਰੰਤ ਗੌਰ ਕਰਕੇ ਉਨ੍ਹਾਂ ਦਾ ਹੱਲ ਕੀਤਾ ਜਾਵੇ। ਅਜਿਹਾ ਕਰਨ 'ਤੇ ਪ੍ਰਾਈਵੇਟ ਬੱਸਾਂ ਦੀ ਬਦਮਾਸ਼ੀ ਨੂੰ ਠੱਲ੍ਹ ਪਵੇਗੀ।

# ਮਾਨ ਵੱਲੋਂ ਹਥਿਆਰਾਂ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ 'ਤੇ ਪਾਬੰਦੀ ਸ਼ਲਾਘਾਯੋਗ ਕਦਮ : ਕੇ ਡੀ ਸਿੰਘ

**ਨਾਭਾ (ਵਰਿੰਦਰ ਵਰਮਾ)**-ਪ੍ਰਸਿੱਧ ਸੰਗੀਤਕਾਰ ਤੇ ਕਲਾਕਾਰ ਕੇ. ਡੀ. ਸਿੰਘ ਨੇ ਮਾਨ ਸਰਕਾਰ ਵੱਲੋਂ ਲਏ ਗਏ ਫੈਸਲੇ ਦੀ ਪ੍ਰਸੰਸਾ ਕੀਤੀ ਹੈ, ਜਿਸ ਵਿੱਚ ਮਾਨ ਸਰਕਾਰ ਨੇ ਹਥਿਆਰ ਕਲਚਰ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ 'ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ ਹੈ। ਕੇ. ਡੀ. ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਰੇ ਕਲਾਕਾਰ ਭਰਾਵਾਂ ਨੂੰ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਤੇ ਸਮਾਜ ਨੂੰ ਵਧੀਆ ਸੇਧ ਦੇਣ ਵਾਲੇ ਗੀਤ ਤੇ ਵੀਡੀਓ ਬਣਾਉਣ ਦੀ ਅਪੀਲ ਕੀਤੀ। ਹਥਿਆਰਾਂ ਨੂੰ ਪ੍ਰਮੋਟ ਕਰਨ ਵਾਲੇ ਤੇ ਭੜਕਾਊ ਗੀਤ ਨੌਜਵਾਨਾਂ ਨੂੰ ਨਸ਼ਿਆਂ ਵੱਲ ਤੇ ਗੈਂਗਸਟਰਵਾਦ ਵੱਲ ਧਕੇਲ ਰਹੇ ਹਨ। ਉਨ੍ਹਾ ਕਿਹਾ ਕਿ ਇਸ ਲਈ ਇਨ੍ਹਾਂ ਗੀਤਾਂ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ, ਅਜਿਹਾ ਨਾ ਕਰਨ ਵਾਲੇ 'ਤੇ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਨੇ ਆਦੇਸ਼ ਦਿੱਤੇ ਹਨ ਕਿ ਰਾਜ ਵਿੱਚ ਅਮਨ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਵਾਸਤੇ ਹੁਣ ਤੱਕ ਜਾਰੀ ਕੀਤੇ ਗਏ ਸਾਰੇ ਅਸਲਾ ਲਾਇਸੈਂਸਾਂ ਦੀ ਤਿੰਨ ਮਹੀਨੇ ਦੇ ਅੰਦਰ-ਅੰਦਰ ਸਮੀਖਿਆ ਕੀਤੀ ਜਾਵੇ। ਅਗਲੇ ਤਿੰਨ ਮਹੀਨੇ ਆਮ ਤੌਰ 'ਤੇ ਨਵਾਂ ਅਸਲਾ ਲਾਇਸੈਂਸ ਨਾ ਜਾਰੀ ਕੀਤਾ ਜਾਵੇ, ਅਸਲਾ ਲਾਇਸੈਂਸ ਤਦ ਹੀ ਜਾਰੀ ਕੀਤਾ ਜਾਵੇ ਜਦ ਆਪ ਨਿੱਜੀ ਤੌਰ 'ਤੇ ਸੰਤੁਸ਼ਟ ਹੋ। ਇਹ ਪਾਬੰਦੀ ਸੋਸ਼ਲ ਮੀਡੀਆ 'ਤੇ ਵੀ ਲਾਗੂ ਕੀਤੇ ਜਾਵੇ। ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿੱਚ ਹਥਿਆਰ ਲਿਜਾਣ ਤੇ ਪ੍ਰਦਰਸ਼ਨ ਕਰਨ 'ਤੇ ਪੂਰਨ ਪਾਬੰਦੀ ਲਾਗੂ ਕੀਤੀ ਜਾਵੇ। ਕੇ ਡੀ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਥਿਆਰਾਂ ਦੇ ਸਬੰਧ ਵਿੱਚ ਤੇ ਹੋਰ ਜਿਹੜੇ ਫੈਸਲੇ ਲਏ ਗਏ ਹਨ, ਇਸ ਨਾਲ ਪੰਜਾਬ ਵਾਸੀ ਬਹੁਤ ਖੁਸ਼ ਹਨ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉੱਤਰ ਰਹੇ ਹਨ।

# ਪੈਨਸ਼ਨਰਾਂ ਵੱਲੋਂ ਮੁੱਖ ਮੰਤਰੀ ਦੇ ਹਲਕੇ 'ਚ ਰੈਲੀ ਤੇ ਮੁਜ਼ਾਹਰਾ ਅੱਜ



**ਧੂਰੀ (ਸੁਖਦੇਵ ਧੂਰੀ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਸੈਂਕੜੇ ਪੈਨਸ਼ਨਰਾਂ ਵੱਲੋਂ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕਾ ਧੂਰੀ ਵਿਖੇ 16 ਨਵੰਬਰ ਨੂੰ ਸਰਕਾਰ ਦੀ ਮੰਗਾਂ ਪ੍ਰਤੀ ਬੇਰੁਖੀ/ਅਣਦੇਖੀ ਅਤੇ ਚੋਣਾਂ ਸਮੇਂ ਪੈਨਸ਼ਨਰਾਂ ਨਾਲ ਕੀਤੇ ਵਾਅਦੇ ਪੂਰੇ ਨਾ ਕਰਨ ਵਿਰੁੱਧ ਵਿਸ਼ਾਲ ਰੋਸ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਗਿਆ ਹੈ। ਪੈਨਸ਼ਨਰਜ਼ ਜੁਆਇੰਟ ਫਰੰਟ ਪੰਜਾਬ ਦੇ ਫੈਸਲੇ ਅਨੁਸਾਰ ਪੈਨਸ਼ਨਰਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਪ੍ਰੀਤਮ ਸਿੰਘ, ਸਰਪ੍ਰਸਤ ਕੁਲਵੰਤ ਸਿੰਘ ਧੂਰੀ, ਸਕੱਤਰ ਜਸਵਿੰਦਰ ਸਿੰਘ ਮੂਲੋਵਾਲ ਤੇ ਕਾਰਜਕਾਰੀ ਪ੍ਰਧਾਨ ਕਰਮ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਵੱਲੋਂ ਜਨਵਰੀ 16 ਤੋਂ 66 ਮਹੀਨਿਆ ਦਾ ਬਕਾਇਆ, ਡੀ.ਏ. ਦੀ 4% ਦੀ ਕਿਸ਼ਤ ਤੇ ਜਨਵਰੀ 2015 ਤੋਂ 190 ਮਹੀਨਿਆ ਦਾ ਬਕਾਇਆ ਦੇਣ ਸੰਬੰਧੀ ਚੁੱਪ ਧਾਰ ਰੱਖੀ ਹੈ। ਇਸ ਕਰਕੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ ਅਤੇ ਹਲਕਾ ਧੂਰੀ ਦੇ ਵਿਸ਼ਾਲ ਮੁਜ਼ਾਹਰੇ ਵਿੱਚ ਸੰਗਰੂਰ ਜ਼ਿਲ੍ਹੇ ਤੋਂ ਵੱਡੀ ਗਿਣਤੀ ਵਿੱਚ ਪੈਨਸ਼ਨਰਾਂ ਵੱਲੋਂ ਸ਼ਾਮਲ ਹੋਣ ਦਾ ਪ੍ਰਣ ਲਿਆ ਗਿਆ। ਜੇਕਰ ਮੰਗਾਂ ਨਾ ਮੰਨੀਆਂ ਤਾਂ 29 ਨਵੰਬਰ ਨੂੰ ਮੋਹਾਲੀ ਵਿਖੇ ਜ਼ੋਰਦਾਰ ਮੁਜ਼ਾਹਰਾ ਕੀਤਾ ਜਾਵੇਗਾ। ਇਸ ਮੌਕੇ ਸਾਧੂ ਸਿੰਘ ਮੀਰਹੇੜੀ, ਸੁਖਦੇਵ ਸਿੰਘ, ਹਰੀਪਾਲ, ਰਾਮ ਗੋਪਾਲ, ਭਰਭੂਰ ਸਿੰਘ ਭੋਜੋਵਾਲੀ, ਰਣਜੀਤ ਸਿੰਘ ਢੀਂਡਸਾ, ਰਮੇਸ਼ ਚੰਦ ਸ਼ਰਮਾ, ਦਿਆਲ ਸਿੰਘ ਧੂਰਾ, ਜੰਗ ਸਿੰਘ ਬਾਦਸ਼ਾਹਪੁਰ, ਹਰਚਰਨ ਸਿੰਘ ਲਹਿਰੀ, ਜੈ ਦੇਵ ਸ਼ਰਮਾ ਤੇ ਹੋਰ ਬਹੁਤ ਸਾਰੇ ਪੈਨਸ਼ਨਰ ਹਾਜ਼ਰ ਸਨ।

# ਸ਼ਿਵਾਲਿਕ ਦੀ ਗੋਦ 'ਚ ਘੁਮੱਕੜਾਂ ਤੇ ਸੈਲਾਨੀਆਂ ਦਾ ਸਮਾਗਮ 27-28 ਨੂੰ

**ਛਾਜਲੀ (ਜਸਵੀਰ ਲਾਡੀ)**-'ਘੁਮੱਕੜਨਾਮਾ' ਗਰੁੱਪ ਵੱਲੋਂ ਪੰਜਾਬ ਵਣ ਵਿਭਾਗ, ਹੁਸ਼ਿਆਰਪੁਰ ਦੇ ਵਿਸ਼ੇਸ਼ ਸਹਿਯੋਗ ਨਾਲ ਸ਼ਿਵਾਲਿਕ ਦੀ ਗੋਦ ਵਿਚ 'ਘੁਮੱਕੜਾਂ ਅਤੇ ਸੈਲਾਨੀਆਂ' ਦੀ ਇੱਕ ਵੱਡੀ ਮੀਟਿੰਗ ਦਾ ਆਯੋਜਨ ਕੀਤਾ ਜਾ ਰਿਹਾ ਹੈ। ਗੁਰਪ੍ਰੀਤ ਪਸ਼ੌਰੀਆ ਨੇ ਦੱਸਿਆ ਕਿ ਇਹ ਸਮਾਗਮ ਵਣ ਵਿਭਾਗ ਦੇ ਰੈਸਟ ਹਾਊਸ , ਨਾਰਾ (ਹੁਸ਼ਿਆਰਪੁਰ) ਵਿਖੇ 27-28 ਨਵੰਬਰ ਨੂੰ ਕੀਤਾ ਜਾਵੇਗਾ। ਇਹ ਮੀਟਿੰਗ ਵਣ ਵਿਭਾਗ ਦੇ ਅਫਸਰ ਸ੍ਰੀ ਸੰਜੀਵ ਕੁਮਾਰ (ਸੀ ਐਫ ਓ) ਦੀ ਦੇਖ-ਰੇਖ ਵਿੱਚ ਹੋਵੇਗੀ। ਇਸ ਮੀਟਿੰਗ ਦਾ ਮੁੱਖ ਉਦੇਸ਼ ਪੰਜਾਬ ਵਿੱਚ ਸੈਰ ਸਪਾਟੇ ਨੂੰ ਉਤਸ਼ਾਹਤ ਕਰਨਾ ਅਤੇ ਪੰਜਾਬੀ ਭਾਈਚਾਰੇ ਵਿੱਚ ਆਪਸੀ ਪਿਆਰ, ਮਿਲਣ ਮਿਲਾਪ ਨੂੰ ਵਧਾਵਾ ਦੇਣਾ ਹੋਵੇਗਾ ਤੇ ਨੌਜਵਾਨ ਪੀੜ੍ਹੀ ਨੂੰ ਅੱਗੇ ਲੈ ਕੇ ਆਉਣਾ ਹੋਵੇਗਾ। 27 ਨਵੰਬਰ ਨੂੰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਕੁਦਰਤ ਪ੍ਰੇਮੀ ਅਤੇ ਬੁੱਧੀਜੀਵੀ ਹੁਸ਼ਿਆਰਪੁਰ ਦੇ ਪਿੰਡ ਜਹਾਨ ਖੇਲਾਂ, ਊਨਾ ਰੋਡ ਤੇ ਸਥਿਤ ਪੀ. ਆਰ. ਟੀ. ਸੀ. ਦੇ ਸਾਹਮਣੇ 12 ਵਜੇ ਇਕੱਠੇ ਹੋਣਗੇ। ਫਿਰ 1:00 ਵਜੇ ਸਾਰੇ ਮਿਲ ਕੇ ਨਾਰਾ ਰੈਸਟ ਹਾਊਸ ਲਈ ਰਵਾਨਾ ਹੋਣਗੇ। ਰਾਤ ਨੂੰ ਸਾਰੇ ਆਪਣੇ-ਆਪਣੇ ਟੈਂਟਾਂ ਵਿੱਚ ਕੈਂਪਿੰਗ ਕਰਨਗੇ। 28 ਨਵੰਬਰ ਨੂੰ ਸਵੇਰੇ 7 ਵਜੇ ਨਜ਼ਦੀਕ ਹੀ ਸਾਇਕਲਿੰਗ, ਟ੍ਰੈਕਿੰਗ, ਹਾਇਕਿੰਗ, ਨੇਚਰ ਵਾਕ, ਜੰਗਲੀ ਜੀਵਨ ਦੀ ਫੋਟੋਗ੍ਰਾਫੀ ਅਤੇ ਆਫਰੋਡਿੰਗ ਵਰਗੀਆਂ ਸਾਹਸਿਕ ਗਤੀਵਿਧੀਆਂ ਵਿੱਚ ਭਾਗ ਲੈਣਗੇ। ਦੁਪਹਿਰ ਦੇ ਸਮੇਂ ਇੱਕ ਬਹੁਤ ਹੀ ਮਹੱਤਵਪੂਰਨ ਵਿਚਾਰ ਗੋਸ਼ਟੀ ਤੇ ਮੀਟਿੰਗ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਫੋਟੋਗਰਾਫੀ ਵਰਕਸ਼ਾਪ ਲਗਾਈ ਜਾਵੇਗੀ ਅਤੇ ਪੰਜਾਬ ਵਿੱਚ ਸੈਰ ਸਪਾਟੇ ਦੇ ਭਵਿੱਖ ਲਈ ਸੰਭਾਵਨਾ ਉਪਰ ਚਰਚਾ ਹੋਵੇਗੀ। ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਾਹਸਿਕ ਗਤੀਵਿਧੀਆਂ ਨਾਲ ਜੋੜਨ ਦੇ ਪ੍ਰੋਗਰਾਮ ਉਲੀਕੇ ਜਾਣਗੇ। ਇਸ ਮੌਕੇ ਕਿਤਾਬਾਂ ਦੇ ਸਟਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ।

## ਕਾਤਰਾਂ

### ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਨਿਗਲੀ ਸਲਫਾਸ



**ਮਲੋਟ (ਗੁਰਮੀਤ ਸਿੰਘ ਮੱਕੜ)**-ਸ਼ਹਿਰ ਦੇ ਨੇੜਲੇ ਪਿੰਡ ਕੁਰਾਈਵਾਲਾ ਵਿਖੇ ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਸਲਫਾਸ ਖਾ ਕੇ ਆਤਮ ਹੱਤਿਆ ਕਰ ਲਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਕਿਸਾਨ ਦੇ ਭਰਾ ਅਵਤਾਰ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਖੇਤੀ ਕਰਦਾ ਸੀ ਤੇ ਉਸ ਕੋਲ 4 ਏਕੜ ਦੇ ਕਰੀਬ ਜ਼ਮੀਨ ਸੀ। ਉਸ ਨੇ ਦੱਸਿਆ ਕਿ ਉਸ ਨੇ ਬੈਂਕ ਤੇ ਆੜ੍ਹਤ ਵਗੈਰਾ ਦਾ ਕਰੀਬ 10 ਤੋਂ 12 ਲੱਖ ਰੁਪਏ ਦਾ ਕਰਜ਼ਾ ਦੇਣਾ ਸੀ, ਜਿਸ ਕਰਕੇ ਉਹ ਅਕਸਰ ਪ੍ਰੇਸ਼ਾਨ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਇੱਕ ਬੇਟਾ ਹੈ ਜੋ ਲੰਮੇਂ ਸਮੇਂ ਤੋਂ ਬਿਮਾਰ ਤੇ ਮੰਜੇ 'ਤੇ ਪਿਆ ਹੈ ਅਤੇ ਉਹ ਕੰਮ ਧੰਦਾ ਕਰਨ ਤੋਂ ਵੀ ਅਸਮਰੱਥ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨ ਕਰਤਾਰ ਸਿੰਘ ਦਾ ਪੂਰਾ ਕਰਜ਼ਾ ਮੁਆਫ ਕਰਕੇ ਉਸ ਦੇ ਪਰਵਾਰ ਦੀ ਮਾਲੀ ਮੱਦਦ ਕਰੇ।

### ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਨਹਿਰੂ ਨੂੰ ਯਾਦ ਨਾ ਕਰਨ ਦੀ ਨਿਖੇਧੀ

**ਸਮਰਾਲਾ (ਸੁਰਜੀਤ ਸਿੰਘ)**-ਅਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ, ਜਿਨ੍ਹਾਂ ਨੇ 17 ਸਾਲ ਬਤੌਰ ਪ੍ਰਧਾਨ ਮੰਤਰੀ ਰਹਿ ਕੇ ਭਾਰਤ ਦੇਸ਼ ਦੀ ਸੇਵਾ ਕੀਤੀ, ਦਾ 14 ਨਵੰਬਰ ਨੂੰ ਜਨਮ ਦਿਨ 'ਬਾਲ ਦਿਵਸ' ਵਜੋਂ ਵੀ ਮਨਾਇਆ ਜਾਂਦਾ ਹੈ। ਪਰ ਦੁੱਖ ਵਾਲੀ ਗੱਲ ਹੈ ਕਿ ਨਾ ਤਾਂ ਮੋਦੀ ਦੀ ਕੇਂਦਰ ਸਰਕਾਰ ਨੇ ਅਤੇ ਨਾ ਹੀ ਪੰਜਾਬ ਦੀ 'ਆਪ' ਸਰਕਾਰ ਨੇ ਇਸ ਦਿਨ ਬਾਰੇ ਪ੍ਰੈਸ ਜਾਂ ਸੋਸ਼ਲ ਮੀਡੀਆ 'ਤੇ ਕੋਈ ਖੁਸ਼ੀ ਦੀ ਗੱਲ ਕੀਤੀ ਹੈ, ਜਦੋਂ ਕਿ ਹੋਰ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਹਸਤੀਆਂ ਦੇ ਜਨਮ/ਮਰਨ ਦਿਨਾਂ ਨੂੰ ਪ੍ਰੈਸ ਵਿੱਚ ਵੱਡੇ-ਵੱਡੇ ਇਸ਼ਤਿਹਾਰ ਦੇ ਕੇ ਯਾਦ ਕੀਤਾ ਜਾਂਦਾ ਹੈ। ਇਹ ਪ੍ਰਗਟਾਂਵਾ ਸ੍ਰੀ ਬ੍ਰਾਹਮਣ ਸਭਾ (ਰਜਿ:) ਪੰਜਾਬ ਦੇ ਜਨਰਲ ਸਕੱਤਰ ਬਿਹਾਰੀ ਲਾਲ ਸੱਦੀ ਨੇ ਮੀਟਿੰਗ ਦੌਰਾਨ ਕੀਤਾ। ਮੀਟਿੰਗ ਵਿੱਚ ਸ੍ਰੀ ਬ੍ਰਾਹਮਣ ਸਭਾ ਪੰਜਾਬ ਦੇ ਪ੍ਰਧਾਨ ਸੁਨੀਲ ਪ੍ਰਾਸ਼ਰ, ਮੁੱਖ ਸਲਾਹਕਾਰ ਪ੍ਰੇਮ ਸਾਗਰ ਸ਼ਰਮਾ, ਯੂਥ ਵਿੰਗ ਦੇ ਚੇਅਰਮੈਨ ਰਾਜਨ ਸ਼ਰਮਾ ਵੀ ਸ਼ਾਮਲ ਹੋਏ। ਯੂਥ ਵਿੰਗ ਚੇਅਰਮੈਨ ਰਾਜਨ ਸ਼ਰਮਾ ਨੇ ਅਜਿਹੀ ਕੁਤਾਹੀ 'ਤੇ ਰੋਸ ਪ੍ਰਗਟ ਕਰਦੇ ਕਿਹਾ ਹੈ ਕਿ ਜਿਹੜੀਆਂ ਕੌਮਾਂ ਆਪਣੇ ਪੂਰਵਜਾਂ ਦੇ ਕੀਤੇ ਕੰਮਾਂ ਅਤੇ ਕੁਰਬਾਨੀਆਂ ਨੂੰ ਜਾਣ ਬੁਝ ਕੇ ਭੁਲਾ ਦਿੰਦੀਆਂ ਹਨ, ਉਹ ਜ਼ਿਆਦਾ ਦੇਰ ਸੱਤਾ ਵਿੱਚ ਨਹੀਂ ਰਹਿ ਸਕਦੀਆਂ। ਬਾਲ ਦਿਵਸ ਮੌਕੇ ਸਭਾ ਦੇ ਪ੍ਰਧਾਨ ਤੇ ਹੋਰ ਮੈਂਬਰਾਂ ਨੇ ਸਕੂਲ ਵਿੱਚ ਜਾ ਕੇ ਬੱਚਿਆਂ ਨੂੰ ਲੱਡੂ, ਬਰਫ਼ੀ, ਗੁਲਾਬ ਜਾਮਣਾਂ ਅਤੇ ਰਸਗੁੱਲੇ ਵੰਡ ਕੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਦਾ ਜਨਮ ਦਿਨ ਮਨਾਇਆ ਅਤੇ ਉਨ੍ਹਾਂ ਦੀ ਸਿੱਖਿਆ 'ਤੇ ਚੱਲਣ ਦਾ ਸੁਨੇਹਾ ਦਿੱਤਾ। ਪ੍ਰਧਾਨ ਸੁਨੀਲ ਪ੍ਰਾਸ਼ਰ ਨੇ ਕਿਹਾ ਕਿ ਮੋਦੀ ਸਰਕਾਰ ਪਟੇਲ ਜੀ ਦਾ ਵੱਡਾ ਬੁੱਤ ਤਾਂ ਬਣਾ ਸਕਦੀ ਹੈ, ਪਰ ਪੰਡਤ ਜਵਾਹਰ ਲਾਲ ਨਹਿਰੀ ਨੂੰ ਯਾਦ ਤੱਕ ਨਹੀਂ ਕਰ ਸਕਦੀ।

### ਮੁਫਤ ਮੈਡੀਕਲ ਚੈੱਕਅੱਪ ਕੈਂਪ 18 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**-ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਮਾਨਸਾ ਦੇ ਪ੍ਰਧਾਨ ਬਿੱਕਰ ਸਿੰਘ ਮਘਾਣੀਆਂ ਨੇ ਦੱਸਿਆ ਕਿ 18 ਨਵੰਬਰ ਨੂੰ ਡਾ. ਗੋਇਲ ਪੈਥ ਲੈਬ ਦੇ ਸਹਿਯੋਗ ਨਾਲ ਫਰੀ ਮੈਡੀਕਲ ਚੈੱਕਅੱਪ ਕੈਂਪ ਸਵੇਰੇ 6 ਵਜੇ ਤੋਂ 8 ਵਜੇ ਤੱਕ ਖਾਲਸਾ ਹਾਈ ਸਕੂਲ ਦੇ ਮੁੱਖ ਦਰਵਾਜ਼ੇ ਮੂਹਰੇ ਲਾਇਆ ਜਾ ਰਿਹਾ ਹੈ, ਜਿਸ ਵਿੱਚ ਸ਼ੂਗਰ ਬੀ ਪੀ ਯੂਰਿਕ ਐਸਿਡ ਤੇ ਕੈਸਟਰੋਲ ਆਦਿ ਬਿਮਾਰੀਆਂ ਦਾ ਚੈੱਕਅਪ ਕੀਤਾ। ਉਨ੍ਹਾਂ ਦੱਸਿਆ ਕਿ ਮਰੀਜ਼ ਸਿਰਫ ਖਾਲੀ ਪੇਟ ਹੀ ਆਉਣ ਦੀ ਖੇਚਲ ਕਰਨ। ਇਸ ਕੈਂਪ ਵਿੱਚ ਡਾ. ਜਨਕ ਰਾਜ ਸਿੰਗਲਾ ਦੀ ਟੀਮ ਵੱਲੋਂ ਬੀ ਪੀ ਚੈੱਕ ਕੀਤਾ ਜਾਵੇਗਾ ਤੇ ਬਿਮਾਰੀਆਂ ਤੋਂ ਬਚਾਅ ਸਬੰਧੀ ਆਪਣੇ ਵਿਚਾਰ ਵੀ ਪੇਸ਼ ਕੀਤੇ ਜਾਣਗੇ। ਇਸ ਪ੍ਰੋਗਰਾਮ ਵਿਚ ਆਮ ਜਨਤਾ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

### 12 ਗ੍ਰਾਮ ਹੈਰੋਇਨ ਸਮੇਤ ਕਾਬੂ

**ਜਲਾਲਾਬਾਦ (ਬਾਵਾਂ ਦਹੂਜਾ)**-ਥਾਣਾ ਅਰਨੀਵਾਲਾ ਦੀ ਪੁਲਸ ਨੇ 12 ਗ੍ਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਬਿਸ਼ਨ ਰਾਮ ਨੇ ਦੱਸਿਆ ਕਿ ਸ.ਥ. ਰਵੀਕਾਂਤ ਪੁਲਸ ਪਾਰਟੀ ਸਮੇਤ ਗਸ਼ਤ ਤੇ ਚੈਕਿੰਗ ਦੇ ਸਬੰਧ 'ਚ ਮੰਡੀ ਅਰਨੀਵਾਲਾ ਤੋਂ ਹੁੰਦੇ ਹੋਏ ਪਿੰਡ ਟਾਹਲੀਵਾਲਾ ਜੱਟਾਂ ਵੱਲ ਜਾ ਰਿਹਾ ਸੀ ਤਾਂ ਡੱਬੇਵਾਲਾ ਕਲਾਂ ਨਜ਼ਦੀਕ ਇਕ ਨੌਜਵਾਨ ਆਉਂਦਾ ਦੇਖਿਆ, ਜਿਸ ਦੇ ਸੱਜੇ ਹੱਥ 'ਚ ਪਾਰਦਰਸ਼ੀ ਲਿਫਾਫਾ ਫੜਿਆ ਹੋਇਆ ਸੀ, ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਤੇ ਲਿਫਾਫਾ ਸੁੱਟ ਕੇ ਭੱਜਣ ਲੱਗਾ ਤਾਂ ਉਸ ਨੂੰ ਕਾਬੂ ਕਰਕੇ ਉਸ ਦਾ ਨਾਂਅ ਪੁੱਛਿਆ ਤਾਂ ਉਸ ਨੇ ਆਪਣਾ ਨਾਂਅ ਅਮਰੀਕ ਸਿੰਘ ਉਰਫ਼ ਮਿੱਕੀ ਵਾਸੀ ਵਾਰਡ ਨੰ: 6 ਅਰਨੀਵਾਲਾ ਦੱਸਿਆ। ਅਮਰੀਕ ਸਿੰਘ ਵੱਲੋਂ ਸੁੱਟੇ ਲਿਫਾਫੇ ਵਿੱਚੋਂ 12 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਸ ਨੇ ਉਕਤ ਵਿਅਕਤੀ ਖਿਲਾਫ ਪਰਚਾ ਦਰਜ ਕਰ ਲਿਆ ਹੈ।

# ਐੱਸ ਐੱਫ ਸੀ ਪਬਲਿਕ ਸਕੂਲ 'ਚ ਬਾਲ ਦਿਵਸ ਮੌਕੇ ਖੇਡ ਸਮਾਰੋਹ

**ਮੋਗਾ (ਅਮਰਜੀਤ ਬੱਬਰੀ)**-ਐੱਸ ਐੱਫ ਸੀ ਪਬਲਿਕ ਸਕੂਲ 'ਚ ਬਾਲ ਦਿਵਸ ਮੌਕੇ ਖੇਡ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਿੰਡਰਗਾਰਟਨ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ। ਬਾਲ ਦਿਵਸ ਹਰ ਸਾਲ 14 ਨਵੰਬਰ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਜਨਮ ਦਿਨ 'ਤੇ ਮਨਾਇਆ ਜਾਂਦਾ ਹੈ। ਸਾਰੇ ਵਿਦਿਆਰਥੀਆਂ ਨੇ ਵੱਖ ਵੱਖ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ। ਬਿਸਕੁਟ ਰੇਸ, ਹਰਡਲ ਰੇਸ, ਟ੍ਰੈਕ ਰੇਸ, ਰੋਪ ਸਕਿਪਿੰਗ ਰੇਸ, 100 ਮੀਟਰ ਦੌੜ, ਰੱਸਾਕਸ਼ੀ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਗਏ। ਖੇਡਾਂ ਵਿੱਚੋਂ ਪਹਿਲਾ, ਦੂਜਾ ਤੇ ਤੀਜਾ ਦਰਜਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸੋਨੇ, ਚਾਂਦੀ ਤੇ ਕਾਂਸੀ ਦੇ ਤਮਗੇ ਦਿੱਤੇ ਗਏ। ਸਕੂਲ ਡਾਇਰੈਕਟਰ ਅਭਿਸ਼ੇਕ ਜਿੰਦਲ ਤੇ ਪ੍ਰਿੰਸੀਪਲ ਸ੍ਰੀਮਤੀ ਸ਼ੀਨਮ ਜਿੰਦਲ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ ਅਤੇ ਖੇਡਾਂ ਵਿੱਚੋਂ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ।




# ਓਰੀਐਂਟ ਸਕੂਲ ਵਿਖੇ ਸਾਲਾਨਾ ਪ੍ਰਦਰਸ਼ਨੀ ਲਗਾਈ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਓਰੀਐਂਟ ਇੰਟਰਨੈਸ਼ਨਲ ਸਕੂਲ ਤੇ ਸਪੋਰਟਸ ਅਕੈਡਮੀ ਮਾਛੀਵਾੜਾ ਸਾਹਿਬ ਦੇ ਵਿਹੜੇ 'ਚ ਸਾਲਾਨਾ ਪ੍ਰਦਰਸ਼ਨੀ ਲਗਾਈ ਗਈ, ਜਿਸ ਵਿੱਚ ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਮਾਡਲ ਤੇ ਪੇਸ਼ਕਾਰੀਆਂ ਬਣਾ ਕੇ ਭਾਗ ਲਿਆ। ਵਿਦਿਆਰਥੀਆਂ ਨੇ ਸਾਇੰਸ, ਗਣਿਤ, ਅੰਗਰੇਜ਼ੀ, ਹਿੰਦੀ, ਪੰਜਾਬੀ, ਸੋਸ਼ਲ ਸਟੱਡੀਜ਼, ਕੰਪਿਊਟਰ, ਸਰੀਰਕ ਸਿੱਖਿਆ, ਜੀ ਕੇ ਤੇ ਕਾਮਰਸ ਦੇ ਖੇਤਰ 'ਚ ਮਾਡਲ ਤਿਆਰ ਕੀਤੇ। ਪ੍ਰਦਰਸ਼ਨੀ ਦੌਰਾਨ ਮੁੱਖ ਆਕਰਸ਼ਨ ਰੋਬੋਟਿਕਸ ਕਾਰਨਰ ਰਿਹਾ, ਜਿੱਥੇ ਸਕੂਲ ਦੇ ਵਿਦਿਆਰਥੀਆਂ ਨੇ ਉਨ੍ਹਾਂ ਵੱਲੋਂ ਅਟਲ ਟਿੰਕਰਿੰਗ ਲੈਬ ਵਿੱਚ ਤਿਆਰ ਕੀਤੇ ਰੋਬੋਟ ਅਤੇ ਵਿਗਿਆਨਕ ਯੰਤਰ ਦਿਖਾਏ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਪ੍ਰਸਿੱਧ ਕਵੀ ਤੇ ਲੇਖਕ ਪਦਮਸ੍ਰੀ ਸੁਰਜੀਤ ਪਾਤਰ ਪੁੱਜੇ। ਉਨ੍ਹਾ ਮਿਹਨਤੀ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਸਾਰੇ ਅਕਾਦਮਿਕ ਵਿਸ਼ਿਆਂ ਵਿੱਚ ਸ਼ਾਨਦਾਰ ਕਲਾ ਮਾਡਲ ਬਣਾ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ ਸੁਰਜੀਤ ਪਾਤਰ ਨੇ ਸਕੂਲ ਪ੍ਰਿੰਸੀਪਲ ਤੇ ਸਮੁੱਚੀ ਮੈਨੇਜਮੈਂਟ ਦੇ ਕੰਮ ਦੀ ਸ਼ਲਾਘਾ ਵੀ ਕੀਤੀ। ਸੁਰਜੀਤ ਪਾਤਰ ਨੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਪੰਜਾਬ ਨੂੰ ਇੱਕ ਵਾਰ ਫਿਰ ਤੋਂ ਖੁਸ਼ਹਾਲ ਸੂਬਾ ਬਣਾਉਣ ਲਈ ਕਿਹਾ ਤਾਂ ਜੋ ਪੰਜਾਬ ਦੇ ਵਿਦਿਆਰਥੀਆਂ ਨੂੰ ਰੋਜ਼ੀ-ਰੋਟੀ ਕਮਾਉਣ ਲਈ ਦੂਜੇ ਦੇਸ਼ਾਂ ਵਿੱਚ ਜਾਣ ਦੀ ਲੋੜ ਨਾ ਪਵੇ। ਸਕੂਲ ਦੇ ਚੇਅਰਮੈਨ ਵਿਕਰਮ ਸ਼ਰਮਾ ਨੇ ਪ੍ਰਿੰਸੀਪਲ, ਸਟਾਫ਼, ਮੈਨੇਜਮੈਂਟ ਮੈਂਬਰਾਂ, ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ਾਨਦਾਰ ਸਮਾਗਮ ਲਈ ਵਧਾਈ ਦਿੱਤੀ, ਜਿਸ ਨੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਡਾ. ਦੀਪਕ ਮਾਨ ਜ਼ਿਲ੍ਹਾ ਪ੍ਰਧਾਨ ਕਾਂਗਰਸ ਸੇਵਾ ਦਲ ਪ੍ਰਦਰਸ਼ਨੀ ਤੋਂ ਬਹੁਤ ਪ੍ਰਭਾਵਿਤ ਹੋਏ, ਜਿਨ੍ਹਾਂ ਵਿਦਿਆਰਥੀਆਂ ਤੇ ਸਟਾਫ਼ ਮੈਂਬਰਾਂ ਨੂੰ ਆਸ਼ੀਰਵਾਦ ਦਿੱਤਾ ਤੇ ਇਸ ਪ੍ਰਦਰਸ਼ਨੀ ਨੂੰ ਸਫ਼ਲ ਬਣਾਉਣ ਲਈ ਸਕੂਲ ਦੇ ਸਾਰੇ ਹਿੱਸੇਦਾਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰਜਤ ਸ਼ਰਮਾ, ਡਾਇਰੈਕਟਰ ਸ਼ਾਰਦਾ ਸ਼ਰਮਾ, ਡਾਇਰੈਕਟਰ ਸ਼ੁਭਮ ਸ਼ਰਮਾ, ਡਾਇਰੈਕਟਰ ਮ੍ਰਿਦੁਲਾ, ਡਾ. ਸ਼ਰੁਤੀ, ਨਰੇਸ਼ ਸ਼ਰਮਾ ਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# 'ਮੋਗਾ ਖੋਖਾ ਸ਼ੌਪਕੀਪਰ ਵੈੱਲਫੇਅਰ ਐਸੋਸੀਏਸ਼ਨ' ਨੇ ਫੜਿਆ 'ਆਪ' ਦਾ ਪੱਲਾ



**ਮੋਗਾ (ਅਮਰਜੀਤ ਬੱਬਰੀ)**-ਆਮ ਆਦਮੀ ਪਾਰਟੀ ਦੇ ਵਿਕਾਸ ਕਾਰਜਾਂ ਨੂੰ ਵੇਖਦੇ ਹੋਏ 'ਮੋਗਾ ਖੋਖਾ ਸ਼ੌਪਕੀਪਰ ਵੈੱਲਫੇਅਰ ਐਸੋਸੀਏਸ਼ਨ' ਪੁਰਾਣੀ ਦਾਨਾ ਮੰਡੀ ਮੋਗਾ ਦੇ ਮੈਂਬਰਾਂ ਨੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਹੈ। ਇਸ ਮੌਕੇ ਬੋਲਦਿਆਂ 'ਮੋਗਾ ਖੋਖਾ ਸ਼ੌਪਕੀਪਰ ਵੈੱਲਫੇਅਰ ਐਸੋਸੀਏਸ਼ਨ' ਦੇ ਪ੍ਰਧਾਨ ਰੋਸ਼ਨ ਲਾਲ ਚਾਵਲਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਛੋਟੇ ਦੁਕਾਨਦਾਰਾਂ ਸਮੇਤ ਹਰ ਵਰਗ ਦਾ ਖਿਆਲ ਰੱਖਿਆ ਜਾ ਰਿਹਾ ਹੈ ਅਤੇ ਇਨ੍ਹਾਂ ਕੰਮਾਂ ਨੂੰ ਵੇਖਦੇ ਹੋਏ ਅਸੀਂ 'ਮੋਗਾ ਖੋਖਾ ਸ਼ੌਪਕੀਪਰ ਵੈੱਲਫੇਅਰ ਐਸੋਸੀਏਸ਼ਨ' ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਮਨ ਬਣਾਇਆ ਹੈ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਤੇ ਡਾ. ਰਾਕੇਸ਼ ਅਰੋੜਾ ਨੇ 'ਮੋਗਾ ਖੋਖਾ ਸ਼ੌਪਕੀਪਰ ਵੈੱਲਫੇਅਰ ਐਸੋਸੀਏਸ਼ਨ' ਦੇ ਮੈਂਬਰਾਂ ਨੂੰ ਆਮ ਆਦਮੀ ਪਾਰਟੀ ਵਿੱਚ ਆਉਣ 'ਤੇ ਜੀ ਆਇਆਂ ਆਖਿਆ ਤੇ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਲੋਗੋ ਰੀਬਨ ਪਹਿਨਾ ਕੇ ਪਾਰਟੀ 'ਚ ਸ਼ਾਮਲ ਕੀਤਾ।

ਇਸ ਸਮੇਂ 'ਮੋਗਾ ਖੋਖਾ ਸ਼ੌਪਕੀਪਰ ਵੈੱਲਫੇਅਰ ਐਸੋਸੀਏਸ਼ਨ' ਦੇ ਮੈਂਬਰ ਗੁਰਮਿੰਦਰ ਕੁਮਾਰ, ਵਿਜੈ ਕੁਮਾਰ ਚਾਵਲਾ, ਦੀਪਕ ਕੁਮਾਰ, ਜਗਦੀਸ਼ ਲਾਲ, ਬਲਵੀਰ ਸਿੰਘ, ਪ੍ਰਧਾਨ ਰੋਸ਼ਨ ਲਾਲ ਚਾਵਲਾ, ਵਿਜੈ ਗਰੋਵਰ, ਵਿਨੈ ਕੁਮਾਰ, ਦੀਪਕ ਕੁਮਾਰ ਆਦਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।

# ਪ੍ਰਿੰ. ਅਮਰਜੀਤ ਕੌਰ ਨਾਜ਼ ਦਾ ਸਨਮਾਨ



**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਦੇ ਪ੍ਰਿੰ. ਡਾ. ਅਮਰਜੀਤ ਕੌਰ ਨਾਜ਼ ਨੇ ਆਪਣੇ ਐਵਾਰਡਾਂ ਦੀ ਗਿਣਤੀ ਵਿੱਚ ਵਾਧਾ ਕਰਦੇ ਹੋਏ ਜ਼ੀਰਕਪੁਰ ਵਿਖੇ ਹੋਏ ਇੱਕ ਪ੍ਰੋਗਰਾਮ ਦੌਰਾਨ "ਆਊਟਸਟੈਂਡਿੰਗ ਕੌਂਟਰੀਬਿਊਸ਼ਨ ਇਨ ਐਜੂਕੇਸ਼ਨ" ਨਾਮ ਦਾ ਐਵਾਰਡ ਹਾਸਲ ਕਰਕੇ ਜਿੱਥੇ ਸਕੂਲ ਦੇ ਨਾਮ ਨੂੰ ਸੁਨਹਿਰੀ ਅੱਖਰਾਂ ਨਾਲ ਲਿਖਿਆ, ਉੱਥੇ ਆਪਣੀ ਪ੍ਰਤਿਭਾ ਵੀ ਲੋਕ ਮਨਾਂ ਵਿੱਚ ਸਥਾਪਤ ਕੀਤੀ। ਇੱਥੇ ਗੱਲਬਾਤ ਦੌਰਾਨ ਉਨ੍ਹਾ ਕਿਹਾ ਕਿ ਮੈਂ ਆਪਣੇ ਦੇਸ਼ ਹੀ ਨਹੀਂ, ਸਗੋਂ ਪੂਰੇ ਸੰਸਾਰ ਦੀਆਂ ਔਰਤਾਂ ਨੂੰ ਇੱਕ ਸੁਨੇਹਾ ਦੇਣਾ ਚਾਹੁੰਦੀ ਹਾਂ ਕਿ ਉਹ ਕਿਸੇ ਵੀ ਪੱਖ ਤੋਂ ਘੱਟ ਨਹੀਂ ਹਨ, ਬਸ ਸਾਡੇ ਅੰਦਰ ਇੱਕ ਜਜ਼ਬਾ ਹੋਣਾ ਜ਼ਰੂਰੀ ਹੈ, ਜੋ ਸਾਨੂੰ ਸਾਡੇ ਮਨਸੂਬਿਆਂ ਤੱਕ ਪਹੁੰਚਾਉਂਦਾ ਹੈ। ਅੱਜ ਦੀ ਵਿਗਿਆਨਕ ਨਾਰੀ ਕਿਸੇ ਵੀ ਤਰ੍ਹਾਂ ਦੇ ਕੰਮ ਨੂੰ ਕਰਕੇ ਆਪਣਾ ਨਾਮ ਰੌਸ਼ਨ ਕਰ ਸਕਦੀ ਹੈ। ਮੈਂ ਆਪਣੇ ਇਨ੍ਹਾਂ ਐਵਾਰਡਾਂ ਵਿੱਚ ਆਪਣੇ ਅੰਦਰ ਦੀ ਸਮਾਜਵਾਦੀ ਸੋਚ, ਆਪਣੇ ਬਲੌਜ਼ਮਜ਼ ਪਰਿਵਾਰ ਨੂੰ ਮੁੱਖ ਭੂਮਿਕਾ ਵਜੋਂ ਪਹਿਲ ਦਿੰਦੀ ਹਾਂ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਡਾ. ਨਾਜ਼ ਨੂੰ ਐਵਾਰਡ ਦੀ ਵਧਾਈ ਦਿੱਤੀ ਗਈ। ਸ੍ਰ. ਅਜਮੇਰ ਸਿੰਘ ਰੱਤੀਆਂ, ਸ੍ਰ. ਸਤਵੀਰ ਸਿੰਘ ਨੇ ਸਮੁੱਚੀ ਮੈਨੇਜਮੈਂਟ ਵੱਲੋਂ ਪ੍ਰਿੰਸੀਪਲ ਨੂੰ ਵਧਾਈ ਦਿੱਤੀ। ਚੇਅਰਮੈਨ ਹਰਭਜਨ ਸਿੰਘ ਜੌਹਲ ਤੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵਿਦੇਸ਼ ਤੋਂ ਡਾ. ਨਾਜ਼ ਨੂੰ ਵਧਾਈ ਦਿੱਤੀ।

# ਸਮਾਜ ਸੇਵੀ ਲਖਬੀਰ ਸਿੰਘ ਗੰਗੋਹਰ ਵੱਲੋਂ ਪਿਤਾ ਤੇ ਮਾਤਾ ਦੀ ਯਾਦ 'ਚ ਅੱਖਾਂ ਦਾ ਜਾਂਚ ਕੈਂਪ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਬਿਰਧ ਆਸ਼ਰਮ ਸੇਵਾ ਸੁਸਾਇਟੀ ਮਹਿਲ ਕਲਾਂ ਦੇ ਪ੍ਰਧਾਨ ਭਾਈ ਲਖਵੀਰ ਸਿੰਘ ਗੰਗੋਹਰ ਵੱਲੋਂ ਆਪਣੇ ਪਿਤਾ ਬਖਸ਼ੀਸ਼ ਸਿੰਘ ਸੱਗੂ, ਮਾਤਾ ਦਲੀਪ ਕੌਰ ਦੀ ਯਾਦ ਨੂੰ ਸਮਰਪਤ ਅੱਖਾਂ ਦਾ ਮੁਫਤ ਜਾਂਚ ਕੈਂਪ ਬਿਰਧ ਆਸ਼ਰਮ ਮਹਿਲ ਕਲਾਂ ਵਿਖੇ ਲਗਾਇਆ ਗਿਆ। ਇਸ ਮੌਕੇ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪੁੱਜੇ ਨਾਨਕਸਰ ਠਾਠ ਕਸਬਾ ਮਹਿਲ ਕਲਾਂ ਦੇ ਮੁੱਖ ਸੇਵਾਦਾਰ ਤੇ ਧਾਰਮਿਕ ਸ਼ਖਸੀਅਤ ਸੰਤ ਬਾਬਾ ਕੇਹਰ ਸਿੰਘ ਖਾਲਸਾ ਨੇ ਕੀਤਾ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਸੀਨੀਅਰ 'ਆਪ' ਆਗੂ ਸਾਬਕਾ ਚੇਅਰਮੈਨ ਹਰਵਿੰਦਰ ਕੁਮਾਰ ਜਿੰਦਲ, ਸਮਾਜ ਸੇਵੀ ਸਰਬਜੀਤ ਸਿੰਘ ਸ਼ੰਭੂ ਨੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਰ ਸਾਲ ਆਪਣੇ ਮਾਤਾ, ਪਿਤਾ ਦੀ ਯਾਦ 'ਚ ਲੋੜਵੰਦਾਂ ਲਈ ਮੁਫਤ ਜਾਂਚ ਕੈਂਪ ਲਾ ਕੇ ਭਾਈ ਲਖਵੀਰ ਸਿੰਘ ਗੰਗੋਹਰ ਵੱਲੋਂ ਸਮਾਜ ਸੇਵਾ ਦਾ ਵੱਡਾ ਕਾਰਜ ਕੀਤਾ ਜਾ ਰਿਹਾ ਹੈ, ਜਿਸ ਤੋਂ ਸਾਰਿਆਂ ਨੂੰ ਸੇਧ ਲੈਣ ਦੀ ਲੋੜ ਹੈ। ਇਸ ਮੌਕੇ ਬਾਠ ਅੱਖਾਂ ਦਾ ਹਸਪਤਾਲ ਜਲਾਲਦੀਵਾਲ ਵੱਲੋਂ ਗੁਰਲਾਭ ਸਿੰਘ, ਗੁਰਨੈਬ ਸਿੰਘ ਭਾਈ ਰੂਪਾ ਦੀ ਅਗਵਾਈ ਹੇਠ ਮਾਹਰ ਡਾ. ਦੀਪਇੰਦਰ ਸਿੰਘ ਪੂਨੀਆ, ਡਾ. ਦਵਿੰਦਰ ਸਿੰਘ ਦੀ ਸਹਿਯੋਗੀ ਟੀਮ ਨੇ 200 ਮਰੀਜ਼ਾਂ ਦੀ ਜਾਂਚ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਲੋੜਵੰਦ 40 ਮਰੀਜ਼ਾਂ ਨੂੰ ਲੈਂਜ਼ ਪਾਉਣ ਲਈ ਰੈਫਰ ਕੀਤਾ ਗਿਆ। ਇਸ ਸਮਾਜ ਸੇਵੀ ਕਾਰਜ ਦੀ ਸਫਲਤਾ ਲਈ ਮੁੱਖ ਪ੍ਰਬੰਧਕ ਭਾਈ ਲਖਵੀਰ ਸਿੰਘ ਗੰਗੋਹਰ, ਸਰਪੰਚ ਬਲੌਰ ਸਿੰਘ ਤੋਤੀ, ਬਿੱਟੂ ਅਲਬੇਲਾ, ਅਜੀਤ ਸਿੰਘ ਹਰਦਾਸਪੁਰਾ, ਡਾ. ਨਾਹਰ ਸਿੰਘ, ਬੂਟਾ ਸਿੰਘ ਪਾਲ, ਜੋਗਿੰਦਰ ਸਿੰਘ ਢਿੱਲੋਂ, ਜਸਵੰਤ ਸਿੰਘ ਗੰਗੋਹਰ, ਭਾਈ ਜਸਪਾਲ ਸਿੰਘ, ਬੰਤਾ ਸਿੰਘ, ਸਵਰਨ ਸਿੰਘ ਕ੍ਰਿਪਾਲੇਵਾਲ, ਭਾਈ ਰਾਜਵਿੰਦਰ ਸਿੰਘ, ਕੌਰ ਸਿੰਘ, ਸੁਰਜੀਤ ਕੌਰ, ਮੈਡਮ ਜੋਤੀ ਆਦਿ ਨੇ ਵਿਸ਼ੇਸ਼ ਸਹਿਯੋਗ ਦਿੱਤਾ।

# ਇੰਗਲਿਸ਼ ਸਟੂਡੀਓ ਨੇ ਲਵਾਇਆ ਕੈਨੇਡਾ ਦਾ ਵੀਜ਼ਾ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਦੇ ਵਿਦਿਆਰਥੀ ਸੁਖਚੈਨ ਸਿੰਘ ਪੁੱਤਰ ਰਾਮ ਸਿੰਘ ਵਾਸੀ ਕਰਾੜਵਾਲਾ ਬਠਿੰਡਾ ਦਾ ਕੈਨੇਡਾ ਦਾ ਸਟੱਡੀ ਵੀਜ਼ਾ ਕੋਨੇਸਟੋਗਾ ਕਾਲਜ ਟੋਰਾਂਟੋ ਦਾ ਵਿਖੇ ਲਵਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਕ੍ਰਿਸ਼ੀ ਵਿਗਿਆਨ ਮੇਲੇ ਦੌਰਾਨ ਝਾੜ ਸਾਹਿਬ ਕਾਲਜ ਸਨਮਾਨਤ




**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸਬ ਸੈਂਟਰ ਸਮਰਾਲਾ ਦੀ 60ਵੀਂ ਵਰ੍ਹੇਗੰਢ ਮੌਕੇ ਕ੍ਰਿਸ਼ੀ ਵਿਗਿਆਨ ਕੇਂਦਰ ਸਮਰਾਲਾ ਵੱਲੋਂ ਕਰਵਾਏ ਗਏ ਕਿਸਾਨ ਮੇਲੇ ਵਿੱਚ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਕਾਲਜ ਦੀਆਂ ਸੈਲਫ ਹੈਲਪ ਗਰੁੱਪ ਦੀਆਂ ਵਿਦਿਆਰਥਣਾਂ ਵੱਲੋਂ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਰਹਿਨੁਮਾਈ ਵਿੱਚ ਔਰਗੈਨਿਕ ਵਸਤੂਆਂ ਤਿਆਰ ਕਰਕੇ ਉਨ੍ਹਾਂ ਦੀ ਲਗਾਈ ਗਈ ਪ੍ਰਦਰਸ਼ਨੀ ਨੇ ਮੇਲੇ ਦੇ ਪ੍ਰਬੰਧਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ, ਜਿਸ ਦੇ ਨਤੀਜੇ ਵਜੋਂ ਕਿਸਾਨ ਮੇਲੇ ਵਿੱਚ ਕਾਲਜ ਨੂੰ ਸਨਮਾਨਤ ਕੀਤਾ ਗਿਆ। ਪ੍ਰਿੰ. ਡਾ. ਰਜਿੰਦਰ ਕੌਰ ਨੇ ਦੱਸਿਆ ਕਿ ਸੈਲਫ ਹੈਲਪ ਗਰੁੱਪ ਦੇ ਕਨਵੀਨਰ ਡਾ. ਸੁਨੀਤਾ ਕੌਸ਼ਲ, ਪ੍ਰੋ. ਜਸਵੀਰ ਕੌਰ ਤੇ ਹਰਪ੍ਰੀਤ ਕੌਰ ਦੇ ਸਾਂਝੇ ਯਤਨਾਂ ਸਦਕਾ ਸਫਲਤਾ ਪੂਰਵਕ ਚੱਲ ਰਹੇ ਸੈਲਫ ਹੈਲਪ ਗਰੁੱਪ ਦੀਆਂ ਸਮਾਜ ਭਲਾਈ ਗਤੀਵਿਧੀਆਂ ਕਾਰਨ ਇਹ ਸੰਭਵ ਹੋਇਆ ਹੈ। ਉਨ੍ਹਾਂ ਸਟਾਫ ਨੂੰ ਮੁਬਾਰਕ ਦਿੰਦਿਆਂ ਕਿਹਾ ਕਿ ਇਹ ਪ੍ਰਾਪਤੀ ਕਾਲਜ ਲਈ ਬਹੁਤ ਮਾਣ ਵਾਲੀ ਗੱਲ ਹੈ। ਇਸ ਗਰੁੱਪ ਦੀ ਵਿਦਿਆਰਥਣ ਰਾਜਵੀਰ ਕੌਰ ਬੀ.ਏ.ਭਾਗ-2 ਵੱਲੋਂ ਔਰਗੈਨਿਕ ਵਸਤੂਆਂ ਤਿਆਰ ਕਰਕੇ ਕਿਸਾਨ ਮੇਲੇ ਵਿੱਚ ਪ੍ਰਦਰਸ਼ਨੀ ਲਗਾਈ ਗਈ।

ਪ੍ਰਿੰ. ਰਜਿੰਦਰ ਕੌਰ ਨੇ ਕਿਹਾ ਕਿ ਪ੍ਰਦਰਸ਼ਨੀ ਵਿੱਚ ਘਰੇਲੂ ਵਰਤੋਂ 'ਚ ਅਉਣ ਵਾਲੀਆਂ ਵਸਤੂਆਂ ਸਨ। ਉਨ੍ਹਾ ਸੈਲਫ ਹੈਲਪ ਗਰੁੱਪ ਦੇ ਕਨਵੀਨਰ, ਸਹਿਯੋਗੀ ਅਧਿਆਪਕ ਤੇ ਵਿਦਿਆਰਥੀਆਂ ਦੁਆਰਾ ਕੀਤੇ ਗਏ ਇਸ ਉਦਮ ਦੀ ਸ਼ਲਾਘਾ ਕੀਤੀ। ਇਸ ਪ੍ਰਦਰਸ਼ਨੀ ਨੂੰ ਦੇਖਣ ਲਈ ਕਾਲਜ ਲੋਕਲ ਮੈਨੇਜਮੈਂਟ ਕਮੇਟੀ ਦੇ ਅਹੁਦੇਦਾਰ ਤੇ ਮੈਂਬਰ ਪਹੁੰਚੇ। ਪ੍ਰਦਰਸ਼ਨੀ ਵਿੱਚ ਤਿਆਰ ਕੀਤੀਆਂ ਵਸਤੂਆਂ ਨੂੰ ਦੇਖਣ ਤੇ ਖ੍ਰੀਦਣ ਲਈ ਸਟਾਫ ਤੇ ਵਿਦਿਆਰਥਣਾਂ ਵਿੱਚ ਉਤਸ਼ਾਹ ਦੇਖਣ ਨੂੰ ਮਿਲਿਆ।

# ਸਰਕਾਰ ਕੋਲ ਲੋਕਾਂ ਦੀਆਂ ਸ਼ਿਕਾਇਤਾਂ ਸੁਣਨ ਲਈ ਵੀ ਨਹੀਂ ਸਮਾਂ : ਉੱਡਤ

**ਮਾਨਸਾ (ਆਤਮਾ ਸਿੰਘ ਪਮਾਰ)**-ਸੱਤਰ ਸਾਲਾ ਦੇ ਰਵਾਇਤੀ ਪਾਰਟੀਆ ਦੇ ਰਾਜ ਭਾਗ ਭੋਗਣ ਉਪਰੰਤ ਵੀ ਲੋਕਾਂ ਦੀਆਂ ਬੁਨਿਆਦੀ ਲੋੜਾਂ ਤੇ ਸ਼ਿਕਾਇਤਾਂ ਦੂਰ ਨਾ ਕਰਨ ਦਾ ਦੋਸ਼ ਲਾ ਕੇ ਸੱਤਾ ਵਿੱਚ ਆਈ 'ਆਪ' ਸਰਕਾਰ ਨੇ ਅੱਠ ਮਹੀਨਿਆਂ ਦੇ ਅੰਦਰ ਸ਼ਿਕਾਇਤ ਨਿਵਾਰਣ ਕਮੇਟੀਆਂ ਦੀ ਇੱਕ ਵੀ ਮੀਟਿੰਗ ਨਹੀਂ ਬੁਲਾਈ ਅਤੇ ਨਾ ਹੀ ਸਥਾਨਕ ਪ੍ਰਸ਼ਾਸਨ ਨੂੰ ਇਸ ਸਬੰਧੀ ਕੋਈ ਦਿਸ਼ਾ ਨਿਰਦੇਸ਼ ਹੀ ਦਿੱਤੇ ਹਨ। ਇਨ੍ਹਾ ਦਾ ਵਿਚਾਰਾ ਦਾ ਪ੍ਰਗਟਾਵਾ ਕਰਦਿਆਂ ਸੀਪੀਆਈ (ਐਮ) ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ, ਜ਼ਿਲ੍ਹਾ ਸਕੱਤਰ ਕਾਮਰੇਡ ਬਲਦੇਵ ਸਿੰਘ ਬਾਜੇਵਾਲਾ, ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ, ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਆਤਮਾ ਸਿੰਘ ਪ੍ਰਮਾਰ ਤੇ ਮੁਸਲਿਮ ਫਰੰਟ ਪੰਜਾਬ ਦੇ ਪ੍ਰਧਾਨ ਹੰਸ ਰਾਜ ਮੋਫਰ ਨੇ ਕਿਹਾ ਕਿ ਬਦਲਾਅ ਦਾ ਝਾਂਸਾ ਦੇ ਕੇ ਸੱਤਾ ਹਥਿਆਉਣ ਵਾਲੀ ਵਾਲੀ ਮਾਨ ਸਰਕਾਰ ਲੋਕਾਂ ਦੇ ਮਸਲਿਆਂ ਦਾ ਹੱਲ ਕਰਨ ਦੀ ਥਾਂ ਸੱਤਾ ਦਾ ਆਨੰਦ ਮਾਣਨ ਵਿੱਚ ਮਸਰੂਫ਼ ਹੈ ਅਤੇ ਰਵਾਇਤੀ ਪਾਰਟੀਆ ਨਾਲੋ ਵੀ ਅੱਗੇ ਵਧ ਕੇ ਆਪ ਸਰਕਾਰ ਦੇ ਨੁਮਾਇੰਦੇ ਤੇ ਆਪ ਪਾਰਟੀ ਦੇ ਲੀਡਰ ਪੰਜਾਬ ਨੂੰ ਲੁੱਟਣ ਵਿੱਚ ਦਾ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਲੋਕਾ ਦੀ ਪ੍ਰਸ਼ਾਸਨ ਵਿੱਚ ਕੋਈ ਪੁੱਛ ਪ੍ਰਤੀਤ ਨਹੀਂ ਤੇ ਸਮਾਜ ਵਿਰੋਧੀ ਅਨਸਰਾ ਦੇ ਹੌਸਲੇ ਪੂਰੀ ਤਰ੍ਹਾਂ ਬੁਲੰਦ ਹਨ ,ਜਿਸ ਗਵਾਹੀ ਦਿਨੋ ਦਿਨ ਵਧ ਰਹੀਆਂ ਲੁੱਟਾਂ-ਖੋਹਾਂ ਖੋਹਾਂ ਦੀਆਂ ਵਾਰਦਾਤਾਂ ਸਹਿਜੇ ਹੀ ਭਰ ਰਹੀਆਂ ਹਨ। ਆਗੂਆ ਨੇ ਕਿਹਾ ਕਿ ਪੰਜਾਬ ਸਰਕਾਰ ਸਾਰੇ ਪੱਧਰ ਦੀਆਂ ਸ਼ਿਕਾਇਤ ਨਿਵਾਰਣ ਕਮੇਟੀਆਂ ਨੂੰ ਸੰਚਾਰੂ ਢੰਗ ਨਾਲ ਚਲਾਵੇ ਤਾਂ ਕਿ ਆਮ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਸਮੇਂ ਸਿਰ ਹੋ ਸਕੇ ਤੇ ਪ੍ਰਸ਼ਾਸਨ ਦੀ ਜਵਾਬਦੇਹੀ ਵੀ ਤਹਿ ਕੀਤੀ ਜਾ ਸਕੇ।

# ਬਾਲ ਦਿਵਸ ਮੌਕੇ ਬਾਲ ਮੈਗਜ਼ੀਨ 'ਨੰਨ੍ਹੇ ਸੁਪਨੇ' ਕੀਤਾ ਰਿਲੀਜ਼



**ਸਮਾਣਾ (ਗੁਰਪਿਆਰ ਸਿੰਘ ਬੱਲ)**-ਬਾਲ ਦਿਵਸ ਮੌਕੇ ਸਰਕਾਰੀ ਐਲੀਮੈਂਟਰੀ ਸਕੂਲ ਸਮਾਣਾ ਮੁੰਡੇ ਵਿਖੇ ਵਿਸ਼ੇਸ਼ ਸਮਾਗਮ ਕਰਾਇਆ ਗਿਆ, ਜਿਸ ਵਿੱਚ ਬੱਚਿਆਂ ਅਤੇ ਅਧਿਆਪਕਾਂ ਵੱਲੋਂ ਤਿਆਰ ਕੀਤਾ ਮੈਗਜ਼ੀਨ 'ਨੰਨ੍ਹੇ ਸੁਪਨੇ' ਅੰਕ ਭਾਗ 9 ਨੂੰ ਸੀਤਾ ਰਾਮ ਗੁਪਤਾ ਦੇ ਸਪੁੱਤਰ ਰਮਨ ਗੁਪਤਾ ਅਤੇ ਸੰਜੀਵ ਕੌਸ਼ਿਕ ਵੱਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ। ਸੰਜੀਵ ਕੌਸ਼ਿਕ ਨੇ ਕਿਹਾ ਕਿ ਇਹ ਸਰਕਾਰ ਦਾ ਵਧੀਆ ਉਪਰਾਲਾ ਹੈ। ਨੰਨ੍ਹੇ ਬੱਚਿਆਂ ਵੱਲੋਂ ਹੱਥ ਲਿਖਤ ਕਵਿਤਾਵਾਂ ਅਤੇ ਚਿੱਤਰ ਬਣਾਉਣਾ ਬੱਚਿਆਂ ਨੂੰ ਉਤਸ਼ਾਹਤ ਕਰਦਾ ਹੈ। ਉਨ੍ਹਾਂ ਬਾਲ ਦਿਵਸ ਮੌਕੇ ਬੱਚਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੱਚੇ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖਣ। ਇਸ ਮੌਕੇ ਗੁਪਤਾ ਪਰਵਾਰ ਵੱਲੋਂ ਮਾਤਾ ਲਾਜਵੰਤੀ ਦੀ ਯਾਦ ਵਿੱਚ ਨਵੇਂ ਦਾਖਲ ਹੋਏ ਲੋੜਵੰਦ ਬੱਚਿਆਂ ਨੂੰ ਵਰਦੀਆਂ, ਬੂਟ ਤੇ ਜ਼ੁਰਾਬਾਂ ਆਦਿ ਵੰਡੀਆਂ ਗਈਆਂ। ਬੱਚਿਆਂ ਨੂੰ ਸੰਬੋਧਨ ਕਰਦਿਆਂ ਰਮਨ ਗੁਪਤਾ ਨੇ ਕਿਹਾ ਕਿ ਸਟੇਟ ਐਵਾਰਡ ਪਰਮਜੀਤ ਲਾਲ ਦੀ ਪ੍ਰੇਰਨਾ ਸਦਕਾ, ਬੱਚਿਆਂ ਨੂੰ ਅੱਗੇ ਵਧਣ ਦਾ ਮੌਕਾ ਮਿਲ ਰਿਹਾ ਹੈ। ਬਾਲ ਮੈਗਜ਼ੀਨ ਰਿਲੀਜ਼ ਕੀਤਾ ਗਿਆ ਹੈ। ਇਸ ਨਾਲ ਬੱਚਿਆਂ ਦੀ ਪ੍ਰਤਿਭਾ ਨਿਖਾਰਨ 'ਚ ਅਹਿਮ ਰੋਲ ਹੋਵੇਗਾ। ਇਸ ਮੌਕੇ ਬੱਚਿਆਂ ਦੇ ਡਰਾਇੰਗ ਪੇਂਟਿੰਗ ਮੁਕਾਬਲੇ, ਗੀਤ ਗਾਇਨ, ਸਲੋਗਨ ਤੇ ਫੈਂਸੀ ਡਰੈੱਸ ਮੁਕਾਬਲੇ ਆਦਿ ਕਰਾਏ ਗਏ, ਜਿਸ ਵਿੱਚ ਪਹਿਲਾ, ਦੂਜਾ ਤੇ ਤੀਜਾ ਦਰਜਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਰਮਨ ਨੇ ਗੁਪਤਾ ਨੇ ਇਨਾਮ ਤਕਸੀਮ ਕੀਤੇ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਰਜਿੰਦਰ ਸਿੰਘ ਬੱਚਿਆਂ ਦੇ ਮਾਪੇ ਸਕੂਲ ਸਟਾਫ਼ ਹਰਵਿੰਦਰ ਕੌਰ, ਪਰਮਜੀਤ ਕੌਰ, ਪਰਮਜੀਤ ਕੁਮਾਰੀ, ਕੁਲਦੀਪ ਕੌਰ, ਨਸੀਬ ਕੌਰ ਤੇ ਸਰਬਜੀਤ ਕੌਰ ਆਦਿ ਹਾਜ਼ਰ ਸਨ।

# ਸਪਰਿੰਗ ਡਿਊ ਪਬਲਿਕ ਸਕੂਲ 'ਚ ਬਾਲ ਦਿਵਸ ਮਨਾਇਆ




**ਜਗਰਾਉਂ (ਅਮਿਤ ਖੰਨਾ)**-ਸਪਰਿੰਗ ਡਿਊ ਪਬਲਿਕ ਸਕੂਲ ਵਿਖੇ ਬਾਲ ਦਿਵਸ ਮੌਕੇ ਖਾਸ ਅਸੈਂਬਲੀ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਪ੍ਰਿੰਸੀਪਲ ਨਵਨੀਤ ਚੌਹਾਨ ਨੇ ਬਚਪਨ ਦੇ ਮਹੱਤਵ ਬਾਰੇ ਜਾਣੂ ਕਰਵਾਇਆ। ਉਨ੍ਹਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣਾ ਬਚਪਣ ਤਾਂ ਹੀ ਮਾਣ ਸਕਦੇ ਹਨ, ਜੇਕਰ ਉਹ ਆਪਣੇ ਆਪ ਨੂੰ ਮੋਬਾਇਲ ਦੇ ਨਾਲ-ਨਾਲ ਸੋਸ਼ਲ ਮੀਡੀਆਂ ਤੋਂ ਦੂਰ ਰੱਖਣ। ਉਨ੍ਹਾ ਵਿਦਿਆਰਥੀਆਂ ਨੂੰ ਆਪਣੇ ਵਿਦਿਆਰਥੀ ਜੀਵਨ ਵਿੱਚ ਵੱਧ ਤੋਂ ਵੱਧ ਉਚੇਰੀਆਂ ਗੱਲਾਂ ਸਿੱਖਣ ਲਈ ਉਤਸ਼ਾਹਤ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਰਿਵੰਸ਼ ਰਾਏ ਬਚਨ ਦੀ ਲਿਖੀ ਕਵਿਤਾ "ਏਕ ਬਚਪਣ ਕਾ ਜ਼ਮਾਨਾ ਥਾ, ਜਿਸ ਮੇ ਖੁਸ਼ੀਓਂ ਕਾ ਖਜ਼ਾਨਾ ਥਾ' ਵੀ ਸੁਣਾਈ। ਨਰਸਰੀ ਦੇ ਵਿਦਿਆਰਥੀਆਂ ਲਈ ਫੈਂਸੀ ਡਰੈੱਸ ਮੁਕਾਬਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀ ਸਟਾਰ, ਪੁਲਸ ਅਫਸਰ, ਮਦਰ ਟੈਰੇਸਾ, ਕਸ਼ਮੀਰੀ ਗਰਲ, ਭਗਤ ਸਿੰਘ, ਸੁਭਾਸ਼ ਬੋਸ, ਸਪਾਡਿਰ ਮੈਨ, ਪਾਇਲਟ, ਟੀਚਰ, ਮੀਰਾਬਾਈ, ਬਟਰ ਫਲਾਈਆ ਦੀਆਂ ਵਰਦੀਆਂ ਪਾ ਕੇ ਆਏ ਸਨ। ਅੰਤ ਵਿੱਚ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਨਵਨੀਤ ਚੌਹਾਨ, ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਤੇ ਮੈਡਮ ਮੋਨਿਕਾ ਚੌਹਾਨ ਵੱਲੋਂ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮੈਡਮ ਵੰਦਨਾ, ਸਤਿੰਦਰਜੀਤ ਕੌਰ, ਹਰਪ੍ਰੀਤ ਕੌਰ ਤੇ ਰਵਿੰਦਰ ਸਿੰਘ ਵੀ ਹਾਜ਼ਰ ਸਨ। ਬਾਅਦ ਵਿੱਚ ਸਾਰੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਪ੍ਰਬੰਧਕੀ ਕਮੇਟੀ ਵੱਲੋਂ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੋਤ ਕੁਮਾਰ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਤੇ ਮੈਨੇਜਰ ਮਨਦੀਪ ਚੌਹਾਨ ਨੇ ਸਾਰੇ ਸਟਾਫ ਨੂੰ ਇਸ ਗਤੀਵਿਧੀ ਲਈ ਵਧਾਈ ਦਿੱਤੀ।

# ਪੰਜਾਬ ਕੋ-ਐਜੂਕੇਸ਼ਨ ਸਕੂਲ ਵਿਖੇ 'ਬਾਲ ਦਿਵਸ' ਮੌਕੇ ਹੋਣਹਾਰ ਖਿਡਾਰੀਆਂ ਦਾ ਸਨਮਾਨ




**ਬਾਘਾ ਪੁਰਾਣਾ (ਮਨੀ ਸਿੰਗਲਾ)**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀ. ਸੈ. ਸਕੂਲ, ਬਾਘਾ ਪੁਰਾਣਾ ਵਿਖੇ ਬਾਲ ਦਿਵਸ ਮਨਾਇਆ ਤੇ ਸਪੋਰਟਸ ਮੀਟ ਦੇ ਜੇਤੂਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਸੰਸਥਾ ਦੇ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਬਾਲ ਦਿਵਸ ਦੀ ਵਧਾਈ ਦਿੰਦਿਆਂ ਬੱਚਿਆਂ ਨੂੰ ਆਪਣਾ ਬਚਪਨ ਹੱਸਦਿਆਂ-ਖੇਡਦਿਆਂ ਬਤੀਤ ਕਰਨ ਲਈ ਕਿਹਾ ਤੇ ਮੋਬਾਇਲ ਦੀ ਵਰਤੋਂ ਤੋਂ ਗੁਰੇਜ਼ ਕਰਨ ਦੀ ਪ੍ਰੇਰਣਾ ਵੀ ਦਿੱਤੀ। ਸੰਸਥਾ ਦੇ ਡਾਇਰੈਕਟਰ ਸੰਦੀਪ ਮਹਿਤਾ ਨੇ ਕਿਹਾ ਕਿ ਹਰ ਬੱਚੇ ਨੂੰ ਬਚਪਨ ਤੋਂ ਹੀ ਆਪਣੀ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਭਾਗ ਲੈਣਾ ਚਾਹੀਦਾ ਹੈ ਤਾਂ ਕਿ ਉਹ ਖੇਡਾਂ ਵਿੱਚ ਵੀ ਆਪਣਾ ਨਾਂ ਰੌਸ਼ਨ ਕਰ ਸਕਣ ਤੇ ਤੰਦਰੁਸਤ ਰਹਿ ਸਕਣ। ਕੋ-ਆਰਡੀਨੇਟਰ ਮੁਕੇਸ਼ ਅਰੋੜਾ ਨੇ ਬੱਚਿਆਂ ਨੂੰ ਬਾਲ ਦਿਵਸ ਦੀ ਵਧਾਈ ਦਿੰਦਿਆਂ ਉਨ੍ਹਾਂ ਨੂੰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ 4, 5 ਨਵੰਬਰ ਨੂੰ ਕਰਵਾਈ ਗਈ ਸਪੋਰਟਸ ਮੀਟ ਦੇ ਜੇਤੂ ਰਹੇ ਖਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਗੁਰਦੇਵ ਸਿੰਘ, ਡਾਇਰੈਕਟਰ ਸੰਦੀਪ ਮਹਿਤਾ, ਪ੍ਰਿੰਸੀਪਲ ਮੈਡਮ ਪਰਮਿੰਦਰ ਕੌਰ, ਕੋ-ਆਰਡੀਨੇਟਰ ਮੁਕੇਸ਼ ਅਰੋੜਾ, ਕੋ-ਆਰਡੀਨੇਟਰ ਮੈਡਮ ਦੀਪਿਕਾ ਮਨਚੰਦਾ ਨੇ ਚੌਥੇ ਹਾਊਸ ਦੇ ਮੁਖੀ ਨਵਜੋਤ ਕੌਰ, ਸੰਦੀਪ ਕੌਰ ਬਰਾੜ ਤੇ ਚੌਥੇ ਹਾਊਸ ਦੇ ਸਾਰੇ ਅਧਿਆਪਕਾਂ ਤੇ ਜੇਤੂ ਖਿਡਾਰੀਆਂ ਨੂੰ ਓਵਰਆਲ ਫ਼ਸਟ ਟਰਾਫ਼ੀ ਦੇ ਕੇ ਸਨਮਾਨਤ ਕੀਤਾ। ਇਸੇ ਤਰ੍ਹਾਂ ਦੂਜੀ ਪੁਜ਼ੀਸ਼ਨ ਹਾਸਲ ਕਰਨ 'ਤੇ ਪਹਿਲੇ ਹਾਊਸ ਦੇ ਮੁਖੀ ਮੈਡਮ ਸ਼ਿਵਾਨੀ ਗੁਪਤਾ ਤੇ ਹਰਮੀਤ ਕੌਰ ਅਤੇ ਪਹਿਲੇ ਹਾਊਸ ਦੇ ਸਾਰੇ ਅਧਿਆਪਕਾਂ ਅਤੇ ਹਾਊਸ ਦੇ ਜੇਤੂ ਖਿਡਾਰੀਆਂ ਨੂੰ ਟਰਾਫ਼ੀ ਦੇ ਕੇ ਸਨਮਾਨਤ ਕੀਤਾ। ਇਸ ਸਮੇਂ ਜਿਲ੍ਹਾ ਪੱਧਰੀ ਮੁਕਾਬਲਿਆਂ 'ਚੋਂ ਜੇਤੂ ਰਹਿ ਕੇ ਸਟੇਟ ਪੱਧਰ 'ਤੇ ਭਾਗ ਲੈਣ ਲਈ ਯੋਗ ਖਿਡਾਰੀਆਂ ਨੂੰ ਵੀ ਸਨਮਾਨਤ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਕਰਾਈ ਪ੍ਰਤੀਯੋਗਤਾ 'ਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਤੇ ਸਟੇਟ ਪੱਧਰੀ ਖੇਡਾਂ 'ਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਗਿਆ।

# ਕਲੀਨ ਐਂਡ ਗਰੀਨ ਸੇਵਾ ਸੁਸਾਇਟੀ ਵੱਲੋਂ ਰਾਮਾ ਕ੍ਰਿਸ਼ਨ ਸਕੂਲ 'ਚ ਸਮਾਗਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇਲਾਕੇ ਦੀ ਨਾਮਵਰ ਸਮਾਜਸੇਵੀ ਸੰਸਥਾ ਕਲੀਨ ਐਂਡ ਗ੍ਰੀਨ ਸੇਵਾ ਸੁਸਾਇਟੀ ਵੱਲੋਂ ਬਾਲ ਦਿਵਸ ਮੌਕੇ ਜਲਾਲਾਬਾਦ ਰੋਡ ਸਥਿਤ ਰਾਮਾ ਕ੍ਰਿਸ਼ਨਾ ਮਿਡਲ ਸਕੂਲ ਵਿਖੇ ਸਮਾਗਮ ਕੀਤਾ ਗਿਆ। ਪ੍ਰਧਾਨ ਤਰਸੇਮ ਗੋਇਲ ਦੀ ਅਗਵਾਈ 'ਚ ਹੋਏ ਇਸ ਸਮਾਗਮ ਦੌਰਾਨ ਬੁਲਾਰਿਆਂ ਨੇ ਬਾਲ ਦਿਵਸ ਸਬੰਧੀ ਵਿਚਾਰ ਸਾਂਝੇ ਕੀਤੇ। ਸਕੂਲ ਪ੍ਰਿੰਸੀਪਲ ਸੁਨੀਤਾ ਰਾਣੀ ਨੇ ਵੀ ਬੱਚਿਆਂ ਨੂੰ ਬਾਲ ਦਿਵਸ ਦਾ ਮਹੱਤਵ ਦੱਸਿਆ। ਇਸ ਮੌਕੇ ਪ੍ਰਧਾਨ ਤਰਸੇਮ ਗੋਇਲ ਨੇ ਆਪਣੇ ਸਬੋਧਨ 'ਚ ਦੱਸਿਆ ਕਿ ਬੱਚੇ ਸਾਡੇ ਦੇਸ਼ ਦਾ ਭਵਿੱਖ ਹੁੰਦੇ ਹਨ ਤੇ ਸਾਡੇ ਦੇਸ਼ ਦੀ ਤਰੱਕੀ ਬੱਚਿਆਂ ਦੇ ਮੋਢਿਆ 'ਤੇ ਹੀ ਨਿਰਭਰ ਕਰਦੀ ਹੈ, ਜੇਕਰ ਬੱਚਿਆਂ ਨੂੰ ਬਚਪਨ ਤੋਂ ਹੀ ਸਹੀ ਤਾਲੀਮ ਮਿਲਦੀ ਰਹੀ ਤਾਂ ਉਹ ਅੱਗੇ ਚੱਲ ਕੇ ਦੇਸ਼ ਦੀ ਤਰੱਕੀ ਵਿੱਚ ਆਪਣਾ ਵੱਡਾ ਯੋਗਦਾਨ ਪਾਉਂਦੇ ਹਨ, ਇਸ ਲਈ ਸਾਨੂੰ ਬੱਚਿਆਂ ਨੂੰ ਸਮੇਂ ਸਮੇਂ 'ਤੇ ਉਤਸ਼ਾਹਤ ਕਰਨ ਲਈ ਅਜਿਹੇ ਮੌਕਿਆ 'ਤੇ ਪ੍ਰੋਗਰਾਮ ਕਰਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਸਾਬਕਾ ਡੀ ਟੀ ਓ ਗੁਰਚਰਨ ਸਿੰਘ ਸੰਧੂ, ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਦੇ ਨਿੱਜੀ ਸਕੱਤਰ ਬਿੰਦਰ ਗੋਨਿਆਣਾ, ਅਕਾਲੀ ਦਲ ਦਲ ਦੇ ਸੀਨੀਅਰ ਮੀਤ ਪ੍ਰਧਾਨ ਸਤੀਸ਼ ਗਿਰਧਰ ਕਾਲਾ, ਕੁਲਦੀਪ ਗੋਇਲ, ਸੰਜੀਵ ਬਾਂਸਲ ਤੋਂ ਅਲਾਵਾ ਮੈਡਮ ਮੋਨਿਕਾ, ਪੂਜਾ ਸਮੇਤ ਸਮੂਹ ਸਕੂਲ ਸਟਾਫ ਹਾਜ਼ਰ ਸੀ। ਇਸ ਮੌਕੇ ਕੇਕ ਕੱਟਣ ਮਗਰੋਂ ਬੱਚਿਆਂ ਨੂੰ ਰਿਫ੍ਰੈਸ਼ਮੈਂਟ ਵੀ ਦਿੱਤੀ ਗਈ।

# ਅਲਾਵਲਪੁਰ, ਬਿਆਸ ਪਿੰਡ ਤੇ ਮਹਿਮਦਪੁਰ 'ਚ ਇੱਕੋ ਰਾਤ ਚੋਰਾਂ ਨੇ ਪੰਜ ਦੁਕਾਨਾਂ ਦੇ ਤਾਲੇ ਤੋੜੇ

ਕਿਸ਼ਨਗੜ੍ਹ, (ਜਸਪ੍ਰੀਤ) ਪੁਲਸ ਥਾਣਾ ਆਦਮਪੁਰ ਦੇ ਅਧੀਨ ਆਉਂਦੀ ਪੁਲਸ ਚੌਕੀ ਅਲਾਵਲਪੁਰ ਦੇ ਖੇਤਰ ਬਿਆਸ ਪਿੰਡ, ਅਲਾਵਲਪੁਰ ਅਤੇ ਮਹਿਮਦਪੁਰ 'ਚ ਚੋਰਾਂ ਵੱਲੋਂ ਵੱਖ ਵੱਖ 5 ਦੁਕਾਨਾਂ ਦੇ ਤਾਲੇ ਤੋੜਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮੇਨ ਬਜਾਰ ਅਲਾਵਲਪੁਰ ਵਿਚ ਕਰਿਆਨਾ ਸਟੋਰ ਦੇ ਮਾਲਕ ਰਾਜ ਕੁਮਾਰ ਨੇ ਦੱਸਿਆ ਕਿ ਸਵੇਰੇ ਦੁਕਾਨ ਖੋਲ੍ਹਣ ਲਈ ਗਿਆ ਤਾਂ ਉਸ ਨੇ ਵੇਖਿਆ ਕਿ ਉਸ ਦੀ ਦੁਕਾਨ ਦੇ ਤਾਲੇ ਟੁੱਟੇ ਹੋਏ ਹਨ। ਦੁਕਾਨ ਦੀ ਜਾਂਚ ਕਰਨ ਤੇ ਪਤਾ ਲੱਗਾ ਕਿ ਚੋਰਾਂ ਨੇ ਤਾਲੇ ਤੋੜ ਕੇ ਅੰਦਰੋਂ 6300 ਰੁਪਏ ਦੀ ਨਗਦੀ, ਦੇਸੀ ਘਿਓ ਦੇ ਪੈਕਟ, ਚਾਹ ਪੱਤੀ ਦੇ ਪੈਕਟ ਅਤੇ ਹੋਰ ਸਮਾਨ ਚੋਰੀ ਕਰ ਲਿਆ ਹੈ। ਉਸ ਦਾ ਲਗਪਗ 20



ਹਜਾਰ ਰੁਪਏ ਦਾ ਨੁਕਸਾਨ ਹੋਇਆ ਹੈ। ਮੇਨ ਬਜਾਰ ਵਿਚ ਸਥਿਤ ਦਹੀਂ, ਦੁੱਧ ,ਪਨੀਰ ਦੀ ਦੁਕਾਨ ਦੇ ਮਾਲਕ ਕੁਲਵੰਤ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਉਹ ਦੁਕਾਨ ਦੇ ਅੰਦਰ ਸੁੱਤਾ ਪਿਆ ਸੀ ਕਿ ਉਸ ਦੀ ਦੁਕਾਨ ਦਾ ਸ਼ਟਰ ਤੋੜ ਕੇ ਲੁੱਟਣ ਦੀ ਕੋਸ਼ਿਸ਼ ਕਰ ਰਹੇ ਚੋਰਾਂ ਨੂੰ, ਉਸ ਦੀ ਦੁਕਾਨ ਵਿਚ ਹੋਣ ਦੀ ਸੰਭਾਵਨਾ ਹੋਣ 'ਤੇ ਬੇਰੰਗ ਭੱਜਣਾ ਪਿਆ । ਅਲਾਵਲਪੁਰ ਆਦਮਪੁਰ ਰੋਡ 'ਤੇ ਸਥਿਤ ਅੱਡਾ ਮਹਿਮਦਪੁਰ 'ਚ ਕਰਿਆਨਾ ਸਟੋਰ ਨੂੰ ਚੋਰਾਂ ਨੇ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਨਾਕਾਮਯਾਬ ਰਹੇ। ਜਾਣਕਾਰੀ ਦਿੰਦੇ ਹੋਏ ਕਮਲ ਚੋਡਾ ਨੇ ਦੱਸਿਆ ਕਿ ਉਸ ਨੇ ਸਵੇਰੇ ਦੇਖਿਆ ਕਿ ਉਸ ਦੀ ਦੁਕਾਨ ਦੇ ਤਾਲੇ ਟੁੱਟੇ ਹੋਏ ਸਨ। ਚੋਰ ਦੁਕਾਨ ਦਾ ਸ਼ਟਰ ਚੁੱਕਣ ਵਿੱਚ ਕਾਮਯਾਬ ਨਹੀਂ ਹੋ ਸਕੇ ਕਿਉਂਕਿ ਦੁਕਾਨ ਦੇ ਸ਼ਟਰ ਨੂੰ ਸੈਂਟਰ ਲਾਕ ਲੱਗਾ ਹੋਇਆ ਸੀ।

ਅੱਡਾ ਬਿਆਸ ਪਿੰਡ ਰਾਸ਼ਟਰੀ ਰਾਜ ਮਾਰਗ 'ਤੇ ਬੀਤੀ ਰਾਤ ਚੋਰਾਂ ਨੇ ਦੋ ਦੁਕਾਨਾਂ ਦੇ ਸ਼ਟਰ ਤੋੜੇ। ਗੁਰਜੀਤ ਸਿੰਘ ਵਾਸੀ ਬਿਆਸ ਪਿੰਡ ਨੇ ਦੱਸਿਆ ਕਿ ਉਹ ਆਪਣੇ ਘਰ ਸੁੱਤਾ ਪਿਆ ਸੀ ਜਦੋਂ ਤੜਕੇ ਤਿੰਨ ਵਜੇ ਉਸ ਦੀ ਅੱਖ ਖੁੱਲ੍ਹੀ ਤਾਂ ਉਸ ਨੇ ਅਚਾਨਕ ਆਪਣਾ ਮੋਬਾਇਲ ਆਨ ਕੀਤਾ ਅਤੇ ਅੱਡਾ ਬਿਆਸ ਪਿੰਡ ਵਿੱਚ ਆਪਣੀ ਦੁਕਾਨ ਅਤੇ ਮੇਨ ਗੇਟ ਉੱਪਰ ਲੱਗੇ ਹੋਏ ਸੀਸੀਟੀਵੀ ਕੈਮਰੇ ਚੈੱਕ ਕਰਨ ਲੱਗ ਪਿਆ। ਉਸ ਨੇ ਅੱਡੇ ਦੇ ਨੇੜੇ ਇਕ ਕਰਿਆਨਾ ਸਟੋਰ ਦੇ ਸਾਹਮਣੇ ਕੁਝ ਸ਼ੱਕੀ ਲੋਕਾਂ ਨੂੰ ਵੇਖਿਆ ਜਿਨ੍ਹਾਂ ਨੇ ਸ਼ਟਰ ਦੇ ਤਾਲੇ ਤੋੜਨੇ ਸ਼ੁਰੂ ਕਰ ਦਿੱਤੇ। ਉਹ ਜਲਦਬਾਜੀ ਵਿਚ ਉਥੋਂ ਆਪਣੀ ਗੱਡੀ ਲੈ ਕੇ ਅੱਡੇ ਵੱਲ ਨੂੰ ਭੱਜਿਆ ਅਤੇ ਜਦੋਂ ਉਹ ਗੇਟ ਕੋਲ ਪੁੱਜਾ ਤਾਂ ਚੋਰ ਕਰਿਆਨਾ ਸਟੋਰ ਦੇ ਨਾਲ ਖੇਤੀ, ਬੀਜ ਅਤੇ ਦਵਾਈਆਂ ਦੇ ਦਾਰੀ ਖੇਤੀ ਸਟੋਰ ਦੇ ਤਾਲੇ ਤੋੜ ਚੁੱਕੇ ਸਨ। ਉਸ ਦੀ ਗੱਡੀ ਦੀਆਂ ਲਾਈਟਾਂ ਵੇਖ ਕੇ ਚੋਰ ਉਥੇ ਆਪਣਾ ਮੋਟਰਸਾਈਕਲ ਛੱਡ ਕੇ ਭੱਜਣ ਵਿਚ ਕਾਮਯਾਬ ਹੋ ਗਏ। ਪੀੜਤ ਦੁਕਾਨਦਾਰਾਂ ਵੱਲੋਂ ਸਬੰਧਤ ਪੁਲਸ ਚੌਕੀ ਅਲਾਵਲਪੁਰ ਨੂੰ ਸੂਚਿਤ ਕੀਤਾ ਗਿਆ ਹੈ।

# ਮਨਰੇਗਾ ਮਜ਼ਦੂਰਾਂ ਨਾਲ ਕੀਤੀਆਂ ਜਾ ਰਹੀਆਂ ਨੇ ਜ਼ਿਆਦਤੀਆਂ : ਮੁਕੰਦ ਲਾਲ

**ਬਹਿਰਾਮ (ਅਵਤਾਰ ਕਲੇਰ)**

ਪੰਜਾਬ ਖੇਤ ਮਜਦੂਰ ਸਭਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਕਾਮਰੇਡ ਮੁਕੰਦ ਲਾਲ ਤੇ ਜਨਰਲ ਸਕੱਤਰ ਕਾਮਰੇਡ ਰਾਮ ਲਾਲ ਚੱਕਗੁਰੂ ਨੇ ਮਨਰੇਗਾ ਮਜਦੂਰਾਂ ਦੀਆਂ ਸਮੱਸਿਆਵਾਂ ਸਬੰਧੀ ਮਨਰੇਗਾ ਦੇ ਜ਼ਿਲ੍ਹਾ ਵਰਕਸ ਮੈਨੇਜਰ ਜੋਗਾ ਸਿੰਘ ਨੂੰ ਮਿਲ ਕੇ ਜਾਣੂ ਕਰਵਾਉਂਦਿਆਂ ਕਿਹਾ ਕਿ ਪਿੰਡਾਂ ਦੇ ਮਨਰੇਗਾ ਮਜਦੂਰਾਂ ਨਾਲ ਕੁੱਝ ਪਿੰਡਾਂ ਦੇ ਸਰਪੰਚਾਂ ਅਤੇ ਮਨਰੇਗਾ ਕਰਮਚਾਰੀਆਂ ਵਲੋਂ ਬਹੁਤ ਜ਼ਿਆਦਤੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੂੰ ਕਾਨੂੰਨ ਅਨੁਸਾਰ ਸਾਲ ਵਿੱਚ ਸੌ ਦਿਨ ਦਾ ਕੰਮ ਨਹੀਂ ਦਿੱਤਾ ਜਾ ਰਿਹਾ। ਜੇ ਕੰਮ ਦਿੱਤਾ ਤਾਂ ਹਾਜਰੀ ਤਸਦੀਕ ਕਰਨ ਲਈ ਜਬਰਦਸਤੀ ਸਰਪੰਚ ਕੋਲੋਂ ਦਸਤਖਤ ਕਰਵਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਜਦ ਕਿ ਮਨਰੇਗਾ ਕਰਮਚਾਰੀ ਖੁਦ ਹਾਜਰੀ ਤਸਦੀਕ ਕਰਦੇ ਹਨ। ਕੁੱਝ ਪਿੰਡਾਂ ਦੇ ਸਰਪੰਚ ਆਪਣੀ ਮਰਜੀ ਨਾਲ ਆਪਣੇ ਚਹੇਤਿਆਂ ਨੂੰ ਬਿਨਾਂ ਮਹਿਕਮੇ ਤੋਂ ਮਨਜ਼ੂਰੀ ਲਏ ਕੰਮ 'ਤੇ ਲਾ ਲੈਂਦੇ ਹਨ। ਮਨਰੇਗਾ ਕਰਮਚਾਰੀ ਬੇਰੁਜਗਾਰ ਮਜਦੂਰਾਂ ਨੂੰ ਸਰਪੰਚਾਂ ਦੇ ਗੁਲਾਮ ਬਣਾਉਣ ਦਾ ਫਰਜ ਨਿਭਾਉਂਦੇ ਹਨ। ਬੰਗਾ ਬਲਾਕ ਦੇ ਪਿੰਡ ਬੁਰਜ ਕੰਧਾਰੀ ਵਿੱਚ ਮਨਰੇਗਾ ਮਜਦੂਰਾਂ ਦੇ ਕੀਤੇ ਕੰਮ ਦੇ ਪੈਸੇ ਨਹੀਂ ਦਿੱਤੇ ਗਏ, ਜਦ ਕੰਮ ਕਰਨ ਤੋਂ ਬਾਅਦ ਪੰਦਰਾਂ ਦਿਨਾਂ ਵਿੱਚ ਉਜਰਤ ਦੇਣੀ ਬਣਦੀ ਹੈ। ਹਰ ਜਾਬ ਕਾਰਡ ਧਾਰੀ ਮਨਰੇਗਾ ਮਜਦੂਰ ਨੂੰ ਕਾਨੂੰਨ ਅਨੁਸਾਰ ਮੰਗ ਕਰਨ ਤੇ ਸਾਲ ਵਿੱਚ ਸੌ ਦਿਨ ਕੰਮ, ਕੰਮ ਨਾ ਦੇਣ ਤੇ ਅੱਧੀ ਉਜਰਤ ਦੇਣੀ ਲਾਜਮੀ ਹੈ। ਜਦੋਂ ਪੀੜਤ ਮਜਦੂਰ ਇਸ ਮੁੱਦੇ ਸਬੰਧੀ ਬੀ ਡੀ ਪੀ ਓ ਦਫਤਰ ਬੰਗਾ ਦੀ ਏ ਪੀ ਓ ਮੈਡਮ ਮਨਜੀਤ ਕੌਰ ਨਾਲ ਗੱਲ ਕਰਦੇ ਹਨ ਤਾਂ ਉਹ ਮਜਦੂਰਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ।

ਉਨ੍ਹਾਂ ਮੰਗ ਕੀਤੀ ਹੈ ਕਿ ਕਾਨੂੰਨ ਅਨੁਸਾਰ ਹਰ ਜਾਬ ਕਾਰਡ ਧਾਰੀ ਨੂੰ ਸਾਲ ਵਿੱਚ ਸੌ ਦਿਨ ਦਾ ਕੰਮ ਲਾਜਮੀ ਦਿੱਤਾ ਜਾਵੇ। ਮਸਟਰੋਲ ਤਿਆਰ ਕਰਨ ਤੋਂ ਪਹਿਲਾਂ ਕੰਮ ਦੇਣ ਤੋਂ ਪੰਚਾਇਤਾਂ ਨੂੰ ਰੋਕਿਆ ਜਾਵੇ। ਹਾਜਰੀ ਦੀ ਜ਼ਿੰਮੇਵਾਰੀ ਨਰੇਗਾ ਕਰਮਚਾਰੀ ਦੀ ਫਿਕਸ ਕੀਤੀ ਜਾਵੇ। ਇਸ ਤੇ ਜੋਗਾ ਸਿੰਘ ਨੇ ਵਿਸਵਾਸ ਦਿਵਾਇਆ ਕਿ ਹਰ ਤਰ੍ਹਾਂ ਮਨਰੇਗਾ ਕਾਨੂੰਨ ਦੀ ਪਾਲਣਾ ਕੀਤੀ ਜਾਵੇਗੀ। ਉਨ੍ਹਾਂ ਮੌਕੇ 'ਤੇ ਹੀ ਸਬੰਧਤ ਕਰਮਚਾਰੀਆਂ ਤੋਂ ਫੋਨ ਰਾਹੀਂ ਜਾਣਕਾਰੀ ਲੈ ਕੇ ਉਨ੍ਹਾਂ ਨੂੰ ਕਾਨੂੰਨ ਦੀ ਪਾਲਣਾ ਕਰਨ ਲਈ ਹਦਾਇਤ ਕਰ ਦਿੱਤੀ।

# ਸਰਕਾਰ ਚੋਣਾਂ ਤੋਂ ਪਹਿਲਾਂ ਦਿੱਤੀਆਂ ਹੋਈਆਂ ਗਰੰਟੀਆਂ ਦੇ ਮਹਿਲ ਖੁਦ ਹੀ ਢਾਹੁਣ ਲੱਗੀ : ਗੌਰਮਿੰਟ ਟੀਚਰਜ਼ ਯੂਨੀਅਨ

**ਮਹਿਤਪੁਰ (ਰਾਜਾ)**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ (ਵਿਗਿਆਨਕ) ਵੱਲੋਂ ਪੰਜਾਬ ਵਿੱਚ ਆਮ ਆਦਮੀ ਸਰਕਾਰ ਵੱਲੋਂ, ਕੇਂਦਰ ਵਿਚਲੀ ਭਾਜਪਾ ਸਰਕਾਰ ਵੱਲੋਂ ਪ੍ਰਵਾਨਿਤ ਕੇਂਦਰੀ ਸਿੱਖਿਆ ਨੀਤੀ 2020 ਨੂੰ ਲੁਕਵੇਂ ਤਰੀਕੇ ਨਾਲ ਬੜੀ ਕਾਹਲੀ ਵਿੱਚ ਲਾਗੂ ਕਰਨ ਦੇ ਏਜੰਡੇ ਨੂੰ ਪੰਜਾਬੀਆਂ ਨਾਲ ਸਰਾਸਰ ਧੋਖਾ ਕਰਾਰ ਦਿੰਦਿਆਂ ਕਿਹਾ ਕਿ ਸਰਕਾਰ ਚੋਣਾਂ ਤੋਂ ਪਹਿਲਾਂ ਦਿੱਤੀਆਂ ਹੋਈਆਂ ਗਰੰਟੀਆਂ ਦੇ ਮਹਿਲ ਖੁਦ ਹੀ ਢਾਹੁਣ ਲੱਗ ਪਈ ਹੈ। ਸੂਬਾਈ ਆਗੂਆਂ ਪ੍ਰਧਾਨ ਨਵਪ੍ਰੀਤ ਬੱਲੀ, ਮੀਤ ਪ੍ਰਧਾਨ ਜਗਦੀਪ ਸਿੰਘ ਜੌਹਲ, ਸੁਰਿੰਦਰ ਕੰਬੋਜ (ਕਨਵੀਨਰ ਸਾਂਝਾ ਅਧਿਆਪਕ ਮੋਰਚਾ ਪੰਜਾਬ), ਸੋਮ ਸਿੰਘ, ਬਿਕਰਮਜੀਤ ਸ਼ਾਹ, ਐਨ ਡੀ ਤਿਵਾੜੀ, ਗੁਰਜੀਤ ਸਿੰਘ ਕੁੰਭੜਾ, ਜਤਿੰਦਰ ਸਿੰਘ ਸੋਨੀ, ਸੁੱਚਾ ਸਿੰਘ, ਕੰਵਲਜੀਤ ਸੰਗੋਵਾਲ, ਪ੍ਰਗਟ ਸਿੰਘ ਜੰਬਰ, ਜਗਤਾਰ ਖਮਾਣੋ, ਰਘਬੀਰ ਬੱਲ, ਲਾਲ ਚੰਦ, ਅਸ਼ਵਨੀ ਕੁਮਾਰ, ਜਰਨੈਲ ਸਿੰਘ ਆਦਿ ਨੇ ਕਿਹਾ ਕਿ ਸਰਕਾਰ ਨੇ ਹਿਮਾਚਲ ਚੋਣਾਂ ਤੋਂ ਵਿਹਲੇ ਹੋ ਕੇ ਆਪਣਾ ਅਸਲ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਪਹਿਲੇ ਪੜਾਅ ਅਧੀਨ ਹਰੇਕ ਜ਼ਿਲੇ ਦੇ ਹਰੇਕ ਬਲਾਕ ਵਿੱਚੋਂ 2-2 ਸਕੂਲਾਂ ਨੂੰ ਪੀ. ਐੱਮ. ਸ਼੍ਰੀ ਸਕੂਲ ਸਕੀਮ ਅਧੀਨ ਲਿਆ ਕੇ ਨਵੀਂ ਸਿੱਖਿਆ ਨੀਤੀ ਨੂੰ ਲਾਗੂ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ ਜੋ ਕਿ ਸਕੂਲਾਂ ਅਤੇ ਸਿੱਖਿਆ ਦਾ ਉਜਾੜਾ ਕਰੇਗੀ ਅਤੇ ਇਸ ਸਕੀਮ ਨੂੰ ਲਾਗੂ ਕਰਨ ਲਈ ਹਰੇਕ ਜ਼ਿਲ੍ਹੇ ਦੇ 25- 30% ਸਕੂਲਾਂ ਨੂੰ ਇਹ ਡੈਟਾ ਭਰਨ ਲਈ ਕਿਹਾ ਗਿਆ ਹੈ। ਕਈ ਜ਼ਿਲ੍ਹਿਆਂ ਅੰਦਰ ਤਾਂ ਸਕੂਲ ਮੁਖੀਆਂ ਨੂੰ ਦੋ ਦਿਨਾਂ ਦੇ ਅੰਦਰ-ਅੰਦਰ ਲੋੜੀਂਦੀ ਆਨ-ਲਾਈਨ ਅੱਪਡੇਟ ਕਰਨ ਲਈ ਵੀ ਕਹਿ ਦਿੱਤਾ ਹੈ। ਦੂਸਰੇ ਪਾਸੇ ਸਰਕਾਰ ਨੇ ਬੀ ਪੀ ਈ ਓਜ਼ ਦੀਆਂ ਤਰੱਕੀਆਂ ਬਿਨਾਂ ਵਜ੍ਹਾ ਰੋਕ ਲਈਆਂ ਹਨ, ਇੱਥੋਂ ਤੱਕ ਕਿ ਅਧਿਆਪਕ ਜਥੇਬੰਦੀਆਂ ਵੱਲੋਂ ਵਾਰ-ਵਾਰ ਮੰਗ ਕਰਨ ਤੇ ਵੀ ਡੀ-ਬਾਰ ਹੋਏ ਬੀ ਪੀ ਈ ਓਜ਼ ਦੀ ਥਾਂ 'ਤੇ ਤਰੱਕੀਆਂ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ । ਚੇਤੇ ਰਹੇ ਕਿ ਅਧਿਆਪਕ ਜਥੇਬੰਦੀਆਂ ਅਨੁਸਾਰ ਇਸ ਨਵੀਂ ਸਿੱਖਿਆ ਨੀਤੀ ਨਾਲ ਸਰਕਾਰ ਸਕੂਲਾਂ ਨੂੰ ਵੇਚੇਗੀ, ਵਿਭਾਗ ਅਤੇ ਅਸਾਮੀਆਂ ਦੀ ਅਕਾਰ ਘਟਾਈ ਹੋਵੇਗੀ, ਤਰੱਕੀਆਂ ਦੇ ਮੌਕੇ ਖਤਮ ਹੋਣਗੇ ਅਤੇ ਸਕੂਲ ਸਿੱਖਿਆ ਦਾ ਸਿਲੇਬਸ ਵੀ ਸਕੂਲ ਮੈਨੇਜਮੈਂਟ ਮੁਤਾਬਿਕ ਢਾਲਿਆ ਜਾ ਸਕੇਗਾ, ਨਿਚੋੜ ਇਹ ਕਿ ਕਾਰਪੋਰੇਟ ਪੱਖੀ ਇਹ ਨੀਤੀ ਸਿੱਖਿਆ ਦਾ ਉਜਾੜਾ ਅਤੇ ਭਗਵਾਂਕਰਨ ਕਰੇਗੀ। ਆਗੂਆਂ ਨੇ ਆਪ ਸਰਕਾਰ ਨੂੰ ਕਿਹਾ ਕਿ ਉਹ ਆਪਣੇ ਚੋਣ ਮਨੋਰਥ ਪੱਤਰ ਅਨੁਸਾਰ ਦਿੱਤੀਆਂ ਗਈਆਂ ਗਾਰੰਟੀਆਂ ਪੂਰੀਆਂ ਕਰਨ ਦਾ ਕੰਮ ਸ਼ੁਰੂ ਕਰੇ ਨਾ ਕਿ ਸਿੱਖਿਆ ਢਾਂਚੇ ਨੂੰ ਤਹਿਸ ਨਹਿਸ ਕਰਨ ਦਾ ਕੰਮ ਕਰੇ। ਅਧਿਆਪਕ ਆਗੂਆਂ ਇਤਬਾਰ ਸਿੰਘ, ਕੇਵਲ ਸਿੰਘ, ਕਮਲਜੀਤ ਸਿੰਘ, ਸੰਦੀਪ ਸਿੰਘ ਬਦੇਸ਼ਾ, ਰਸ਼ਮਿੰਦਰ ਸੋਨੂੰ ਗੁਰਪ੍ਰੀਤ ਸਿੰਘ ਅਵਨੀਸ਼ ਕਲਿਆਣ ਗੁਰਮੀਤ ਸਿੰਘ ਖਾਲਸਾ, ਕਮਲ ਕੁਮਾਰ, ਭਾਰਤ ਭੂਸ਼ਨ, ਇੰਦਰਜੀਤ ਸਿੰਗਲਾ, ਅਨੂਪ ਕੁਮਾਰ, ਰੋਹਿਤ ਕੁਮਾਰ, ਰਾਜਵਿੰਦਰ ਸਿੰਘ ਛੀਨਾ ,ਰਣਜੀਤ ਸਿੰਘ, ਹਰਿੰਦਰਪਾਲ ਸਿੰਘ ਆਦਿ ਨੇ ਕਿਹਾ ਕਿ ਉਹ ਸਰਕਾਰ ਦੀ ਇਸ ਸਰਾਰਤ ਭਰੀ ਨੀਤੀ ਦਾ ਵਿਰੋਧ ਕਰਨਗੇ ਤਾਂ ਜੋ ਸਰਕਾਰ ਸਿੱਖਿਆ ਵਿਭਾਗ ਦਾ ਉਜਾੜਾ ਨਾ ਕਰ ਸਕੇ ਅਤੇ ਸਿੱਖਿਆ ਵਿਭਾਗ ਪੰਜਾਬ ਦੀ ਅਹਿਮੀਅਤ ਬਣੀ ਰਹੇ ਉਹਨਾਂ ਸਰਕਾਰ ਨੂੰ ਈਟੀਟੀ ਕਾਡਰ ਤੋਂ ਮਾਸਟਰ ਕਾਡਰ, ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ, ਲੈਕਚਰਾਰ ਕਾਡਰ ਤੋਂ ਪ੍ਰਿੰਸੀਪਲ ਕਾਡਰ ਅਤੇ ਬੀ ਪੀ ਈ ਓਜ਼ ਦੀਆਂ ਤਰੱਕੀਆਂ ਛੇਤੀ ਤੋਂ ਛੇਤੀ ਕਰਨ ਦੀ ਅਪੀਲ ਵੀ ਕੀਤੀ ਅਤੇ ਬਦਲੀਆਂ ਵਿੱਚ ਹਰ ਤਰ੍ਹਾਂ ਦੀਆਂ ਪੋਸਟਾਂ ਪੋਰਟਲ ਉਪਰ ਦਰਸਾਉਣ (ਜਿਵੇਂ ਕਿ ਸੰਗੀਤ ਅਧਿਆਪਕਾਂ/ਤਬਲਾਵਾਦਕ ਦੀਆਂ ਪੋਸਟਾਂ ਸਾਰੇ ਜ਼ਿਲ੍ਹਿਆਂ ਵਿੱਚ ਪੋਰਟਲ ਉਪਰ ਨਹੀਂ ਦਰਸਾਈਆਂ ਜਾ ਰਹੀਆਂ) ਨੂੰ ਪੋਰਟਲ ਉਪਰ ਦਰਸਾਉਣ ਅਤੇ ਆਪਣੀਆਂ ਆਨਲਾਈਨ ਹੋਈਆਂ ਬਦਲੀਆਂ ਰੱਦ ਕਰਵਾਉਣ ਦੇ ਚਾਹਵਾਨ ਅਧਿਆਪਕਾਂ ਲਈ ਈ-ਪੋਰਟਲ ਖੋਲ੍ਹਣ ਸਮੇਤ ਸੂਬਾ ਸਰਕਾਰ ਨੂੰ ਕੇਂਦਰੀ ਸਿੱਖਿਆ ਨੀਤੀ ਖਿਲਾਫ ਡਟਣ ਦੀ ਅਪੀਲ ਵੀ ਕੀਤੀ ।

# 25 ਲੱਖ ਲਾਇਆ ਕਿਸੇ ਕੰਮ ਨਾ ਆਇਆ

**ਫਿਲੌਰ (ਨਿਰਮਲ)**

ਯਸ਼ਪਾਲ ਗਿੰਡਾ ਐਮ ਸੀ ਫਿਲੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਫਿਲੌਰ ਦੇ ਮੁਹੱਲਾ ਰਵਿਦਾਸਪੁਰਾ ਨੂਰਮਹਿਲ ਰੋਡ ਤੇ ਨਗਰ ਕੌਂਸਲ ਫਿਲੌਰ ਵਲੋਂ 25 ਲੱਖ ਰੁਪਏ ਦੀ ਲਾਗਤ ਨਾਲ ਸੀ ਸੀ ਟੀਵੀ ਕੈਮਰੇ ਲਗਾਏ ਸਨ ਜੋ ਅੱਜ ਕੱਲ੍ਹ ਬੰਦ ਪਏ ਹਨ। ਕਈ ਵਾਰ ਮੁਹੱਲਾ ਨਿਵਾਸੀ ਇਸ ਸਬੰਧ ਵਿੱਚ ਸ਼ਿਕਾਇਤ ਨਗਰ ਕੌਂਸਲ ਕੋਲ ਕਰ ਚੁੱਕੇ ਹਨ ਪਰ ਜਲਦੀ ਠੀਕ ਕਰ ਦਿੱਤੇ ਜਾਣਗੇ ਕਹਿ ਕੇ ਟਾਲ ਮਟੋਲ ਕੀਤਾ ਜਾ ਰਿਹਾ ਹੈ। ਇਹ ਵੀ ਦੱਸਿਆ ਕਿ ਇਸ ਇਲਾਕੇ ਵਿਚ 19 ਕੈਮਰੇ ਬੰਦ ਪਏ ਹਨ। ਰਾਤ ਵੇਲੇ ਸੜਕ 'ਤੇ ਹਨੇਰਾ ਹੋ ਜਾਂਦਾ ਹੈ। ਬੀਤੀ ਰਾਤ ਇਕ ਟਰੱਕ ਵਾਲਾ ਇਕ ਲੜਕੇ ਨੂੰ ਟੱਕਰ ਮਾਰ ਕੇ ਫ਼ਰਾਰ ਹੋ ਗਿਆ। ਰਾਕੇਸ਼ ਲਾਲੀ ਪੁੱਤਰ ਹੁਸਨ ਲਾਲ ਵਾਸੀ ਨੂਰਮਹਿਲ ਜੋ ਕਿ ਗੰਭੀਰ ਜ਼ਖ਼ਮੀ ਹੋ ਗਿਆ ਦੇ ਪਿਤਾ ਹੁਸਨ ਲਾਲ ਨੇ ਦੱਸਿਆ ਕਿ ਜੇਕਰ ਕੈਮਰੇ ਚੱਲਦੇ ਹੁੰਦੇ ਤਾਂ ਟੱਕਰ ਦਾ ਪਤਾ ਥਾਂ ਲੱਗ ਸਕਦਾ ਸੀ।



29/9/22 ਨੂੰ ਇਸ ਮੁਹੱਲੇ ਵਿੱਚ ਚੋਰੀ ਹੋ ਗਈ ਚੋਰ ਘਰ ਦਾ ਸਾਰਾ ਸਾਮਾਨ ਆਧਾਰ ਕਾਰਡ ਰਾਸ਼ਨ ਕਾਰਡ ਵੀ ਲੈ ਗਏ। ਘਰ ਦੀ ਮਾਲਕਣ ਬੀਬੀ ਸਰਬਜੀਤ ਕੌਰ ਨੇ ਦੱਸਿਆ ਕਿ ਜਦੋਂ ਅਸੀਂ ਕਿਸੇ ਜ਼ਰੂਰੀ ਕੰਮ ਲਈ ਸਰਕਾਰੀ ਦਫਤਰ ਵਿੱਚ ਜਾਂਦੇ ਹਾਂ ਤਾਂ ਆਧਾਰ ਕਾਰਡ ਮੰਗਦੇ ਹਨ ਜੋ ਚੋਰ ਲੈ ਗਏ। ਸਰਕਾਰੀ ਦਫਤਰ ਵਾਲੇ ਕਹਿ ਰਹੇ ਹਨ ਕਿ ਐਫਆਈਆਰ ਦੀ ਕਾਪੀ ਲਿਆਓ ਜੋ ਪੁਲਸ ਵਾਲਿਆਂ ਅੱਜ ਤੱਕ ਨਹੀਂ ਦਿੱਤੀ। ਇਨ੍ਹਾਂ ਕੈਮਰਿਆਂ ਠੀਕ ਨਾ ਕਰਨ ਸੰਬੰਧੀ ਜਦੋਂ ਗੱਲ ਈ ਓ ਨਗਰ ਕੌਂਸਲ ਫਿਲੌਰ ਨਾਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਜਿਸ ਕੰਪਨੀ ਨੇ ਲਗਾਏ ਹਨ ਉਸ ਨੂੰ ਜਲਦੀ ਠੀਕ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਵਿਸ਼ਵਾਸ ਵੀ ਦਿਵਾਇਆ ਕਿ ਕੈਮਰੇ ਛੇਤੀ ਠੀਕ ਕਰ ਦਿੱਤੇ ਜਾਣਗੇ ਕੰਪਨੀ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਗਿਆ ਹੈ।

# ਗੁਣਵੱਤਾ ਤੇ ਸ਼ੁੱਧਤਾ ਪੱਖੋਂ ਮਾਰਕਫ਼ੈਡ ਦੇ ਉਤਪਾਦ ਆਲ੍ਹਾ ਦਰਜੇ ਦੇ : ਲਾਲ ਚੰਦ ਕਟਾਰੂਚੱਕ

**ਆਦਮਪੁਰ (ਪਰਮਜੀਤ ਸਿੰਘ)**

ਪੰਜਾਬ ਦੇ ਖ਼ੁਰਾਕ, ਸਪਲਾਈ ਅਤੇ ਖ਼ਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਨੇੜਲੇ ਪਿੰਡ ਚੂਹੜਵਾਲੀ ਵਿਖੇ ਮਾਰਕਫ਼ੈਡ ਕੈਨਰੀਜ਼ ਵਿੱਚ 69ਵੇਂ ਸਰਬ ਭਾਰਤੀ ਸਹਿਕਾਰੀ ਹਫ਼ਤੇ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਮਾਰਕਫ਼ੈਡ ਵਲੋਂ ਤਿਆਰ ਉਤਪਾਦ ਗੁਣਵੱਤਾ ਅਤੇ ਸ਼ੁੱਧਤਾ ਪੱਖੋਂ ਆਲ੍ਹਾ ਦਰਜੇ ਦੇ ਹਨ ਅਤੇ ਲੋਕਾਂ ਨੂੰ ਇਨ੍ਹਾਂ ਸਿਹਤਮੰਦ ਉਤਪਾਦਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਦਾ ਸੱਦਾ ਦਿੱਤਾ। ਸਹਿਕਾਰਤਾ ਲਹਿਰ ਨੂੰ ਹੁਲਾਰਾ ਦੇਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਮਾਰਕਫ਼ੈਡ ਦੇ ਉਤਪਾਦਾਂ ਨੂੰ ਵੱਖ-ਵੱਖ ਮੁਲਕਾਂ ਵਿੱਚ ਹੋਰ ਵੱਡੇ ਪੱਧਰ 'ਤੇ ਬਰਾਮਦ ਕਰਵਾਉਣ ਲਈ ਯਤਨਸ਼ੀਲ ਹੋਣ ਦੇ ਨਾਲ-ਨਾਲ ਆਉਂਦੇ ਸਮੇਂ ਵਿੱਚ ਸੂਬੇ ਅੰਦਰ ਆਮ ਥਾਵਾਂ 'ਤੇ ਵੀ ਇਨ੍ਹਾਂ ਉਤਪਾਦਾਂ ਦੀ ਉਪਲਬੱਧਤਾ ਕਰਵਾਉਣ ਜਾ ਰਹੀ ਹੈ ਤਾਂ ਜੋ ਲੋਕਾਂ ਨੂੰ ਇਹ ਉਤਪਾਦ ਸਹਿਜੇ ਹੀ ਪ੍ਰਾਪਤ ਹੋ ਸਕਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਸਹਿਕਾਰਤਾ ਖੇਤਰ ਵਿੱਚ ਵਪਾਰ ਨੂੰ ਵਧਾਉਣ ਦੀ ਦਿਸ਼ਾ ਵਿੱਚ ਉਪਰਾਲੇ ਹੋ ਰਹੇ ਹਨ ਤਾਂ ਜੋ ਖੇਤੀ ਅਤੇ ਡੇਅਰੀ ਧੰਦੇ ਨਾਲ ਜੁੜੇ ਲੋਕਾਂ ਨੂੰ ਸਹਿਕਾਰਤਾ ਨਾਲ ਜੋੜਕੇ ਉਤਪਾਦਾਂ ਦੀ ਵਿਕਰੀ ਤੋਂ ਇਲਾਵਾ ਉਨ੍ਹਾਂ ਦੀ ਆਮਦਨੀ ਵਿੱਚ ਵੀ ਵਾਧਾ ਕੀਤਾ ਜਾ ਸਕੇ। ਮਾਰਕਫ਼ੈਡ ਦੇ ਸ਼ਹਿਦ ਦੀ ਬੀਤੇ ਸਮੇਂ ਵਿੱਚ ਸ਼ਲਾਘਾਯੋਗ ਗੁਣਵੱਤਾ ਦੀ ਗੱਲ ਕਰਦਿਆਂ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਇਸ ਅਦਾਰੇ ਵਲੋਂ ਰੋਜ਼ਮਰਾ ਦੀ ਜਿੰਦਗੀ ਵਿੱਚ ਘਰੇਲੂ ਵਰਤੋਂ ਵਾਲੇ ਉਤਪਾਦ ਮਾਰਕਿਟ ਵਿੱਚ ਉਤਾਰੇ ਹਨ ਅਤੇ ਆਉਂਦੇ ਸਮੇਂ ਵਿੱਚ ਇਨ੍ਹਾਂ ਦਾ ਦਾਇਰਾ ਹੋਰ ਵਿਸ਼ਾਲ ਕੀਤਾ ਜਾ ਰਿਹਾ ਹੈ। ਵਿਸ਼ੇਸ਼ ਮੁੱਖ ਸਕੱਤਰ ਸਹਿਕਾਰਤਾ ਰਵਨੀਤ ਕੌਰ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਸਹਿਕਾਰੀ ਸੰਸਥਾਵਾਂ ਵਲੋਂ ਤੈਅ ਟੀਚੇ ਹਾਸਿਲ ਕੀਤੇ ਜਾ ਰਹੇ ਹਨ ਅਤੇ ਆਉਂਦੇ ਸਮੇਂ ਵਿੱਚ ਇਨ੍ਹਾਂ ਸੰਸਥਾਵਾਂ ਦਾ ਹੋਰ ਵਿਕਾਸ ਅਤੇ ਆਮਦਨੀ ਵਿੱਚ ਚੋਖਾ ਵਾਧਾ ਹੋਵੇਗਾ। ਐਮ.ਡੀ.ਮਾਰਕਫ਼ੈਡ ਰਾਮਵੀਰ ਨੇ ਕਿਹਾ ਕਿ 20 ਨਵੰਬਰ ਤੱਕ ਮਨਾਏ ਜਾ ਰਹੇ ਸਹਿਕਾਰੀ ਹਫ਼ਤੇ ਦੌਰਾਨ ਵੱਖ-ਵੱਖ ਵਿਸ਼ਿਆਂ ਨੂੰ ਛੋਹੰਦਿਆਂ ਸਹਿਕਾਰਤਾ ਨਾਲ ਜੁੜੇ ਸਾਰੇ ਭਾਈਵਾਲਾਂ ਦੇ ਸਮੁੱਚੇ ਵਿਕਾਸ ਦੀ ਲੋੜ 'ਤੇ ਜ਼ੋਰ ਦਿੱਤਾ ਜਾਵੇਗਾ। ਰਜਿਸਟਰਾਰ ਸਹਿਕਾਰੀ ਸਭਾਵਾਂ ਵਿਮਲ ਕੁਮਾਰ ਸੇਤੀਆ ਨੇ ਸਹਿਕਾਰਤਾ ਦੇ ਮੁੱਢ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਚਾਨਣਾ ਪਾਉਂਦਿਆਂ ਕਿਸਾਨਾਂ ਅਤੇ ਡੇਅਰੀ ਉਤਪਾਦਕਾਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਿਹਨਤ ਸਦਕਾ ਭਾਰਤ ਵਿੱਚ ਸਹਿਕਾਰਤਾ ਹਮੇਸ਼ਾ ਬੁਲੰਦੀਆਂ 'ਤੇ ਰਹੇਗੀ। ਮਾਰਕਫ਼ੈਡ ਦੇ ਡਾਇਰੈਕਟਰ ਟਹਿਲ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਹਿਕਾਰੀ ਸੰਸਥਾਵਾਂ ਰਾਹੀਂ ਸਰੋਂ ਦੀ ਫ਼ਸਲ ਦੀ ਪ੍ਰੋਸੈਸਿੰਗ ਵੱਲ ਵਿਸ਼ੇਸ਼ ਤਵੱਜੋਂ ਦਿੱਤੀ ਜਾ ਰਹੀ ਹੈ ਜਿਸ ਦੇ ਸਾਰਥਕ ਸਿੱਟੇ ਆਉਂਦੇ ਸਮੇਂ ਵਿੱਚ ਦੇਖਣ ਨੂੰ ਮਿਲਣਗੇ। ਸਹਿਕਾਰਤਾ ਹਫ਼ਤੇ ਦੀ ਸ਼ੁਰੂਆਤ ਮੌਕੇ ਲਾਲ ਚੰਦ ਕਟਾਰੂਚੱਕ ਵਲੋਂ ਅਧਿਕਾਰੀਆਂ ਸਮੇਤ ਸਹਿਕਾਰੀ ਸੰਸਥਾਵਾਂ ਵਲੋਂ ਲਗਾਏ ਗਏ ਵੱਖ-ਵੱਖ ਉਤਪਾਦਾਂ ਵਾਲੇ ਸਟਾਲਾਂ ਦਾ ਦੌਰਾ ਕਰਕੇ ਉਥੇ ਮੌਜੂਦ ਅਧਿਕਾਰੀਆਂ ਤੋਂ ਇਨ੍ਹਾਂ ਉਤਪਾਦਾਂ ਬਾਰੇ ਜਾਣਕਾਰੀ ਵੀ ਹਾਸਿਲ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਤੋਂ ਇਲਾਵਾ ਚੀਫ਼ ਮੈਨੇਜਰ ਪ੍ਰੋਸਨਲ ਰਾਕੇਸ਼ ਕੁਮਾਰ ਪੋਪਲੀ, ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਸਰਬਜੀਤ ਕੌਰ, ਡਿਪਟੀ ਰਜਿਸਟਰਾਰ ਡਾ.ਜਗਜੀਤ ਸਿੰਘ, ਚੀਫ਼ ਮੈਨੇਜਰ ਐਕਸਪੋਰਟ ਐਚ.ਐਸ.ਬੈਂਸ ਤੋਂ ਇਲਾਵਾ ਸਹਿਕਾਰਤਾ ਲਹਿਰ ਨਾਲ ਜੁੜੇ ਕਿਸਾਨ, ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਨੁਮਾਇੰਦੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਆਦਮਪੁਰ ਏਅਰਪੋਰਟ ਦੇ ਟਰਮੀਨਲ 'ਤੇ ਬਾਕੀ ਰਹਿੰਦੇ ਕੰਮ 'ਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਅੱਜ ਅਧਿਕਾਰੀਆਂ ਨੂੰ ਆਦਮਪੁਰ ਸਿਵਲ ਏਅਰਪੋਰਟ ਟਰਮੀਨਲ ਦੇ ਚੱਲ ਰਹੇ ਪ੍ਰਾਜੈਕਟ ਦੀ ਰਫ਼ਤਾਰ ਨੂੰ ਸਮਾਂਬੱਧ ਅਤੇ ਨਤੀਜਾਮੁਖੀ ਤਰੀਕੇ ਨਾਲ ਤੇਜ਼ ਕਰਨ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਲੋਕਾਂ ਨੂੰ ਇਸ ਹਵਾਈ ਅੱਡੇ 'ਤੇ ਅਤਿ-ਆਧੁਨਿਕ ਸਹੂਲਤਾਂ ਮਿਲ ਸਕਣ।ਏਅਰਪੋਰਟ ਟਰਮੀਨਲ ਦੇ ਦੌਰੇ ਦੌਰਾਨ ਡਿਪਟੀ ਕਮਿਸ਼ਨਰ ਨੇ ਸਮਰੱਥ ਏਅਰ ਫੋਰਸ ਅਥਾਰਟੀ ਪਾਸ ਲੰਬਿਤ ਕੰਮਕਾਜੀ ਪ੍ਰਵਾਨਗੀ ਦਾ ਮਾਮਲਾ ਉਠਾਇਆ ਤਾਂ ਜੋ ਟਰਮੀਨਲ ਨਾਲ ਜੁੜੇ ਟੈਕਸੀ ਟਰੈਕ ਦੀ ਉਸਾਰੀ ਦਾ ਕੰਮ ਜਲਦ ਤੋਂ ਜਲਦ ਸ਼ੁਰੂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਸਬੰਧੀ 4.80 ਕਰੋੜ ਰੁਪਏ ਦਾ ਕੰਮ ਅਲਾਟ ਕੀਤਾ ਜਾ ਚੁੱਕਾ ਹੈ, ਜੋ ਏਅਰ ਫੋਰਸ ਅਥਾਰਟੀ ਤੋਂ ਮਨਜ਼ੂਰੀ ਲੈਣ ਤੋਂ ਬਾਅਦ ਹੀ ਸ਼ੁਰੂ ਕੀਤਾ ਜਾ ਸਕਦਾ ਹੈ ਡਿਪਟੀ ਕਮਿਸ਼ਨਰ, ਜਿਨ੍ਹਾਂ ਨਾਲ ਸਹਾਇਕ ਡਾਇਰੈਕਟਰ ਆਦਮਪੁਰ ਏਅਰਪੋਰਟ ਕਮਲਜੀਤ ਕੌਰ ਮੌਜੂਦ ਸਨ, ਨੇ ਦੱਸਿਆ ਕਿ 125 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਆਦਮਪੁਰ ਸਿਵਲ ਏਅਰਪੋਰਟ ਦੀ ਉਸਾਰੀ ਦਾ ਕੰਮ ਆਖ਼ਰੀ ਪੜਾਅ 'ਤੇ ਹੈ ਅਤੇ ਬਾਕੀ ਰਹਿੰਦੇ ਕੰਮਾਂ ਨੂੰ ਨਿਰਧਾਰਤ ਸਮਾਂ ਸੀਮਾ ਵਿੱਚ ਪੂਰਾ ਕਰ ਲਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਏਅਰਪੋਰਟ ਨੂੰ ਜਾਂਦੀ ਸੜਕ (ਅਪਰੋਚ ਰੋਡ) ਨੂੰ ਚੌੜਾ ਕਰਨ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਲੈਂਡ ਐਕੂਜ਼ੀਸ਼ਨ ਕੁਲੈਕਟਰ ਆਦਮਪੁਰ ਨੂੰ ਪਿੰਡ ਦਮੁੰਡਾ ਅਤੇ ਕੰਦੋਲਾ ਵਿੱਚ ਜ਼ਮੀਨ ਐਕਵਾਇਰ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਲਈ ਕਿਹਾ। ਯਾਤਰੀਆਂ ਨੂੰ ਆਦਮਪੁਰ ਹਵਾਈ ਅੱਡੇ ਤੱਕ ਨਿਰਵਿਘਨ ਪਹੁੰਚ ਪ੍ਰਦਾਨ ਕਰਨ ਲਈ 41.40 ਕਰੋੜ ਰੁਪਏ ਦੀ ਲਾਗਤ ਨਾਲ ਸੜਕ ਨੂੰ ਚਹੁੰ-ਮਾਰਗੀ ਕਰਕੇ ਚੌੜਾ ਕੀਤਾ ਜਾਵੇਗਾ । ਇਸ ਦੌਰਾਨ ਉਨ੍ਹਾਂ ਵੱਲੋਂ ਉਸਾਰੀ ਵਾਲੀ ਥਾਂ ਦਾ ਦੌਰਾ ਵੀ ਕੀਤਾ ਗਿਆ ਅਤੇ ਮੌਕੇ 'ਤੇ ਸਬੰਧਤ ਅਧਿਕਾਰੀਆਂ ਨੂੰ ਬਕਾਇਆ ਪਏ ਕੰਮ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਹਵਾਈ ਅੱਡੇ ਦੇ ਡਰੇਨੇਜ ਸਿਸਟਮ ਨੂੰ ਲੋੜ ਅਨੁਸਾਰ ਮੇਨ ਲਾਈਨ ਨਾਲ ਜੋੜਨ ਲਈ ਕਿਹਾ। ਉਨ੍ਹਾਂ ਸਪੱਸ਼ਟ ਕਿਹਾ ਕਿ ਇਸ ਪ੍ਰਾਜੈਕਟ ਵਿੱਚ ਕਿਸੇ ਵੀ ਤਰ੍ਹਾਂ ਦੀ ਬੇਲੋੜੀ ਦੇਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਕਿਉਂਕਿ ਇਸ ਸਿਵਲ ਹਵਾਈ ਅੱਡੇ ਨਾਲ ਨਾ ਸਿਰਫ਼ ਜਲੰਧਰ ਸਗੋਂ ਸਮੁੱਚੇ ਦੁਆਬਾ ਖੇਤਰ ਦੇ ਲੋਕਾਂ ਨੂੰ ਫਾਇਦਾ ਹੋਵੇਗਾ।

# ਸਰਕਾਰੀ ਐਲੀਮੈਂਟਰੀ ਸਕੂਲ ਸਪਰੋੜ ਵਿਖੇ ਬਾਲ ਮੇਲਾ ਕਰਵਾਇਆ

**ਜਲੰਧਰ (ਰਾਜੇਸ਼ ਥਾਪਾ)**-ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਸਪਰੌੜ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ ਨੰਦਾ ਭਾਰਦਵਾਜ ਬਲਾਕ ਪ੍ਰਾਇਮਰੀ ਸਿੱਖਿਆ ਸੰਜੀਵ ਕੁਮਾਰ ਦੀਆਂ ਹਦਾਇਤਾਂ ਅਨੁਸਾਰ ਬਾਲ ਮੇਲਾ ਕਰਾਵਾਇਆ ਗਿਆ। ਮੁੱਖ ਮਹਿਮਾਨ ਵੱਜੋਂ ਸੁਰਿੰਦਰ ਕੌਰ ਐਨ ਆਰ ਆਈ ਸ਼ਾਮਿਲ ਹੋਏ। ਸਕੂਲ ਦੇ ਮੁੱਖ ਅਧਿਆਪਕ ਮਾਸਟਰ ਗਣੇਸ਼ ਭਗਤ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਮਨਦੀਪ ਸਿੰਘ ਤੇ ਐਸ ਐਮ ਸੀ ਦੇ ਮੈਂਬਰ ਕੇਵਲ ਕਿਸ਼ੋਰ ਰੱਲ ਨੇ ਸਵਾਗਤ ਕੀਤਾ। ਗਣੇਸ਼ ਭਗਤ ਨੇ ਬੱਚਿਆਂ ਨੂੰ ਬਾਲ ਦਿਵਸ ਦੀ ਮਹੱਤਤਾ ਬਾਰੇ ਦੱਸਿਆ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਸਕੂਲ ਦੇ ਬੱਚਿਆਂ ਵੱਲੋਂ ਤਿਆਰ ਕੀਤਾ ਗਿਆ ਮੈਗਜੀਨ ਫੁੱਲਵਾੜੀ ਰਿਲੀਜ ਕੀਤਾ ਗਿਆ।ਤੇ ਬੱਚਿਆਂ ਵਲੋਂ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਕਿਤਾਬਾਂ ਦਾ ਲੰਗਰ ਲਗਾਇਆ ਗਿਆ, ਮਾਡਲ ਲਗਾਏ ਗਏ ਅਤੇ ਸੁੰਦਰ ਲਿਖਾਈ ਦੇ ਮੁਕਾਬਲੇ ਵੀ ਕਰਵਾਏ ਗਏ। ਬੱਚਿਆਂ ਵੱਲੋਂ ਸੋਲੋ ਡਾਂਸ ਤੇ ਸਕਿੱਟਾਂ ਵੀ ਪੇਸ਼ ਕੀਤੀਆਂ ਗਈਆਂ, ਗਿੱਧਾ, ਭੰਗੜਾ ਵੀ ਪਾਇਆ ਗਿਆ । ਸਮਾਰੋਹ ਦੇ ਅੰਤ ਵਿੱਚ ਇਸ ਬਾਲ ਮੇਲੇ ਵਿੱਚ ਵੱਖ-ਵੱਖ ਈਵੈਂਟਾਂ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਅਤੇ ਬਲਾਕ ਪੱਧਰ ਵਿੱਚ ਪ੍ਰਾਇਮਰੀ ਖੇਡਾਂ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੈਡਮ ਜਸਵਿੰਦਰ ਕੁਮਾਰੀ, ਮੈਡਮ ਕਾਜਲ, ਮੈਡਮ ਰੀਨੂੰ ਸੰਗਘੋਤਰਾ ,ਮੈਡਮ ਨੀਲਮ ਅਤੇ ਬੱਚਿਆਂ ਦੇ ਮਾਪੇ ਹਾਜਰ ਸਨ। ਮੈਡਮ ਕਾਜਲ ਨੇ ਸਟੇਜ ਸਕੱਤਰ ਦੀ ਅਹਿਮ ਭੂਮਿਕਾ ਨਿਭਾਈ। ਕੇਵਲ ਕਿਸ਼ੋਰ ਰੱਲ ਵੱਲੋਂ ਬੱਚਿਆਂ ਨੂੰ ਫਲ ਵੰਡੇ ਗਏ।

# ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਗਰੀਬ ਬੱਚਿਆਂ ਨੂੰ ਜ਼ਰੂਰਤ ਦੀਆਂ ਵਸਤਾਂ ਵੰਡੀਆਂ



**ਕਪੂਰਥਲਾ, (ਹਨੀ)**

ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸਨ ਪਬਲਿਕ ਸਕੂਲ ਵਿਖੇ ਸਟਾਫ਼ ਮੈਂਬਰਾਂ ਦੀ ਅਗਵਾਈ ਵਿਚ ਬਾਲ ਦਿਵਸ ਨੂੰ ਅਨੋਖੇ ਢੰਗ ਨਾਲ ਮਨਾਇਆ ਗਿਆ। ਇਸ ਦੌਰਾਨ ਸਕੂਲ ਦੇ ਵਿਦਿਆਰਥੀਆਂ ਵੱਲੋਂ ਜਰੂਰਤਮੰਦ ਬੱਚਿਆਂ ਨੂੰ ਉਨ੍ਹਾਂ ਦੀ ਜਰੂਰਤਾਂ ਦੀਆਂ ਵਸਤਾਂ ਵੰਡੀਆਂ ਗਈਆਂ। ਸਕੂਲ ਦੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਨੇ ਦੱਸਿਆ ਕਿ ਸਕੂਲ ਵਿੱਚ ਬਾਲ ਦਿਵਸ ਨੂੰ ਸਬੰਧਿਤ ਸਵੇਰੇ ਸਪੈਸ਼ਲ ਅਸੈਂਬਲੀ ਕਰਵਾਈ ਗਈ। ਜਿਸ ਵਿੱਚ ਵਿਦਿਆਰਥੀਆਂ ਨੇ ਸਬਦ ਗਾਇਨ ਕੀਤਾ ਗਿਆ। ਪੰਜਵੀਂ ਕਲਾਸ ਦੀ ਜਸਪ੍ਰੀਤ ਨੇ ਬਾਲ ਦਿਵਸ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੂੰ ਕੈਂਡੀਜ ਵੰਡੀਆਂ ਗਈਆਂ। ਸਕੂਲ ਦੇ ਈਕੋ ਕਲੱਬ ਦੇ ਵਿਦਿਆਰਥੀਆਂ ਸਮੁੱਚੇ ਵਿਦਿਆਰਥੀਆਂ ਦੀ ਮਦਦ ਨਾਲ ਜਰੂਰਤਮੰਦ ਵਸਤਾਂ ਇਕੱਠੀਆਂ ਕੀਤੀਆਂ ਗਈਆਂ ਅਤੇ ਕਿਤਾਬਾਂ, ਕਪੜੇ, ਬੂਟ, ਸਵੈਟਰ ਆਦਿ ਸਮਾਨ ਝੁੱਗੀ ਝੌਂਪੜੀਆਂ ਦੇ ਬੱਚਿਆਂ ਵਿੱਚ ਵੰਡਿਆ। ਇਸ ਦੌਰਾਨ ਗਰੀਬ ਬੱਚਿਆਂ ਦੇ ਚੇਹਰਿਆਂ 'ਤੇ ਅਲੱਗ ਹੀ ਖੁਸੀ ਸੀ ਅਤੇ ਸਕੂਲ ਦੇ ਵਿਦਿਆਰਥੀਆਂ ਵਿਚ ਵੀ ਇੱਕ ਅਲੱਗ ਹੀ ਉਤਸਾਹ ਦੇਖਿਆ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਵਿਦਿਆਰਥੀਆਂ ਵਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਪ੍ਰਸੰਸਾ ਕੀਤੀ।

# ਲੇਖਕ ਡਾ. ਜਵਾਹਰ ਧੀਰ 20 ਨੂੰ ਹੋਣਗੇ ਵੱਕਾਰੀ ਅਕੈਡਮੀ ਅਵਾਰਡ ਨਾਲ ਸਨਮਾਨਤ

**ਫਗਵਾੜਾ (ਡਾ. ਰਮਨ)**

ਸਾਹਿਤਕ ਅਤੇ ਸਮਾਜਿਕ ਹਲਕਿਆਂ ''ਚ ਇਹ ਖਬਰ ਬੜੀ ਖੁਸ਼ੀ ਨਾਲ ਸੁਣਨ ਨੂੰ ਮਿਲੇਗੀ ਕਿ ਪੰਜਾਬ ਦੇ ਨਾਮਵਰ ਸਾਹਿਤਕਾਰ ਡਾ. ਜਵਾਹਰ ਧੀਰ ਨੂੰ ਪੰਜਾਬ ਕਲਾ ਅਤੇ ਸਾਹਿਤ ਅਕਾਦਮੀ ਵੱਲੋਂ 'ਵੱਕਾਰੀ ਅਕਾਦਮੀ ਐਵਾਰਡ' ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਇਹ ਸਨਮਾਨ ਉਹਨਾਂ ਨੂੰ ਪ੍ਰੈੱਸ ਕਲੱਬ ਜਲੰਧਰ ਵਿਖੇ 20 ਨਵੰਬਰ ਦਿਨ ਐਤਵਾਰ ਨੂੰ ਆਯੋਜਿਤ ਹੋਣ ਵਾਲੇ ਸਮਾਗਮ ਦੌਰਾਨ ਪ੍ਰਦਾਨ ਕੀਤਾ ਜਾਵੇਗਾ। ਪੰਜਾਬ ਕਲਾ ਅਤੇ ਸਾਹਿਤ ਅਕਾਦਮੀ ਦੇ ਪ੍ਰਧਾਨ ਸਿਮਰ ਸਦੋਸ਼ ਅਨੁਸਾਰ ਪਿਛਲੇ 26 ਸਾਲਾਂ ਤੋਂ ਦੇਸ਼ ਭਰ ਦੇ ਕਈ ਸਾਹਿਤਕਾਰਾਂ ਨੂੰ ਅਕੈਡਮੀ ਵੱਲੋਂ ਲਗਾਤਾਰ ਸਨਮਾਨਿਤ ਕੀਤਾ ਜਾ ਰਿਹਾ ਹੈ। ਕਰੀਬ ਪੰਜਾਹ ਸਾਲਾਂ ਤੋਂ ਵੱਧ ਸਮੇਂ ਤੋਂ ਸਾਹਿਤਕਾਰ ਡਾ.ਜਵਾਹਰ ਧੀਰ ਦੇਸ਼ ਭਰ ਦੇ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਛਪਦੇ ਆ ਰਹੇ ਹਨ। ਉਨ੍ਹਾਂ ਵੱਲੋਂ ਹੁਣ ਤੱਕ ਕੁੱਲ 16 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਉਨ੍ਹਾਂ ਵੱਲੋਂ ਭਾਰਤੀ ਤੀਰਥ ਸਥਾਨਾਂ ਬਾਰੇ ਲਿਖੀ ਗਈ ਖੋਜ ਪੁਸਤਕ ਵੀ ਸ਼ਾਮਲ ਹੈ। ਕਰੀਬ ਪੰਜ ਸੌ ਵੱਡੇ ਆਕਾਰ ਦੇ ਰੰਗੀਨ ਪੰਨਿਆਂ ਅਤੇ ਪੰਦਰਾਂ ਸੌ ਰੰਗੀਨ ਤਸਵੀਰਾਂ ਵਾਲੀ ਇਹ ਪੁਸਤਕ ਦੇਸ਼-ਵਿਦੇਸ਼ ਦੇ ਸ਼ਰਧਾਲੂਆਂ ਲਈ ਵਿਲੱਖਣ ਤੋਹਫ਼ਾ ਹੈ। ਡਾ: ਧੀਰ ਨੂੰ ਉਨ੍ਹਾਂ ਦੀ ਪੁਸਤਕ 'ਮੇਰੀ ਵਿਦੇਸ਼ ਯਾਤਰਾ ਆਸਟ੍ਰੇਲੀਆ' ਲਈ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਡਾ: ਜਵਾਹਰ ਧੀਰ ਨੇ ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਵਿੱਚ ਲਿਖੀਆਂ 16 ਪੁਸਤਕਾਂ ਤੋਂ ਇਲਾਵਾ ਮੁੱਖ ਤੌਰ ਤੇ ਤਿੰਨ ਫ਼ਿਲਮੀ ਕਹਾਣੀਆਂ, ਵਿਅੰਗ ਲੇਖ, ਕਹਾਣੀਆਂ, ਸਿਹਤ ਨਾਲ ਸਬੰਧਤ ਲੇਖ, ਸਫ਼ਰਨਾਮਾ ਅਤੇ ਨਿੱਕੀਆਂ ਕਹਾਣੀਆਂ ਦੀ ਰਚਨਾ ਕੀਤੀ ਹੈ। ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਵੀ ਡਾ: ਜਵਾਹਰ ਧੀਰ ਨੂੰ ਉਨ੍ਹਾਂ ਦੀਆਂ ਸਮਾਜਿਕ ਸੇਵਾਵਾਂ ਲਈ ਸਨਮਾਨਿਤ ਕੀਤਾ ਹੋਇਆ ਹੈ। ਪਿਛਲੇ 52 ਸਾਲਾਂ ਤੋਂ ਉਨ੍ਹਾਂ ਦੇ ਪ੍ਰੋਗਰਾਮ ਆਕਾਸ਼ਵਾਣੀ ਜਲੰਧਰ ਤੋਂ ਪ੍ਰਸਾਰਿਤ ਕੀਤੇ ਜਾ ਰਹੇ ਹਨ ਅਤੇ ਦੂਰਦਰਸ਼ਨ ਜਲੰਧਰ ਨੇ ਰਾਸ਼ਟਰੀ ਹਿੰਦੀ ਚੈਨਲ ਲਈ ਉਨ੍ਹਾਂ ਦੀਆਂ ਲਿਖਤਾਂ 'ਤੇ ਆਧਾਰਿਤ ਦਸਤਾਵੇਜ਼ੀ ਫਿਲਮ ਬਣਾਈ ਗਈ ਸੀ, ਜਿਸ ਦਾ ਪ੍ਰਸਾਰਣ 72 ਦੇਸ਼ਾਂ 'ਚ ਇੱਕੋ ਸਮੇਂ ਕੀਤਾ ਗਿਆ। ਬਹੁਪੱਖੀ ਪ੍ਰਤਿਭਾ ਦੇ ਧਨੀ ਡਾ: ਜਵਾਹਰ ਧੀਰ ਦਾ ਨਾਂ ਸਾਹਿਤ ਦੇ ਖੇਤਰ ਵਿਚ ਬੜੇ ਮਾਣ ਨਾਲ ਲਿਆ ਜਾਂਦਾ ਹੈ।

# ਡਾ. ਸੰਦੀਪ ਗਰਗ ਨੇ ਨਵੇਂ ਐਸ ਐਸ ਪੀ ਵਜੋਂ ਸੰਭਾਲਿਆ ਅਹੁਦਾ

**ਐਸ ਏ ਐਸ ਨਗਰ, (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਵੱਲੋਂ ਐਸ.ਏ.ਐਸ. ਨਗਰ ਵਿਖੇ ਨਵੇਂ ਐਸ.ਐਸ.ਪੀ. ਵਜੋਂ ਤਾਇਨਾਤ ਕੀਤੇ ਗਏ 2012 ਬੈਚ ਦੇ ਸੀਨੀਅਰ ਆਈ.ਪੀ.ਐਸ. ਅਧਿਕਾਰੀ ਡਾ. ਸੰਦੀਪ ਗਰਗ ਨੇ ਇੱਥੇ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਐਸ.ਐਸ.ਪੀ. ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹੇ 'ਚ ਅਮਨ ਅਤੇ ਕਾਨੂੰਨ ਵਿਵਸਥਾ ਬਣਾਏ ਰੱਖਣ ਲਈ ਪੁਲਸ ਨੂੰ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ। ਐਸ.ਐਸ.ਪੀ. ਨੇ ਕਿਹਾ ਕਿ ਵੱਧ ਤੋਂ ਵੱਧ ਨਵੀਂ ਟੈਕਨਾਲੋਜੀ ਨੂੰ ਪੁਲਸਿੰਗ ਵਿੱਚ ਲਿਆਂਦਾ ਜਾਵੇਗਾ। ਇਸ ਤੋਂ ਪਹਿਲਾਂ ਉਹ ਰੋਪੜ ਜ਼ਿਲ੍ਹੇ ਦੇ ਐਸ ਐਸ ਪੀ ਦੀ ਜ਼ਿੰਮੇਵਾਰੀ ਨਿਭਾ ਰਹੇ ਸਨ। ਡਾ. ਸੰਦੀਪ ਗਰਗ ਨੇ ਜ਼ਿਲ੍ਹੇ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਜ਼ਿਲ੍ਹੇ ਦੀ ਪੁਲਸਿੰਗ ਦੀ ਬਾਰੀਕੀ ਨਾਲ ਸਮੀਖਿਆ ਕੀਤੀ। ਇਸ ਤੋਂ ਪਹਿਲਾਂ ਪੁਲਸ ਦੀ ਟੁਕੜੀ ਵੱਲੋਂ ਐਸ.ਐਸ.ਪੀ. ਨੂੰ ਗਾਰਡ ਆਫ਼ ਆਨਰ ਦਿੱਤਾ ਗਿਆ।



# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਦੋਲਾ ਦਾ ਮੈਗਜ਼ੀਨ 'ਕਾਰਵਾਂ' ਰਿਲੀਜ਼



**ਆਦਮਪੁਰ (ਪਰਮਜੀਤ ਸਿੰਘ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੰਦੋਲਾ ਜਲੰਧਰ ਵਲੋਂ ਬਾਲ ਦਿਵਸ ਦੇ ਮੌਕੇ ਸਕੂਲ ਦਾ ਸਲਾਨਾ ਮੈਗਜੀਨ *ਕਾਰਵਾਂ* ਪ੍ਰਿੰਸੀਪਲ ਹਰਜਿੰਦਰ ਸਿੰਘ ਦੀ ਅਗਵਾਈ ਵਿੱਚ ਜਾਰੀ ਕੀਤਾ ਗਿਆ। ਉਹਨਾਂ ਇਸ ਮੌਕੇ ਦੱਸਿਆ ਕਿ ਇਸ ਮੈਗਜੀਨ ਵਿੱਚ ਪੰਜਾਬੀ, ਹਿੰਦੀ ਤੇ ਅੰਗਰੇਜੀ ਤਿੰਨ ਭਾਸ਼ਾਵਾਂ ਦੀਆਂ ਵਿਦਿਆਰਥੀਆਂ ਤੇ ਅਧਿਆਪਕਾਂ ਦੀਆਂ ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਮੈਗਜੀਨ ਦੀ ਸੰਪਾਦਨਾ ਪੰਜਾਬੀ ਲੈਕਚਰਾਰ ਹਰਦੀਪ ਸਿੰਘ ਉਰਫ ਹਰਦੀਪ ਮਾਨਵ ਵਲੋਂ ਉਂਕਾਰ ਸਿੰਘ ਤੇ ਸ੍ਰੀਮਤੀ ਉਸ਼ਾ ਰਾਣੀ ਦੇ ਸਹਿਯੋਗ ਨਾਲ ਕੀਤੀ ਗਈ ਹੈ। ਪ੍ਰਿੰਸੀਪਲ ਹਰਜਿੰਦਰ ਸਿੰਘ ਨੇ ਦੱਸਿਆ ਕਿ ਵਿਭਾਗ ਦੇ ਹੁਕਮਾਂ ਅਨੁਸਾਰ ਹਰ ਸਾਲ ਮੈਗਜੀਨ ਛਾਪਿਆ ਜਾਂਦਾ ਹੈ ਜਿਸ ਨਾਲ ਵਿਦਿਆਰਥੀਆਂ ਅੰਦਰ ਛੁਪੀਆਂ ਪ੍ਰਤਿਭਾਵਾਂ ਨੂੰ ਉਭਾਰਨ ਤੇ ਨਿਖਾਰਨ ਦਾ ਮੌਕਾ ਮਿਲਦਾ ਹੈ। ਇਹ ਸਿੱਖਿਆ ਵਿਭਾਗ ਦੀ ਇੱਕ ਨਿਵੇਕਲੀ ਪਹਿਲ ਹੈ, ਜਿਸ ਨਾਲ ਭਵਿੱਖ ਦੇ ਕਈ ਸਾਹਿਤਕਾਰ ਸੰਸਾਰਿਕ ਮੰਚ ਤੇ ਆਪਣੀ ਪਹਿਚਾਣ ਕਾਇਮ ਪੈਦਾ ਕਰਨ ਵਿੱਚ ਸਫਲ ਹੋਣਗੇ। ਇਸ ਮੌਕੇ ਵਿਦਿਆਰਥੀਆਂ ਵਲੋਂ ਵੱਖ ਵੱਖ ਗਤੀਵਿਧੀਆਂ ਭਾਸ਼ਣ, ਕਵਿਤਾ, ਲੇਖ, ਪੇਂਟਿੰਗ ਤੇ ਸੁੰਦਰ ਲਿਖਾਈ ਮੁਕਾਬਲੇ ਆਯੋਜਿਤ ਕੀਤੇ ਗਏ ਤੇ ਨਾਲ ਪੰਜਾਬੀ ਮਾਂ ਬੋਲੀ ਦੀ ਪਹਿਰੇਦਾਰੀ ਤੇ ਉਸ ਅਮਰਤਾ ਤੇ ਪੰਜਾਬੀ ਵਿਰਸੇ ਦੀ ਸ਼ਾਨਦਾਰ ਨੁਮਾਇਸ਼ ਵੀ ਕੀਤੀ ਗਈ। ਇਸ ਮੌਕੇ ਲੈਕਚਰਾਰ ਸ੍ਰੀਮਤੀ ਕਾਂਤਾ ਦੇਵੀ, ਅਨੀਤਾ ਕੁਮਾਰੀ, ਗੁਰਦੀਪ ਕੌਰ, ਰੋਹਿਤ ਕੁਮਾਰ, ਰੁਪਿੰਦਰ ਸਿੰਘ, ਸੰਦੀਪ ਕੁਮਾਰ, ਗੁਰਚਰਨ ਸਿੰਘ, ਅੰਮ੍ਰਿਤ ਜੱਸਲ, ਆਦਿ ਹਾਜਰ ਸਨ।

# ਨਹਿਰੂ ਯੂਵਾ ਕੇਂਦਰ ਦੇ 50ਵੇਂ ਸਥਾਪਨਾ ਦਿਵਸ 'ਤੇ ਸਰਕਾਰੀ ਆਈ ਟੀ ਆਈ (ਲੜਕੀਆਂ) ਵਿਖੇ ਸਮਾਗਮ

**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**

ਇੱਥੇ ਨਹਿਰੂ ਯੁਵਾ ਕੇਂਦਰ ਹੁਸ਼ਿਆਰਪੁਰ ਵਲੋਂ ਨਹਿਰੂ ਯੁਵਾ ਕੇਂਦਰ ਦੇ 50ਵੇਂ ਸਥਾਪਨਾ ਦਿਵਸ ਮੌਕੇ 'ਤੇ ਸਰਕਾਰੀ ਆਈ.ਟੀ.ਆਈ.(ਲੜਕੀਆਂ) ਵਿਖੇ ਇਕ ਸਮਾਗਮ ਕਰਕੇ ਮਨਾਇਆ ਗਿਆ। ਇਸ ਮੌਕੇ 'ਤੇ ਸੀਨੀਅਰ ਇੰਸਟ੍ਰਕਟਰ ਮੈਡਮ ਕਾਂਤਾ ਦੇਵੀ ਅਤੇ ਸਤਿ ਸ੍ਰੀ ਅਕਾਲ ਦੋਆਬਾ ਦੇ ਸਰਪਰਸਤ ਅਸ਼ੋਕ ਪੁਰੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਨਹਿਰੂ ਯੂਾ ਕੇਂਦਰ ਭਾਰਤ ਸਰਕਾਰ ਦਾ ਅਦਾਰਾ 1972 ਵਿੱਚ ਸ਼ੁਰੂ ਹੋਇਆ ਅਤੇ ਹੁਣ ਤੱਕ ਦੇਸ਼ ਦੇ ਸਾਰੇ ਜ਼ਿਲ੍ਹਿਆਂ ਵਿੱਚ 18 ਸਾਲ ਤੋਂ 29 ਸਾਲ ਤੱਕ ਦੇ ਨੌਜਵਾਨਾਂ ਨੂੰ ਦੇਸ਼ ਦੀ ਮੁਖ ਧਾਰਾ ਨਾਲ ਜੋੜਨ ਵਾਸਤੇ ਭਾਰਤ ਦੀ ਸਭ ਤੋਂ ਵੱਡੀ ਐਨ.ਜੀ.ਓ. ਸੰਸਥਾਂ ਕਾਰਜਸ਼ੀਲ ਹੈ। ਸਥਾਪਨਾ ਦਿਵਸ ਦੇ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਸੰਸਥਾ ਦੀ ਸੁਪਰਡੈਂਟ ਸੁਖਵਿੰਦਰ ਕੌਰ, ਹਰਵਿੰਦਰ ਕੌਰ, ਰਾਜਵਿੰਦਰ ਕੌਰ, ਨੀਲਮ ਰਾਣੀ, ਕੁਲਵਿੰਦਰ ਕੌਰ ਅਤੇ ਇੰਸਟ੍ਰਕਟਰ ਰਣਧੀਰ ਸਿੰਘ ਨੇ ਸਮਾਜ ਵਿੱਚ ਨੌਜਵਾਨ ਲੜਕੀਆਂ ਦੇ ਕਰਤੱਵਾ ਅਤੇ ਅਧਿਕਾਰਾਂ ਉਪਰ ਵਿਚਾਰ ਚਰਚਾ ਕੀਤੀ। ਇਸ ਮੌਕੇ 'ਤੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਯਾਦ ਕਰਦੇ ਹੋਏ ਦੇਸ਼ ਦੇ ਵਿਕਾਸ ਵਿੱਚ ਪਾਏ ਉਨਾਂ ਦੇ ਯੋਗਦਾਨ ਦੀ ਚਰਚਾ ਕੀਤੀ। ਲੜਕੀਆਂ ਵਿਚੋਂ ਮਨਮੀਤ, ਤਾਨੀਕਾ ਅਤੇ ਮਹਿਮਾ ਕਪੂਰ ਵਲੋਂ ਅਗਾਂਹਵਧੂ ਵਿਚਾਰ ਪੇਸ਼ ਕਰਨ ਲਈ ਨਹਿਰੂ ਯੂਵਾ ਕੇਂਦਰ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸਤਿ ਸ੍ਰੀ ਅਕਾਲ ਦੋਆਬਾ ਦੇ ਸਰਪਰਸਤ ਅਸ਼ੋਕ ਪੁਰੀ ਨੇ 1985 ਵਿੱਚ ਫਰੀਦਕੋਟ ਜ਼ਿਲ੍ਹੇ ਤੋਂ ਸਮਾਜ ਸੇਵਾ ਦੇ ਕੰਮ ਸ਼ੁਰੂ ਕਰਕੇ 1987 ਤੋਂ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਰਗਰਮ ਰਹਿੰਦੇ ਹੋਏ ਨਹਿਰੂ ਯੁਵਾ ਕੇਂਦਰ ਅਤੇ ਸਮਾਜ ਸੇਵੀ ਸੰਸਥਾਵਾਂ ਨਾਲ ਕੀਤੇ ਤਜੁਰਬੇ ਸਾਂਝੇ ਕੀਤੇ। ਉਨਾਂ ਕਿਹਾ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਵਿੱਚ ਨੌਜਵਾਨਾਂ ਦੇ ਰੋਲ ਨੂੰ ਦਿਸ਼ਾ ਨਿਰਦੇਸ਼ ਦੇਣ ਵਿੱਚ ਕੀਤਾ ਜਾ ਰਿਹਾ ਕੰਮ ਇਕ ਵੱਡਾ ਅਤੇ ਸਾਰਥਕ ਉੱਦਮ ਹੈ। ਇਸ ਮੌਕੇ 'ਤੇ ਸੀਨੀਅਰ ਇੰਸਟ੍ਰਕਟਰ ਮੈਡਮ ਕਾਂਤਾ ਦੇਵੀ ਅਤੇ ਹਰਵਿੰਦਰ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ।







ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਸਜਾਏ ਗਏ ਨਗਰ ਕੀਰਤਨ ਦੀ ਸਮਾਪਤੀ ਉਪਰੰਤ ਸ਼ੇਰੇ ਪੰਜਾਬ ਗੁਰਮਤਿ ਸੰਗੀਤ ਵਿਦਿਆਲਾ ਦੇ ਕੀਰਤਨ ਕਰਨ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। (ਫੋਟੋ ਤੇ ਵੇਰਵਾ, ਹਰਮੇਸ਼ ਦੱਤ )

# ਐਸ ਡੀ ਕਾਲਜ ਫਾਰ ਵੂਮੈਨ 'ਚ ਇਨਵੈਸਚਰ ਸੈਰਾਮਨੀ

**ਜਲੰਧਰ (ਇਕਬਾਲ ਸਿੰਘ ਉੱਭੀ)**

ਪ੍ਰੇਮ ਚੰਦ ਮਾਰਕੰਡਾ ਐਸ.ਡੀ. ਕਾਲਜ ਫਾਰ ਵੂਮੈਨ ਵਿਖੇ ਪੀ ਜੀ ਡਿਪਾਰਟਮੈਂਟ ਆਫ ਕੰਪਿਊਟਰ ਸਾਇੰਸ ਐਂਡ ਆਈ ਟੀ ਵਿਭਾਗ ਵੱਲੋਂ ਇੰਵੈਸਚਰ ਸਮਾਰੋਹ ਕਰਵਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਦੀ ਕੋਰ ਕਮੇਟੀ ਬਣਾਈ ਗਈ ਜਿਸ ਨੇ ਹੇਮਨਪ੍ਰੀਤ ਕੌਰ ਐਮ.ਐਸ.ਸੀ. (ਸੀ.ਐਸ.) ਸਮੈਸਟਰ ਤੀਜੇ ਨੂੰ ਪ੍ਰਧਾਨ, ਰੀਆ ਬੀ ਸੀ ਏ ਸਮੈਸਟਰ ਪੰਜਵੇਂ ਨੂੰ ਉਪ ਪ੍ਰਧਾਨ ਅਤੇ ਅਵਨੀਤ ਐਮ ਐਸ ਸੀ (ਆਈ ਟੀ) ਸਮੈਸਟਰ ਤੀਜੇ ਨੂੰ ਸਕੱਤਰ ਵਜੋਂ ਚੁਣਿਆ ਗਿਆ। ਸਾਰੇ ਫੈਕਲਟੀ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਆਈ-ਟੈਕ ਗਰੁੱਪ ਦੇ ਮਾਟੋ ਬਾਰੇ ਦੱਸਿਆ ਕਿ ਇਸ ਸਮੂਹ ਦਾ ਮੁੱਖ ਟੀਚਾ ਵਿਦਿਆਰਥੀਆਂ ਨੂੰ ਐਕਸਪੋਜ਼ਰ ਦੇਣਾ ਹੈ ਅਤੇ ਉਹਨਾਂ ਅੰਦਰ ਲੀਡਰਸ਼ਿਪ, ਟੀਮ ਵਰਕ ਅਤੇ ਸਮੱਸਿਆ ਹੱਲ ਕਰਨ ਦੇ ਗੁਣਾਂ ਨੂੰ ਸ਼ਾਮਲ ਕਰਨਾ ਹੈ ਜੋ ਉਹਨਾਂ ਨੂੰ ਅਸਲ ਸੰਸਾਰ ਵਿੱਚ ਇੱਕ ਟੀਮ ਦੇ ਰੂਪ ਵਿੱਚ ਕੰਮ ਕਰਨ ਅਤੇ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਉਤਸ਼ਾਹਿਤ ਕਰੇਗਾ। ਇਸ ਮੌਕੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਆਈ-ਟੈਕ ਗਰੁੱਪ ਦੇ ਵਿਦਿਆਰਥੀਆਂ ਦੇ ਜਜ਼ਬੇ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਦੇ ਨਾਲ ਹੀ ਪ੍ਰਿੰਸੀਪਲ ਨੇ ਸ਼ਿਵਾਨੀ ਸ਼ਰਮਾ (ਹੈਡ ਕੰਪਿਊਟਰ ਸਾਇੰਸ ਵਿਭਾਗ), ਡਾ. ਲਵਲੀ ਸ਼ਰਮਾ, ਐਨੀ ਆਹੂਜਾ, ਸ਼ਿਲਪੀ ਧੀਰ ਅਤੇ ਹੋਰ ਫੈਕਲਟੀ ਮੈਂਬਰਾਂ ਵੱਲੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਖਸੀਅਤ ਨੂੰ ਨਿਖਾਰਨ ਲਈ ਉਤਸ਼ਾਹਿਤ ਕਰਨ ਦੇ ਯਤਨਾਂ ਦੀ ਸ਼ਲਾਘਾ ਕੀਤੀ।



# ਪੰਜਾਬ ਸਰਕਾਰ ਬੇਰੁਜ਼ਗਾਰ ਨੌਜਵਾਨ ਲੜਕੇ-ਲੜਕੀਆਂ ਨੂੰ ਆਤਮ-ਨਿਰਭਰ ਬਣਾਉਣ ਲਈ ਵਚਨਬੱਧ : ਪ੍ਰਿੰ. ਗੁਰਮੀਤ ਸਿੰਘ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇ) ਮੁਹਾਲੀ ਵਿਖੇ ਪ੍ਰਧਾਨ ਮੰਤਰੀ ਰਾਸ਼ਟਰੀ ਅਪ੍ਰੈਂਟਿਸ਼ਿਪ ਸਕੀਮ ਤਹਿਤ ਅਪ੍ਰੈਂਟਿਸਸ਼ਿਪ ਮੇਲਾ ਲਗਵਾਇਆ ਗਿਆ ਜਿਸ ਵਿੱਚ ਲਗਭਗ 15 ਨਾਮੀ ਕੰਪਨੀਆਂ ਦੁਆਰਾ ਭਾਗ ਲਿਆ ਗਿਆ। ਇਸ ਐਸ.ਏ.ਐਸ ਨਗਰ ਜ਼ਿਲ੍ਹੇ ਦੀ ਨੋਡਲ ਸੰਸਥਾ ਦੇ ਅਧੀਨ ਆਉਂਦੀਆਂ ਵੱਖ-ਵੱਖ ਸੰਸਥਾਵਾਂ ਦੀਆਂ ਅਲੱਗ-ਅਲੱਗ ਟਰੇਡਾਂ ਦੇ ਲਗਭਗ 100 ਸਿਖਿਆਰਥੀ ਅਤੇ ਸਿਖਿਆਰਥਣਾਂ ਵੱਲੋਂ ਭਾਗ ਲਿਆ ਗਿਆ। ਇਸ ਮੇਲੇ ਵਿੱਚ ਲਗਭਗ 100 ਸਿਖਿਆਰਥੀਆਂ ਨੂੰ ਅਪ੍ਰੈਂਟਿਸਸ਼ਿਪ ਪੋਰਟਲ ਤੇ ਰਜਿਸਟਰ ਕੀਤਾ ਗਿਆ ਅਤੇ ਲਗਭਗ 85 ਸਿਖਿਆਰਥੀਆਂ ਨੂੰ ਵੱਖ-ਵੱਖ ਨਾਮੀ ਕੰਪਨੀਆਂ ਵੱਲੋਂ ਸ਼ਾਰਟਲਿਸਟ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨ ਲੜਕੇ ਅਤੇ ਲੜਕੀਆਂ ਨੂੰ ਆਤਮ-ਨਿਰਭਰ ਬਣਾਉਣ ਲਈ ਵਚਨਬੱਧ ਹੈ। ਸੰਸਥਾ ਮੁਖੀ ਵੱਲੋਂ ਰਿਪੋਰਟਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਗਿਆ ਕਿ ਹੁਣ ਭਾਰਤ/ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹਰ ਮਹੀਨੇ ਅਪ੍ਰੈਂਟਿਸਸ਼ਿਪ ਮੇਲੇ ਲਗਵਾਏ ਜਾਣੇ ਹਨ। ਸਵਾਤੀ ਸੇਠੀ ਰਿਜਨਲ ਡਾਇਰੈਕਟਰ, ਆਰ.ਡੀ.ਐਸ.ਡੀ.ਈ ਭਾਰਤ ਸਰਕਾਰ ਵੱਲੋਂ ਮੁੱਖ ਮਹਿਮਾਨ ਦੇ ਤੌਰ ਅਤੇ ਗੁਰਨੂਰ ਅਤੇ ਆਸੀਮ ਸੀਨੀਅਰ ਇਜੈਕਟਿਵ ਟਾਈਨੌਰ ਕੰਪਨੀ ਵੱਲੋਂ ਵੀ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਪ੍ਰਿੰਸੀਪਲ ਗੁਰਮੀਤ ਸਿੰਘ ਸਮੇਤ ਸਤਨਾਮ ਬਟਾਲਵੀ (ਟ੍ਰੇਨਿੰਗ ਅਫਸਰ), ਕੁਲਦੀਪ ਸਿੰਘ (ਏ.ਏ.ਏ (ਜ)), ਹਰਵਿੰਦਰ ਸਿੰਘ ਪ੍ਰਿੰਸੀਪਲ ਤ੍ਰਿਪੜੀ, ਪਰਮਜੀਤ ਸਿੰਘ ਪ੍ਰਿੰਸੀਪਲ ਬਨੂੰੜ, ਡਿੰਪਲ ਥਾਪਰ ਈ.ਜੀ.ਟੀ.ਓ, ਦਲੇਰ ਸਿੰਘ ਐਮ ਜੀ ਐਨ ਐਫ, ਦਰਸ਼ਨਾ ਕੁਮਾਰੀ (ਸੀ. ਇੰਸ.), ਕੰਵਲਜੀਤ ਕੌਰ (ਦਫਤਰੀ ਸੁਪਰਡੰਟ), ਰੋਹਿਤ ਕੋਸ਼ਲ (ਪਲੇਸਮੈਂਟ ਅਫਸਰ), ਇੰਦਰਜੀਤ ਸਿੰਘ ਸੀਨੀਅਰ ਸਹਾਇਕ ਅਤੇ ਸੁਖਵੰਤ ਸਿੰਘ (ਸਟੋਰ ਕੀਪਰ) ਅਤੇ ਆਦਿ ਤੋਂ ਇਲਾਵਾ ਜ਼ਿਲ੍ਹੇ ਦੀਆਂ ਵੱਖ-ਵੱਖ ਸੰਸਥਾਵਾਂ ਦੇ ਮੁਖੀਆਂ ਵੱਲੋਂ ਭਾਗ ਲਿਆ ਗਿਆ ।

# ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਪੰਡੋਰੀ ਨਿੱਝਰਾਂ ਵਿਖੇ ਬਾਲ ਦਿਵਸ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**

ਸੀਨੀਅਰ ਸੈਕੰਡਰੀ ਸਕੂਲ ਪੰਡੋਰੀ ਨਿੱਝਰਾਂ ਵਿਖੇ ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਹੁਤ ਹੀ ਵਧੀਆ ਤਰੀਕੇ ਨਾਲ ਬਾਲ ਦਿਵਸ ਮਨਾਇਆ ਗਿਆ । ਮੁੱਖ ਮਹਿਮਾਨ ਵਜੋਂ ਇਲਾਕੇ ਦੇ ਸਮਾਜ ਸੇਵੀ ਅਤੇ ਆਪ ਦੇ ਸੀਨੀਅਰ ਆਗੂ ਹਰਿੰਦਰ ਸਿੰਘ ਨੇ ਸ਼ਿਰਕਤ ਕੀਤੀ । ਡੀ ਪੀ ਗੁਰਚਰਨ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜਰ ਸਨ । ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਰਾਜ ਰਾਣੀ ਨੇ ਅਤੇ ਸਮੂਹ ਸਟਾਫ ਨੇ ਗੁਲਦਸਤਾ ਭੇਟ ਕਰਕੇ ਹਰਿੰਦਰ ਸਿੰਘ ਅਤੇ ਸਾਥੀਆਂ ਨੂੰ " ਜੀ ਆਇਆਂ " ਕਿਹਾ । ਵਿਦਿਆਰਥੀਆਂ ਵੱਲੋਂ ਗੁਰੂ ਸ਼ਬਦ ਗਾਇਨ ਕੀਤਾ ਗਿਆ। ਵਿਦਿਆਰਥੀਆਂ ਨੇ ਵੱਖ—ਵੱਖ ਵਿਸ਼ਿਆਂ 'ਤੇ ਤਿਆਰ ਕੀਤੇ ਗੀਤ ਸੰਗੀਤ , ਗਿੱਧਾ, ਕਵਿਤਾ ਆਦਿ ਅਨੇਕ ਪ੍ਰੋਗਰਾਮ ਪੇਸ਼ ਕੀਤੇ । ਸਾਇੰਸ, ਭੂਗੋਲਿਕ ,ਸਮਾਜਿਕ ਵਿਸ਼ਿਆਂ 'ਤੇ ਵੀ ਨਮੂਨੇ ਤਿਆਰ ਕੀਤੇ ਗਏ । ਹਰਿੰਦਰ ਸਿੰਘ ਨੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਤਿਆਰ ਸਕੂਲ ਮੈਗਜੀਨ " ਗੁਲਜਾਰ" ਦਾ ਵੀ ਵਿਮੋਚਨ ਕੀਤਾ । ਮੈਗਜੀਨ ਤਿਆਰ ਕਰਵਾਉਣ ਵਿੱਚ ਅਧਿਆਪਕ ਕੁਲਦੀਪ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ। ਵਿਦਿਆਰਥੀਆਂ ਨੂੰ ਅਧਿਆਪਕਾ ਜਸਬੀਰ ਕੌਰ ਨੇ ਸਾਰੇ ਪ੍ਰੋਗਰਾਮਾਂ ਦੀ ਤਿਆਰੀ ਕਰਵਾਈ । ਪੀ ਟੀ ਗੁਰਵਿੰਦਰ ਸਿੰਘ ਦੀ ਮਿਹਨਤ ਸਦਕਾ ਕਈ ਵਿਦਿਆਰਥੀਆਂ ਨੇ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਹਿੱਸਾ ਲਿਆ ਅਤੇ ਤਗਮੇਂ ਜਿੱਤੇ । ਖੋ - ਖੋ ਦੀ ਟੀਮ ਨੂੰ ਸਿਖਲਾਈ ਦੇਣ ਵਿੱਚ ਡੀ ਪੀ ਗੁਰਚਰਨ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ । ਜੋਤਿਕਾ ਰੋਮਲੇ ਨੇ ਉਚੀ ਛਲਾਂਗ ਵਿੱਚ ਸੋਨੇ ਦਾ ਤਗਮਾ ਜਿੱਤਿਆ। ਨਾਲ ਹੀ ਉਸ ਨੇ ਸਕੂਲ ਵਿੱਚ ਵੀ " ਉੱਤਮ ਵਿਦਿਆਰਥੀ" ਦਾ ਇਨਾਮ ਵੀ ਹਾਸਲ ਕੀਤਾ । ਮੋਹਿਤ ਨੇ ਉਚੀ ਛਲਾਂਗ ਅਤੇ ਤਿਕੜੀ ਛਲਾਂਗ ( ਟ੍ਰਿਪਲ ਜੰਪ ) ਵਿੱਚ ਸੋਨੇ ਦੇ ਤਗਮੇ ਜਿੱਤੇ। ਦਿਲਪ੍ਰੀਤ ਸਿੰਘ ਨੇ ਲੋਡ ਵਿੱਚ, ਹਰਮਨਜੋਤ ਨੇ ਭਾਲਾ ਸੁੱਟਣ ( ਜੈਵਲਿਨ ) ਵਿੱਚ ਸੋਨੇ ਦਾ ਤਗਮਾ ਜਿੱਤਿਆ। ਪਰਮਜੀਤ, ਕਰਨ ਦਾਸ , ਸੋਖ ਸਿੰਘ, ਤਰਨਜੋਤ ਨੇ ਖੋ ਖੋ ਵਿੱਚ ਸੋਨੇ ਦਾ ਤਗਮਾ ਜਿੱਤਿਆ । ਸੰਪਿਤਾ, ਮੰਨਜੀਤ, ਲਵਲੀਨ ਨੇ ਜ਼ਿਲ੍ਹਾ ਪੱਧਰ 'ਤੇ ਦੌੜਾਂ ਵਿੱਚ ਇਨਾਮ ਜਿੱਤੇ । ਸਿਖਿਆ ਵਿੱਚ ਵੀ ਮਲ ਮਾਰਨ ਲਈ ਜੋਤਿਕਾ ਰੋਮਲੇ, ਬਬੀਤਾ, ਭੁਪਿੰਦਰ ਰਾਮ , ਸੰਜਨਾ, ਅਜੈ , ਨਵਨੀਤ , ਸਿਮਰਨ , ਸਮੀਰ ਨੇ ਇਨਾਮ ਹਾਸਲ ਕੀਤੇ । ਹਰਿੰਦਰ ਸਿੰਘ ਨੇ ਖਿਡਾਰੀਆਂ ਨੂੰ ਇਨਾਮ ਵੰਡੇ । ਇਸ ਮੌਕੇ 'ਤੇ ਆਪ ਆਗੂ ਜਸਵਿੰਦਰ ਸਿੰਘ ਟੋਨੀ , ਧਰਮਪਾਲ ਸਿੰਘ , ਅਵਤਾਰ ਸਿੰਘ, ਵਿਜੇ ਕੁਮਾਰ , ਗੁਰਮੀਤ ਸਿੰਘ ( ਚੁਖਿਆਰਾ ) , ਹੁਸਨ ਲਾਲ ਆਦਿ ਸਾਥੀ ਵੀ ਸ਼ਾਮਲ ਹੋਏ। ਜਸਵਿੰਦਰ ਸਿੰਘ ਇਸ ਸਕੂਲ ਦੇ ਵਿਦਿਆਰਥੀਆਂ ਨੂੰ ਵਾਲੀਬਾਲ ਦੀ ਮੁਫਤ ਸਿਖਲਾਈ ਦੇ ਰਹੇ ਹਨ। ਪੀ ਟੀ ਅਧਿਆਪਕ ਗੁਰਵਿੰਦਰ ਸਿੰਘ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ।



# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ 26 ਤੋਂ ਸੂਬੇ ਦੇ ਡਿਪਟੀ ਕਮਿਸ਼ਨਰ ਦਫਤਰਾਂ ਦਾ ਕਰੇਗੀ ਘਿਰਾਓ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਕੇਂਦਰ ਤੇ ਪੰਜਾਬ ਸਰਕਾਰ ਵਲੋਂ ਕਿਸਾਨਾਂ ਦੀਆਂ ਮੰਗਾਂ ਮੰਨਣ ਤੋਂ ਮੁਨਕਰ ਹੋਣ ਦੇ ਵਿਰੋਧ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ 26 ਨਵੰਬਰ ਤੋਂ ਪੂਰੇ ਸੂਬੇ ਦੇ ਡਿਪਟੀ ਕਮਿਸ਼ਨਰ ਦਫਤਰਾਂ ਦਾ ਅਣਮਿੱਥੇ ਸਮੇਂ ਲਈ ਘਿਰਾਉ ਕਰਨਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੀਨੀਅਰ ਸੂਬਾ ਮੀਤ ਪ੍ਰਧਾਨ ਸਵਿੰਦਰ ਸਿੰਘ ਚੁਤਾਲਾ ਨੇ ਟਾਂਡਾ ਦਾਣਾ ਮੰਡੀ ਵਿਖੇ ਜਥੇਬੰਦੀ ਦੀ ਵਿਸ਼ੇਸ਼ ਮੀਟਿੰਗ ਮੌਕੇ ਬੋਲਦਿਆਂ ਕੀਤਾ। ਜਥੇਬੰਦੀ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ ਤੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਦੇ ਨਿਰਦੇਸ਼ਾਂ ਅਨੁਸਾਰ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ ਪਰਮਜੀਤ ਸਿੰਘ ਭੁੱਲਾ ਤੇ ਜਨਰਲ ਸਕੱਤਰ ਕੁਲਦੀਪ ਸਿੰਘ ਬੇਗੋਵਾਲ ਦੀ ਅਗਵਾਈ ਵਿੱਚ ਟਾਂਡਾ 'ਚ ਇੱਕ ਹੰਗਾਮੀ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਜਥੇਬੰਦੀ ਦੇ ਸੀਨੀਅਰ ਸੂਬਾ ਮੀਤ ਪ੍ਰਧਾਨ ਸਵਿੰਦਰ ਸਿੰਘ ਚੁਤਾਲਾ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਚੁਤਾਲਾ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਮਜ਼ਦੂਰਾਂ ਦੀਆਂ ਮੰਗੀਆਂ ਹੋਈਆਂ ਮੰਗਾਂ ਤੋਂ ਮੁਨਕਰ ਹੋ ਰਹੀ ਹੈ, ਇਸ ਦੋਨੋਂ ਸਰਕਾਰ ਨੂੰ ਕਿਸਾਨਾਂ ਮਜ਼ਦੂਰਾਂ ਨਾਲ ਕੀਤੇ ਵਾਅਦੇ ਯਾਦ ਕਰਵਾਉਣ ਲਈ 26 ਨਵੰਬਰ ਤੋਂ ਸੂਬੇ ਦੇ ਸਾਰੇ ਡਿਪਟੀ ਕਮਿਸ਼ਨਰ ਦਫਤਰਾਂ ਮੂਹਰੇ ਪੱਕੇ ਮੋਰਚੇ ਲਗਾ ਕੇ ਧਰਨੇ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਕਿਸਾਨ ਯੂਨੀਅਨਾਂ ਮੰਗ ਕੀਤੀ ਸੀ ਕਿ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਅਤੇ ਕੇਂਦਰੀ ਮੰਤਰੀ ਅਜੈ ਮਿਸ਼ਰਾ ਨੂੰ ਗ੍ਰਿਫਤਾਰ ਕਰਕੇ ਸਖਤ ਤੋਂ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤੇ ਗ੍ਰਿਫਤਾਰ ਕੀਤੇ ਨਿਰਦੋਸ਼ ਕਿਸਾਨਾਂ ਨੂੰ ਰਿਹਾਅ ਕੀਤਾ ਜਾਵੇ, ਦਿੱਲੀ ਮੋਰਚੇ ਦੌਰਾਨ ਸ਼ਹੀਦ ਹੋਏ ਕਿਸਾਨਾਂ, ਮਜ਼ਦੂਰਾਂ ਦੇ ਪਰਵਾਰਾਂ ਨੂੰ 5-5 ਲੱਖ ਰੁਪਏ ਦਾ ਮੁਆਵਜ਼ਾ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਗਰੀਬ ਪਰਿਵਾਰਾਂ ਵੱਲੋਂ ਮਾਈਕਰੋ ਫਾਇਨਾਂਸ ਕੰਪਨੀਆਂ ਤੋਂ ਲਿਆ ਕਰਜ਼ਾ ਮੁਆਫ ਕੀਤਾ ਜਾਵੇ, ਗੰਨਾ ਮਿੱਲਾਂ 20 ਨਵੰਬਰ ਤੋਂ ਪਹਿਲਾਂ ਚਾਲੂ ਕੀਤੀਆਂ ਜਾਣ ਅਤੇ ਗੰਨੇ ਦੀ ਕੀਮਤ ਜੋ ਸਰਕਾਰ ਵਲੋਂ 380 ਰੁਪਏ ਮਿੱਥੀ ਗਈ ਹੈ, ਇਕਸਾਰ ਕਿਸਾਨ ਦੇ ਖਾਤੇ ਪਾਈ ਜਾਵੇ, ਆਬਾਦਕਾਰਾਂ ਨੂੰ ਪੱਕੇ ਮਾਲਕੀ ਹੱਕ ਦਿੱਤੇ ਜਾਣ, ਸਾਰੀਆਂ ਫਸਲਾਂ 'ਤੇ ਐਮ ਐਸ ਪੀ ਲਾਗੂ ਲਾਗੂ ਕੀਤੀ ਜਾਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ ਆਦਿ ਮੰਗਾਂ ਸੰਬੰਧੀ ਧਰਨੇ ਦੌਰਾਨ ਡਿਪਟੀ ਕਮਿਸ਼ਨਰਾਂ ਨੂੰ ਕੇਂਦਰ ਤੇ ਪੰਜਾਬ ਸਰਕਾਰ ਸੰਬੰਧੀ ਮੰਗ ਪੱਤਰ ਵੀ ਦਿੱਤੇ ਜਾਣਗੇ। ਇਸ ਮੌਕੇ ਜਸਵਿੰਦਰ ਸਿੰਘ, ਕਸ਼ਮੀਰ ਸਿੰਘ, ਰਣਜੀਤ ਕੌਰ, ਕਮਲੇਸ਼ ਕੌਰ, ਬਾਬਾ ਚੰਦ ਸ਼ਾਹ, ਕਮਲਜੀਤ ਕੌਰ, ਸ਼ਾਮ ਸਿੰਘ ਸ਼ਾਮਾ, ਜਗਦੀਪ ਸਿੰਘ ਗਿੱਲ, ਮੀਰਾ ਰਾਣੀ, ਕਾਕਾ ਮੂਨਕਾਂ, ਸੁਨੀਤਾ, ਰੀਟਾ ਰਾਣੀ, ਸਪਨਾ, ਰਾਜਵਿੰਦਰ, ਰਾਜ, ਬਿਮਲਾ, ਮਨਪ੍ਰੀਤ ਸਿੰਘ, ਰਾਵਲ, ਬਲਦੇਵ, ਚਮਨ ਲਾਲ, ਅਮਰਜੀਤ, ਬਲਵੀਰ ਸਿੰਘ ਅਤੇ ਹੋਰ ਕਿਸਾਨ ਮਜ਼ਦੂਰ ਹਾਜ਼ਰ ਸਨ।



# ਟੈਕਸੀ ਚਾਲਕ ਨੇ ਗੱਡੀ ਚਾਲਕ 'ਤੇ ਪਿਸਤੌਲ ਤਾਨਣ ਦੇ ਲਗਾਏ ਦੋਸ਼



**ਫਿਲੌਰ (ਨਿਰਮਲ)**

ਨੈਸ਼ਨਲ ਹਾਈਵੇ 'ਤੇ ਟੈਕਸੀ ਚਾਲਕ ਵੱਲੋਂ ਆਪਣੇ ਅੱਗੇ ਜਾ ਰਹੀ ਗੱਡੀ ਤੋਂ ਰਸਤਾ ਮੰਗਣ 'ਤੇ ਗੱਡੀ ਸਵਾਰ ਨੇ ਸੜਕ ਦੇ ਵਿਚਕਾਰ ਗੱਡੀ ਰੋਕ ਦਿੱਤੀ ਤੇ ਕਾਰ ਚਾਲਕ 'ਤੇ ਪਿਸਤੌਲ ਤਾਣ ਦਿੱਤੀ ਅਤੇ ਟੈਕਸੀ ਦੇ ਮੋਹਰਲੇ ਸ਼ੀਸ਼ੇ ਨੂੰ ਪਿਸਤੌਲ ਦੀ ਬੱਟ ਮਾਰ ਕੇ ਤੋੜ ਦਿੱਤਾ ਗਿਆ। ਇਸ ਦੌਰਾਨ ਪਿਸਤੌਲ ਦਾ ਮੈਗਜੀਨ ਤੇ ਉਸ ਵਿਚ ਪਈਆਂ 3 ਗੋਲੀਆਂ ਟੈਕਸੀ 'ਚ ਹੀ ਡਿੱਗ ਗਈਆਂ। ਟੈਕਸੀ ਚਾਲਕ ਨੇ ਗੱਡੀ ਮਾਲਕ ਵਿਰੁੱਧ ਥਾਣਾ ਫਿਲੌਰ 'ਚ ਸ਼ਿਕਾਇਤ ਦਰਜ ਕਰਵਾਈ ਤੇ ਪਿਸਤੌਲ ਦਾ ਮੈਗਜੀਨ ਤੇ 3 ਰੌਂਦ ਪੁਲਸ ਨੂੰ ਦਿੱਤੇ। ਗੱਡੀ ਮਾਲਕ ਦੀ ਸ਼ਨਾਖਤ ਗੁਰਦੀਪ ਸਿੰਘ ਪੁੱਤਰ ਸੁਰਿੰਦਰ ਵਾਸੀ ਵਾਸੀ ਇੰਦਰਾ ਪਾਰਕ ਜਲੰਧਰ ਵਜੋਂ ਹੋਈ। ਪੁਲਸ ਨੇ ਗੁਰਦੀਪ ਸਿੰਘ ਨੂੰ ਹਿਰਾਸਤ 'ਚ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਟੈਕਸੀ ਚਾਲਕ ਸੁਭਾਸ਼ ਚੰਦਰ ਪੁੱਤਰ ਤੇਜ ਨਾਥ ਵਾਸੀ ਚੋਹਕਾ ਕਲਾਂ ਨੇ ਥਾਣਾ ਫਿਲੌਰ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਆਪਣੀ ਕਾਰ ਹੋਂਡਾ ਅਮੇਜ ਨੰਬਰ ਪੀਬੀ01- ਸੀ-1179 ਵਿਚ ਸਵਾਰੀ ਲੈ ਕੇ ਦਿੱਲੀ ਜਾ ਰਿਹਾ ਸੀ। ਜਦ ਗੁਰਾਇਆ-ਫਿਲੌਰ ਵਿਚਕਾਰ ਪੁੱਜਿਆ ਤਾਂ ਉੱਥੇ ਇਕ ਥਾਰ ਗੱਡੀ ਨੇ ਉਸ ਨੂੰ ਸਾਈਡ ਨਹੀਂ ਦਿੱਤੀ। ਜਦ ਉਸ ਨੇ ਸਾਈਡ ਮੰਗੀ ਤਾਂ ਥਾਰ ਚਾਲਕ ਨੇ ਹਾਈਵੇ ਦੇ ਵਿਚਕਾਰ ਗੱਡੀ ਰੋਕ ਦਿੱਤੀ, ਜਿਸ ਕਾਰਨ ਉਸ ਨੂੰ ਵੀ ਤੁਰੰਤ ਕਾਰ ਰੋਕਣੀ ਪਈ। ਥਾਰ ਸਵਾਰ ਨੇ ਉਸ 'ਤੇ ਪਿਸਤੌਲ ਤਾਣ ਦਿੱਤੀ ਅਤੇ ਉਸ ਦੀ ਕਾਰ ਦਾ ਅੱਗੇ ਵਾਲਾ ਸ਼ੀਸ਼ਾ ਭੰਨ੍ਹ ਦਿੱਤਾ। ਥਾਣਾ ਫਿਲੌਰ ਦੇ ਐੱਸਐੱਚਓ ਸੁਰਿੰਦਰ ਕੁਮਾਰ ਨੇ ਥਾਰ ਮਾਲਕ ਗੁਰਦੀਪ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਇੰਦਰਾ ਪਾਰਕ ਜਲੰਧਰ ਨੂੰ ਹਿਰਾਸਤ 'ਚ ਲੈ ਲਿਆ ਹੈ।

## ਸੜਕ ਹਾਦਸੇ 'ਚ ਇਕ ਦੀ ਮੌਤ, ਇੱਕ ਜ਼ਖ਼ਮੀ

**ਟਾਂਡਾ ਉੜਮੁੜ,(ਜਸਵਿੰਦਰ ਸੰਧੂ, ਉਂਕਾਰ ਸਿੰਘ)**-ਸ਼ਹੀਦ ਚੌਕ ਟਾਂਡਾ ਤੋਂ ਲੱਖੀ ਸਿਨੇਮਾ ਜਾਂਦੀ ਸੜਕ 'ਤੇ ਬੀਤੀ ਰਾਤ ਹੋਏ ਭਿਆਨਕ ਸੜਕ ਹਾਦਸੇ ਵਿਚ ਸਕੂਟਰ ਸਵਾਰ ਦੀ ਮੌਤ ਹੋ ਗਈ ਅਤੇ ਇੱਕ ਵਿਅਕਤੀ ਦੇ ਗੰਭੀਰ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਹ ਸੜਕ ਹਾਦਸਾ 10 ਵਜੇ ਦੇ ਕਰੀਬ ਉਸ ਵੇਲੇ ਵਾਪਰਿਆ ਜਦੋਂ ਜੰਗ ਬਹਾਦਰ ਪੁੱਤਰ ਰਵੇਲ ਸਿੰਘ ਵਾਸੀ ਅਹੀਆਪੁਰ ਟਾਂਡਾ-ਖੱਖ ਰੋਡ ਸਥਿਤ ਆਪਣੇ ਢਾਬੇ ਤੋਂ ਵਾਪਸ ਆਪਣੇ ਕਰਿੰਦੇ ਵਰਿੰਦਰ ਕੁਮਾਰ ਪੁੱਤਰ ਸੀਤਾ ਰਾਮ ਵਾਸੀ ਪਿੰਡ ਬੈਰੀ ਕਾਂਗੜਾ (ਹਿਮਾਚਲ ਪ੍ਰਦੇਸ਼) ਨਾਲ ਸਕੂਟਰ 'ਤੇ ਸਵਾਰ ਹੋ ਕੇ ਘਰ ਜਾ ਰਹੇ ਸਨ ਕਿ ਰਸਤੇ ਵਿੱਚ ਵਿੱਚ ਕਿਸੇ ਨਾ ਮਾਲੂਮ ਵਾਹਨ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਜਿਸ ਕਾਰਨ ਵਰਿੰਦਰ ਕੁਮਾਰ ਦੀ ਮੌਤ ਹੋ ਗਈ ਜਦਕਿ ਜੰਗ ਬਹਾਦਰ ਨੂੰ ਟਾਂਡਾ ਦੇ ਸਰਕਾਰੀ ਹਸਪਤਾਲ ਵਿਚ ਮੁਢਲੀ ਡਾਕਟਰੀ ਮਦਦ ਤੋਂ ਬਾਅਦ ਹੁਸ਼ਿਆਰਪੁਰ ਰੈਫਰ ਕੀਤਾ ਗਿਆ ਹੈ। ਟਾਂਡਾ ਪੁਲਸ ਨੇ ਮ੍ਰਿਤਕ ਦੇ ਭਰਾ ਸਤੀਸ਼ ਕੁਮਾਰ ਦੇ ਬਿਆਨ ਦੇ ਅਧਾਰ 'ਤੇ ਅਣਪਛਾਤੇ ਵਾਹਨ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਬਾਲ ਸੁਰੱਖਿਆ ਯੂਨਿਟ ਵੱਲੋਂ ਕਾਨੂੰਨੀ ਸਾਖਰਤਾ ਜਾਗਰੂਕਤਾ ਕੈਂਪ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਬਾਲ ਦਿਵਸ ਦੇ ਮੌਕੇ 'ਤੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਐਸ.ਏ.ਐਸ. ਨਗਰ ਦੁਆਰਾ ਅੱਜ "ਆਪਣੇ ਫਾਊਂਡੇਸ਼ਨ" ਸੋਹਾਣਾ ਵਿਖੇ ਕਾਨੂੰਨੀ ਸਾਖਰਤਾ ਜਾਗਰੂਕਤਾ ਕੈਂਪ ਲਗਾਇਆ ਗਿਆ। ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨਵਪ੍ਰੀਤ ਕੌਰ ਨੇ ਦੱਸਿਆ ਕਿ ਪੈਨਲ ਲਾਇਰ, ਗੀਤਾਂਜਲੀ ਬਾਲੀ ਦੁਆਰਾ ਬੱਚਿਆਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾਂ ਅਤੇ ਅਧਿਕਾਰਾਂ ਬਾਰੇ ਜਾਣੂ ਕਰਵਾਇਆ ਗਿਆ। ਕੈਂਪ ਦੌਰਾਨ ਕਰਵਾਏ ਗਏ ਪ੍ਰੋਗਰਾਮ ਵਿੱਚ ਗੀਤਾਂਜਲੀ ਬਾਲੀ ਦੁਆਰਾ ਬੱਚਿਆਂ ਨੂੰ ਵੱਖ ਵੱਖ ਕਾਨੂੰਨਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਪ੍ਰੋਗਰਾਮ ਦੀ ਬੱਚਿਆਂ ਵੱਲੋਂ ਅਤੇ ਸੰਸਥਾ ਦੇ ਕਰਮਚਾਰੀਆਂ ਵੱਲੋਂ ਸ਼ਲਾਘਾ ਕੀਤੀ ਗਈ। ਇਸ ਕੈਂਪ ਦਾ ਮੁੱਖ ਮੰਤਵ ਇਹ ਹੈ ਕਿ ਬੱਚਿਆਂ ਨੂੰ ਕਾਨੂੰਨੀ ਜਾਣਕਾਰੀ ਦੇ ਨਾਲ ਕਾਨੂੰਨ ਦੇ ਸਦਉਪਯੋਗ ਦੀ ਜਾਣਕਾਰੀ ਪ੍ਰਾਪਤ ਹੋਵੇ।

## ਪੁਨਰਜੋਤ ਵੈੱਲਫੇਅਰ ਸੋਸਾਇਟੀ ਵੱਲੋਂ ਮਾਸਟਰ ਰਾਕੇਸ਼ ਕੁਮਾਰ ਦਾ ਸਨਮਾਨ



**ਮਹਿਤਪੁਰ (ਰਾਜਾ)**- ਪੁਨਰਜੋਤ ਵੈਲਫੇਅਰ ਸੁਸਾਇਟੀ ਫਗਵਾੜਾ ਵੱਲੋਂ ਸਟੇਟ ਲੇਵਲ ਦਾ ਪ੍ਰੋਗਰਾਮ ਲੁਧਿਆਣਾ ਵਿਖੇ ਡਾਕਟਰ ਰਮੇਸ਼ ਆਈ ਸੁਪਰਸਪੈਸ਼ਿਲਟੀ ਹਸਪਤਾਲ ਵਿੱਚ ਕੀਤਾ ਗਿਆ। ਇਸ ਦੌਰਾਨ ਮਾਸਟਰ ਰਾਕੇਸ਼ ਕੁਮਾਰ ਕੋਆਰਡੀਨੇਟਰ ਪੁਨਰਜੋਤ ਆਈ ਸੁਸਾਇਟੀ ਮਹਿਤਪੁਰ ਦਾ ਸਮਾਜ ਪ੍ਰਤੀ ਨਿਰਸਵਾਰਥ ਸੇਵਾਵਾਂ ਨੂੰ ਵੇਖਦਿਆਂ ਵਿਸ਼ੇਸ਼ ਸਨਮਾਨ ਡਾਕਟਰ ਰਮੇਸ਼ ਅਸ਼ੋਕ ਮਹਿਰਾ ਅਤੇ ਸੰਸਥਾ ਦੇ ਸੈਕਟਰੀ ਮਲਿਕ ਵੱਲੋਂ ਕੀਤਾ ਗਿਆ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਮਾਨਵਤਾ ਦੀ ਭਲਾਈ ਸੰਸਥਾ ਚਲਾ ਰਹੇ ਗੁਰਪ੍ਰੀਤ ਮਿੰਟੂ ਅਪਾਹਜ ਅਤੇ ਬੇਸਹਾਰਾ ਬਜ਼ੁਰਗਾਂ ਨੂੰ ਸੰਭਾਲਣ ਦਾ ਉਪਰਾਲਾ ਕਰ ਰਹੇ ਹਨ। ਇਸ ਮੌਕੇ ਪੁਨਰਜੋਤ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ ਤੋਂ ਇਲਾਵਾ ਮਾਸਟਰ ਜਗਜੀਤ ਸਿੰਘ ਸੰਗੋਵਾਲ ਵੀ ਹਾਜ਼ਰ ਸਨ।

## ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਵੱਲੋਂ ਅੱਜ ਮਨਾਇਆ ਜਾਵੇਗਾ ਕੌਮੀ ਪ੍ਰੈਸ ਦਿਵਸ

**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਤੇ ਚੰਡੀਗੜ੍ਹ ਐਂਡ ਹਰਿਆਣਾ ਜਰਨਲਿਸਟਸ ਯੂਨੀਅਨ ਦੇ ਸਹਿਯੋਗ ਨਾਲ 16 ਨਵੰਬਰ ਨੂੰ ਕੌਮੀ ਪ੍ਰੈਸ ਦਿਵਸ ਮਨਾਇਆ ਜਾ ਰਿਹਾ ਹੈ। ਜਥੇਬੰਦੀ ਦੇ ਪ੍ਰਧਾਨ ਬਲਬੀਰ ਸਿੰਘ ਜੰਡੂ ਨੇ ਦੱਸਿਆ ਕਿ ਸਮਾਗਮ ਦੇ ਮੁੱਖ ਮਹਿਮਾਨ ਮਾਣਯੋਗ ਰਾਜਪਾਲ, ਪੰਜਾਬ ਅਤੇ ਪ੍ਰਸ਼ਾਸਕ ਚੰਡੀਗੜ੍ਹ ਬਨਵਾਰੀ ਲਾਲ ਪੁਰੋਹਿਤ ਹੋਣਗੇ। ਇਸ ਮੌਕੇ 'ਮੀਡੀਆ ਦਾ ਭਵਿੱਖ' ਵਿਸ਼ੇ 'ਤੇ ਕੁੰਜੀਵਤ ਭਾਸ਼ਣ ਦੇਸ਼ ਦੇ ਨਾਮੀ ਪੱਤਰਕਾਰ ਸ੍ਰੀ ਪੀ. ਸਾਈਨਾਥ ਦੇਣਗੇ। ਇਹ ਸਮਾਗਮ 16 ਨਵੰਬਰ ਨੂੰ ਸਵੇਰੇ ਸਾਢੇ 10 ਵਜੇ ਚੰਡੀਗੜ੍ਹ ਦੇ ਸੈਕਟਰ 10 ਦੇ ਆਡੀਟੋਰੀਅਮ, ਮਿਊਜ਼ੀਅਮ ਐਂਡ ਆਰਟ ਗੈਲਰੀ ਵਿੱਚ ਹੋਵੇਗਾ। ਸਮਾਗਮ ਦੀਆਂ ਤਿਆਰੀਆਂ ਵਿੱਚ ਲੱਗੇ ਜਥੇਬੰਦੀ ਦੇ ਚੇਅਰਮੈਨ ਬਲਵਿੰਦਰ ਸਿੰਘ ਜੰਮੂ, ਸਕੱਤਰ ਜਨਰਲ ਪਾਲ ਸਿੰਘ ਨੌਲੀ ਨੇ ਦੱਸਿਆ ਕਿ ਇਹ ਸਮਾਗਮ ਪੰਜਾਬ ਦੇ ਪੱਤਰਕਾਰੀ ਖੇਤਰ ਵਿੱਚ ਆਪਣੀਆਂ ਸੇਵਾਵਾਂ ਦੇ ਰਹੇ ਨਵੀਂ ਪੀੜ੍ਹੀ ਦੇ ਪੱਤਰਕਾਰਾਂ ਲਈ ਪ੍ਰੇਰਨਾਦਾਇਕ ਹੋਵੇਗਾ। ਹਰਿਆਣਾ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਰਾਮ ਸਿੰਘ ਬਰਾੜ ਨੇ ਦੱਸਿਆ ਕਿ ਹਰਿਆਣਾ ਵਿੱਚੋਂ ਵੀ ਪੱਤਰਕਾਰ ਵੱਡੀ ਗਿਣਤੀ ਵਿੱਚ ਹਿੱਸਾ ਲੈਣਗੇ। ਜਥੇਬੰਦੀ ਦੀ ਚੰਡੀਗੜ੍ਹ ਇਕਾਈ ਦੇ ਪ੍ਰਧਾਨ ਜੈ ਸਿੰਘ ਛਿੱਬਰ ਅਤੇ ਜਨਰਲ ਸਕੱਤਰ ਬਿੰਦੂ ਸਿੰਘ ਨੇ ਦੱਸਿਆ ਕਿ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

# ਐਸ ਐਮ ਓ ਵੱਲੋਂ ਹੈਲਥ ਵੈਲਨੈਸ ਸੈਂਟਰ ਬੇਗਮਪੁਰ ਦੀ ਚੈਕਿੰਗ



**ਬੁੱਲ੍ਹੋਵਾਲ, (ਵਿਰਦੀ)**

ਸਿਵਲ ਸਰਜਨ ਹੁਸ਼ਿਆਰਪੁਰ ਦੇ ਹੁਕਮਾਂ ਤਹਿਤ ਮੁਢਲਾ ਸਿਹਤ ਕੇਂਦਰ ਚੱਕੋਵਾਲ ਦੇ ਸੀਨੀਅਰ ਮਡੀਕਲ ਅਫਸਰ ਡਾ. ਬਲਦੇਵ ਸਿੰਘ ਵੱਲੋਂ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਬਲਾਕ ਅਧੀਨ ਆਉਂਦੇ ਹੈਲਥ ਵੈਲਨੈਸ ਸੈਂਟਰਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ, ਜਿਸ ਤਹਿਤ ਮਿੰਨੀ ਪੀ ਐਚ ਸੀ ਸੂਸ ਦੇ ਅਧੀਨ ਆਉਂਦੇ ਹੈਲਥ ਵੈਲਨੈਸ ਸੈਂਟਰ ਬੇਗਮਪੁਰ ਜੰਡਿਆਲਾ ਦੀ ਅਚਨਚੇਤ ਚੈਕਿੰਗ ਕੀਤੀ ਗਈ, ਜਿਸ ਦੌਰਾਨ ਸੀ ਐਚ ਓ ਸ਼ਿਵਾਨੀ ਅਤੇ ਮੇਲ ਹੈਲਥ ਵਰਕਰ ਗੁਰਦੀਪ ਸਿੰਘ ਹਾਜ਼ਰ ਪਾਏ ਗਏ। ਨਿਰੀਖਣ ਦੌਰਾਨ ਉਹਨਾਂ ਨੇ ਸਟਾਫ ਨੂੰ ਹੋਰ ਵੀ ਵਧੀਆ ਢੰਗ ਨਾਲ ਕੰਮ ਕਰਨ ਦੀ ਹਦਾਇਤ ਕੀਤੀ ਤਾਂ ਜੋ ਪਿੰਡ ਵਾਸੀਆਂ ਨੂੰ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਉਹਨਾਂ ਸਟਾਫ ਨੂੰ ਸਮੇਂ ਦੇ ਪਾਬੰਦ ਰਹਿਣ ਦੀ ਵੀ ਗੱਲ ਆਖੀ। ਉਹਨਾਂ ਕਿਹਾ ਕਿ ਹੁਣ ਡੇਂਗੂ ਦੇ ਕਾਫੀ ਕੇਸ ਦੇਖਣ ਨੂੰ ਮਿਲ ਰਹੇ ਹਨ, ਇਸ ਲਈ ਚੌਕਸ ਰਹਿੰਦਿਆਂ ਘਰ ਘਰ ਜਾ ਕੇ ਲੋਕਾਂ ਨੂੰ ਇਸ ਸੰਬੰਧੀ ਜਾਗਰੂਕ ਕੀਤਾ ਜਾਵੇ ਅਤੇ ਸਫਾਈ ਰੱਖਣ ਸੰਬੰਧੀ ਪ੍ਰੇਰਿਤ ਕੀਤਾ ਜਾਵੇ। ਉਹਨਾਂ ਹਦਾਇਤ ਕੀਤੀ ਕਿ ਆਸ਼ਾ ਵਰਕਰਾਂ ਅਤੇ ਏ ਐਨ ਐਮ ਮਾਂ ਅਤੇ ਨਵਜੰਮੇ ਬੱਚਿਆਂ ਦੀ ਮੌਤ ਦਰ ਨੂੰ ਘਟਾਉਣ ਲਈ ਘਰ ਘਰ ਪਹੁੰਚ ਕੇ ਲੋਕਾਂ ਨੂੰ ਸਿਹਤ ਸਹੂਲਤਾਂ ਸੰਬੰਧੀ ਜਾਣੂ ਕਰਵਾਉਣ ਅਤੇ ਪ੍ਰਸੂਤਾ ਕੇਸਾਂ ਨੂੰ ਮੁਢਲੇ ਸਿਹਤ ਕੇਂਦਰ ਚੱਕੋਵਾਲ ਵਿਖੇ ਹੀ ਲੈ ਕੇ ਆਉਣ, ਜਿੱਥੇ 24 ਘੰਟੇ ਸੇਵਾਵਾਂ ਉਪਲਬਧ ਹਨ।

## ਪੈਨਸ਼ਨਰਜ਼ ਐਸੋਸੀਏਸ਼ਨ ਤਹਿਸੀਲ ਮੁਕੇਰੀਆਂ ਦੀ ਚੋਣ ਮੁਕੰਮਲ



**ਤਲਵਾੜਾ, ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**

ਇੱਥੇ ਲੰਘੇ ਕੱਲ੍ਹ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ,ਪੰਜਾਬ ਤਹਿਸੀਲ ਮੁਕੇਰੀਆਂ ਦੀ ਚੋਣ ਜ਼ਿਲ੍ਹੇ ਵੱਲੋਂ ਨਿਯੁਕਤ ਨਿਗਰਾਨ ਦਲਵੀਰ ਸਿੰਘ ਭੁੱਲਰ ਤੇ ਵਿਜੈ ਭਾਟੀਆ ਦੀ ਦੇਖ ਰੇਖ ਮੁਕੰਮਲ ਹੋਈ। ਗਿਆਨ ਸਿੰਘ ਗੁਪਤਾ ਲਗਾਤਾਰ ਚੌਥੀ ਵਾਰ ਐਸਸੀਏਸ਼ਨ ਦੇ ਤਲਵਾੜਾ ਜ਼ੋਨ ਤੋਂ ਅਗਲੇ ਦੋ ਸਾਲਾਂ ਲਈ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ। ਚੋਣ 'ਚ ਜ਼ੋਨ ਦੇ ਵੱਡੀ ਗਿਣਤੀ ਪੈਨਸ਼ਨਰਾਂ ਨੇ ਹਿੱਸਾ ਲਿਆ। ਤਿਲਕ ਰਾਜ ਵੱਲੋਂ ਪ੍ਰਧਾਨ ਪਦ ਲਈ ਗਿਆਨ ਸਿੰਘ ਗੁਪਤਾ, ਜਨਰਲ ਸਕੱਤਰ ਜੁਗਰਾਜ ਸਿੰਘ ਅਤੇ ਵਿੱਤ ਸਕੱਤਰ ਹੈਡਮਾਸਟਰ ਉਤਮ ਸਿੰਘ ਦਾ ਪੈਨਲ ਪੇਸ਼ ਕੀਤਾ ਗਿਆ। ਜਿਸ ਦੀ ਧਰਮ ਚੰਦ ਉਰਫ਼ ਡੀ ਸੀ, ਓਮ ਦੱਤ ਉਰਫ਼ ਓਮੀ, ਮਾਸਟਰ ਮੇਲਾ ਰਾਮ ਅਤੇ ਵੀਰ ਸਿੰਘ ਨੇ ਪ੍ਰੋੜ੍ਹਤਾ ਕੀਤੀ। ਹਾਜ਼ਰ ਪੈਨਸ਼ਨਰਾਂ ਪੇਸ਼ ਚੋਣ ਪੈਨਲ ਨੂੰ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ। ਇਸ ਮੌਕੇ 20 ਤਰੀਕ ਨੂੰ ਸਥਾਨਕ ਸ੍ਰੀ ਗੁਰੂ ਰਵਿਦਾਸ ਮੰਦਰ ਵਿਖੇ ਕਰਵਾਏ ਜਾ ਰਹੇ ਸਲਾਨਾ ਪੈਨਸ਼ਨਰ ਜਾਗਰੂਕਤਾ ਸੈਮੀਨਾਰ ਵਿਚ ਉੱਘੇ ਟ੍ਰੇਡ ਯੂਨੀਅਨ ਆਗੂ ਸਾਥੀ ਹਰਕੰਵਲ ਸਿੰਘ ਨੂੰ ਮੁੱਖ ਬੁਲਾਰੇ ਵਜੋਂ ਬੁਲਾਉਣ ਦਾ ਸਰਬਸੰਮਤੀ ਨਾਲ ਫੈਸਲਾ ਲਿਆ। ਨਵੇਂ ਚੁਣੇ ਅਹੁਦੇਦਾਰਾਂ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ ਅਤੇ ਸਰਕਾਰ ਦੀਆਂ ਮਿਹਨਤਕਸ਼ ਲੋਕਾਂ, ਮੁਲਾਜ਼ਮਾਂ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਖ਼ਿਲਾਫ਼ ਚੱਲ ਰਹੇ ਸੰਘਰਸ਼ਾਂ ਵਿਚ ਡਟ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਹੋਰਨਾਂ ਤੋਂ ਇਲਾਵਾ ਇਸ ਮੌਕੇ ਕੁੰਦਨ ਲਾਲ, ਸੋਹਣ ਸਿੰਘ, ਚੌਧਰੀ ਬੰਸੀ ਲਾਲ, ਨੂਰ ਮੁਹੰਮਦ, ਪ੍ਰਿੰਸੀਪਲ ਉਪਦੇਸ਼ ਕੁਮਾਰ, ਵੀਰ ਸਿੰਘ, ਬਿਸ਼ਨ ਦਾਸ, ਸ਼ਾਮ ਸਿੰਘ ਕਮਾਹੀ ਦੇਵੀ ਆਦਿ ਹਾਜ਼ਰ ਸਨ।

## ਬੇਗਮਪੁਰੀ ਦਾ ਨਿਊ ਟਰੈਕ 'ਅੰਬਰਾਂ 'ਤੇ ਗੁੱਡੀਆਂ ਚੜ੍ਹਾਈਆਂ ਮਸਤਾਂ ਨੇ' ਰਿਲੀਜ਼

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਨਵੇਂ ਉਭਰ ਰਹੇ ਨੌਜਵਾਨ ਪੰਜਾਬੀ ਗਾਇਕ ਅਤੇ ਗੀਤਕਾਰ ਬੇਗਮਪੁਰੀ ਦਾ ਨਿਊ ਟਰੈਕ 'ਅੰਬਰਾਂ 'ਤੇ ਗੁੱਡੀਆਂ ਚੜਾਈਆਂ ਮਸਤਾਂ ਨੇ' ਰਿਕਾਰਡ ਕੰਪਨੀ ਵੱਲੋਂ ਰਿਲਜ ਕੀਤਾ ਗਿਆ। ਬੇਗਮਪੁਰੀ ਨੇ ਦਸਿਆ ਜੋ ਕਿ ਜ਼ਿਲ੍ਹਾ ਹੁਸ਼ਿਆਰਪੁਰ ਥਾਣਾ ਬੁੱਲੋਵਾਲ ਪਿੰਡ ਬੇਗਮਪੁਰ ਜੰਡਿਆਲਾ ਦੇ ਰਹਿਣ ਵਾਲੇ ਹਨ ਜਿੱਥੇ ਉਹ ਆਪਣਾ ਇੱਕ ਸ਼ੁੱਧ ਸ਼ਾਕਾਹਾਰੀ ਜੀਵਨ ਬਤੀਤ ਕਰਦੇ ਹਨ। ਉਹਨਾਂ ਦਸਿਆ ਕਿ ਇਹ ਟਰੈਕ ਮਸਤਾਂ ਦੀ ਕਿਰਪਾ ਨਾਲ ਖੁਦ ਉਹਨਾਂ ਨੇ ਕਲਨਬੱਧ ਕੀਤਾ ਹੈ ਤੇ ਆਪਣੀ ਸੁਰੀਲੀ ਆਵਾਜ ਅਤੇ ਅੰਦਾਜ਼ ਵਿੱਚ ਗਾਇਆ ਹੈ। ਇਸ ਗੀਤ ਦਾ ਮਿਊਜ਼ਿਕ 11 ਸਟਾਰ ਮਿਊਜ਼ਿਕ ਨੇ ਕੀਤਾ ਹੈ, ਜਿਸ ਦੇ ਪ੍ਰੋਡਿਊਸਰ . ਬਿੱਲਾ ਹਨ ਤੇ ਉਹਨਾਂ ਵਲੋਂ ਇਸ ਟਰੈਕ ਨੂੰ 14 ਨਵੰਬਰ 2022 ਨੂੰ ਰਿਕਾਰਡ ਕੰਪਨੀ ਵਲੋਂ ਰਿਲੀਜ਼ ਕੀਤਾ ਗਿਆ ਹੈ, ਜਿਸ ਦੇ ਐਡੀਟਰ ਰਾਜਵੀਰ ਕੰਗ ਹਨ।

## ਰੋਟਰੀ ਕਲੱਬ ਵੱਲੋਂ ਲਗਾਏ ਗਏ ਕੈਂਪ 'ਚ 150 ਲੋੜਵੰਦਾਂ ਮਰੀਜ਼ਾਂ ਨੇ ਲਿਆ ਲਾਭ



**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)**

ਲੋਹੀਆਂ ਖਾਸ ਦੇ ਪੁਰਾਣੇ ਅਤੇ ਤਜਰਬੇਕਾਰ ਵਿਸ਼ਾਲ ਹਸਪਤਾਲ ਲੋਹੀਆਂ ਵਿਖੇ ਰੋਟਰੀ ਕਲੱਬ ਜਲੰਧਰ ਵੱਲੋਂ ਵਿਸ਼ਾਲ ਫ੍ਰੀ ਮੈਡੀਕਲ ਕੈਂਪ ਲਾਇਆ ਗਿਆ। ਜਿੱਥੇ ਹਰ ਬਿਮਾਰੀ ਦਾ ਇਲਾਜ ਅਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ। ਮੈਡੀਕਲ ਕੈਂਪ ਦੇ ਪ੍ਰਾਜੈਕਟ ਡਾਇਰੈਕਟਰ ਡਾ. ਵਿਸ਼ਾਲ ਗੁਪਤਾ ਨੇ ਦੱਸਿਆ ਕਿ ਰੋਟਰੀ ਕਲੱਬ ਜਲੰਧਰ ਦੇ ਵਿਸ਼ੇਸ਼ ਉਪਰਾਲੇ ਦਾ 500 ਦੇ ਕਰੀਬ ਲੋਕਾਂ ਲਾਹਾ ਲਿਆ ਅਤੇ 100 ਤੋਂ ਵੱਧ ਮਰੀਜ਼ਾਂ ਦੀ ਸਕੈਨਿੰਗ ਕੀਤੀ ਗਈ। 150 ਤੋਂ 200 ਮਰੀਜ਼ਾਂ ਦੇ ਐਕਸ-ਰੇ ਕੀਤੇ ਗਏ ਅਤੇ ਕਰੀਬ 150 ਮਰੀਜ਼ਾਂ ਦੇ ਬਲੱਡ ਚੈੱਕ ਅਤੇ 200 ਮਰੀਜ਼ਾਂ ਦੀ ਸ਼ੂਗਰ ਚੈੱਕ ਕੀਤੀ ਗਈ। ਇਸ ਮੌਕੇ ਪੇਟ ਦੀਆਂ ਬਿਮਾਰੀਆਂ ਦੇ ਮਾਹਰ ਡਾ. ਰੁਪਿੰਦਰ ਸਿੰਘ ਘਈ, ਪੇਸ਼ਾਬ ਅਤੇ ਗੁਰਦਿਆਂ ਦੇ ਮਾਹਰ ਐੱਚ.ਐੱਸ ਭੂਟਾਨੀ ਅਤੇ ਔਰਤਾਂ ਦੇ ਰੋਗਾਂ ਦੇ ਮਾਹਰ ਡਾਕਟਰ ਸੰਦਲੀ ਅਤੇ ਡਾਕਟਰ ਨੀਨਾ ਗੁਪਤਾ ਅਤੇ ਡਾਕਟਰ ਡੀ.ਪੀ ਸਿੰਘ ਹਾਰਟ ਕੇਅਰ ਸਪੈਸ਼ਲਿਸਟ ਨੇ ਸਾਰੇ ਮਰੀਜ਼ਾਂ ਦੀ ਜਾਂਚ ਕੀਤੀ। ਇਸ ਮੌਕੇ ਚੀਫ ਗੈਸਟ ਵਜੋਂ ਪਹੁੰਚੇ ਜ਼ਿਲ੍ਹਾ ਗਵਰਨਰ ਦੁਫ਼ੰਤ ਚੌਧਰੀ, ਪ੍ਰਧਾਨ ਤਰੁਣ ਸ਼ਰਮਾ ਅਤੇ ਜਲੰਧਰ ਰੋਟਰੀ ਕਲੱਬ ਦੇ ਮੈਂਬਰ ਅਤੇ ਡਾਕਟਰ ਵਿਸ਼ਾਲ ਗੁਪਤਾ ਦੇ ਪਿਤਾ ਸੁਰਿੰਦਰ ਕੁਮਾਰ ਗੁਪਤਾ, ਜ਼ਿਲ੍ਹਾ ਚੇਅਰਮੈਨ ਰੋਹਿਤ ਉਬਰਾਏ, ਜ਼ੋਨਲ ਚੇਅਰਮੈਨ ਰਾਜਨ ਅਰੋੜਾ ਨਵਾਂਸ਼ਹਿਰ, ਅਤੁਲ ਗੁਪਤਾ, ਸੰਤੋਸ਼ ਗੁਪਤਾ, ਜੋਤੀ ਗੁਪਤਾ, ਜਸਵੀਰ ਸਿੰਘ ਛਾਬੜਾ, ਰੂਪੇਸ਼ ਕੁਮਾਰ ਸੱਦੀ, ਡਾ. ਕੁਲਦੀਪ ਕਲੇਰ ਆਦਿ ਮੌਜੂਦ ਸਨ।

# ਮਹਿੰਦਰਾ ਪਬਲਿਕ ਸਕੂਲ 'ਚ ਧਾਰਮਿਕ ਸਮਾਗਮ




**ਕਰਤਾਰਪੁਰ (ਹਰਮੇਸ਼ ਦੱਤ)**

ਮਹਿੰਦਰਾ ਪਬਲਿਕ ਸਕੂਲ ਜ਼ਿਲ੍ਹਾ ਕਪੂਰਥਲਾ ਵਿੱਚ ਧਾਰਮਿਕ ਸਮਾਗਮ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਵਿਦਿਆਰਥੀਆਂ ਨੂੰ ਗੁਰੂ ਸਾਹਿਬਾਨ ਜੀ ਦੇ ਪੂਰਨਿਆਂ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਅਤੇ ਧਾਰਮਿਕ ਸਮਾਗਮ ਦੀ ਸ਼ੁਰੂਆਤ ਕੀਤੀ, ਜਿਸ ਵਿੱਚ 8 ਵੀਂ ਤੇ 9ਵੀਂ ਕਲਾਸ ਦੀਆਂ ਵਿਦਿਆਰਥਣਾਂ ਅਮਨਦੀਪ ਕੌਰ, ਰੁਪਿੰਦਰ ਕੌਰ, ਗੁਰਲੀਨ ਕੌਰ ਤੇ ਸਾਥਣਾਂ ਨੇ ਸ਼ਬਦ ਗਾਇਨ ਕੀਤਾ ਅਤੇ ਤਬਲਾ ਵਾਦਕ ਦੀ ਭੂਮਿਕਾ ਸੁਮਿਤ ਤੇ ਸ਼ਰਨਪ੍ਰੀਤ ਕੌਰ ਨੇ ਬਾਖੂਬੀ ਨਿਭਾਈ। ਸ਼ਬਦ ਕੀਰਤਨ ਤੋਂ ਬਾਅਦ ਸਿਮਰਨ ਤੇ ਅਰਦਾਸ ਕੀਤੀ ਗਈ। ਵੰਸ਼ਿਕਾ +1 ਅਤੇ ਜਸਮੀਨ ਕੌਰ 7ਵੀਂ ਕਲਾਸ ਨੇ ਆਪਣੀ ਸਪੀਚ ਰਾਹੀਂ ਗੁਰੂ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਤੀਜੀ ਕਲਾਸ ਅਤੇ ਚੌਥੀ ਕਲਾਸ ਦੇ ਨੰਨ੍ਹੇ ਮੁੰਨੇ ਵਿਦਿਆਰਥੀਆਂ ਨੇ ਮੂਲ ਮੰਤਰ ਦਾ ਪਾਠ ਪੜ੍ਹਿਆ। ਦੀਕਸ਼ਾ ਤੇ ਰਾਧਿਕਾ ਨੇ ਕਵੀਸ਼ਰੀ ਪੇਸ਼ ਕੀਤੀ, ਬਬਲੀਨ ਕੌਰ, ਜਸਲੀਨ ਕੌਰ, ਸਨਾ, ਅਸ਼ਪ੍ਰੀਤ ਕੌਰ ਨੇ ਗੁਰੂ ਜੀ ਦੇ ਜੀਵਨ ਨਾਲ ਸੰਬੰਧਤ ਕਵਿਤਾਵਾਂ ਬੋਲ ਕੇ ਸ਼ਰਧਾ ਭਾਵਨਾ ਪ੍ਰਗਟ ਕੀਤੀ। ਦਲੇਰ, ਯੁਵਰਾਜ, ਸਿਮਰਨਜੀਤ ਕੌਰ ਤੇ ਜਸਲੀਨ ਨੇ ਧਾਰਮਿਕ ਗੀਤ ਗਾ ਕੇ ਸਭ ਦਾ ਮਨ ਮੋਹ ਲਿਆ। ਸਮਾਗਮ ਦੌਰਾਨ ਪੰਡਾਲ ਵਿੱਚ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਸਾਰਾ ਪੰਡਾਲ ਗੂੰਜ ਉੱਠਿਆ। ਮੈਡਮ ਪਰਮਜੀਤ ਕੌਰ ਢਾਹ ਨੇ ਬੱਚਿਆਂ ਨੂੰ ਗੁਰੂ ਜੀ ਦੀਆਂ ਸਿੱਖਿਆਵਾਂ ਬਾਰੇ ਜਾਗਰੂਕ ਕੀਤਾ। ਸਮਾਗਮ ਦੇ ਅੰਤ ਵਿੱਚ ਸਕੂਲ ਵੱਲੋਂ ਸਭ ਵਿਦਿਆਰਥੀਆਂ ਅਤੇ ਸਟਾਫ ਨੂੰ ਪ੍ਰਸ਼ਾਦ ਵੰਡਿਆ ਗਿਆ ਤੇ ਸਕੂਲ ਸੰਚਾਲਕ ਮੈਡਮ ਮਹਿੰਦਰ ਕੌਰ ਪੱਡਾ ਨੇ ਵਿਦਿਆਰਥੀਆਂ ਦੀ ਵਧੀਆ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਗੁਰੂ ਜੀ ਦੇ ਦੱਸੇ ਰਾਹ ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੈਡਮ ਰੇਨੂੰ ਸ਼ਰਮਾ, ਕੰਚਨ ਸ਼ਰਮਾ, ਰਾਣੀ ਭਾਟੀਆ, ਪਰਮਜੀਤ ਕੌਰ, ਦਲਵਿੰਦਰ ਕੌਰ, ਸੰਗੀਤਾ, ਰਜਨੀ ਜੋਸ਼ੀ, ਮੀਨਾਕਸ਼ੀ, ਸ਼ਿਵਾਨੀ, ਮਨਦੀਪ ਕੌਰ, ਹਰਦੀਪ ਕੌਰ, ਰਜਨੀ ਸ਼ਰਮਾ, ਰਮਨਦੀਪ, ਕਰਣਜੋਤ, ਅਨੁਰਾਧਾ, ਮਨਪ੍ਰੀਤ ਤੇ ਰਾਜ ਕੁਮਾਰ ਅਤੇ ਵਿਦਿਆਰਥੀ ਹਾਜ਼ਰ ਸਨ।

# ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਇਲੈਕਟ੍ਰਾਨਿਕਸ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਇੰਡਸਟ੍ਰੀਅਲ ਵਿਜ਼ਿਟ



**ਜਲੰਧਰ (ਸ਼ੈਲੀ ਐਲਬਰਟ)**

ਮੇਹਰ ਚੰਦ ਪੋਲੀਟੈਕਨਿੱਕ ਕਾਲੇਜ ਵਲੋਂ ਇਲੈਕਟ੍ਰੋਨਿਕਸ ਵਿਭਾਗ ਦੇ ਆਖਰੀ ਸਾਲ ਅਤੇ ਦੂਜੇ ਸਾਲ ਦੇ ਵਿਦਿਆਰਥੀਆਂ ਨੂੰ ਇੰਡਸਟਰੀ ਵਿਖੇ ਹੁੰਦੇ ਕੰਮ ਨਾਲ ਜਾਣੂ ਕਰਵਾਉਣ ਲਈ, ਪ੍ਰਿੰ. ਡਾ. ਜਗਰੂਪ ਸਿੰਘ ਅਤੇ ਜੇ. ਐਸ. ਘੇੜਾ, ਮੁੱਖੀ ਵਿਭਾਗ ਈ.ਸੀ.ਈ. ਦੀ ਰਹਿਨੁਮਾਈ ਹੇਠ ਅਤੇ ਇੰ: ਸੁਨੀਲ ਕੁਮਾਰ ਦੀ ਆਗਿਆ ਵਜੋਂ ਈ.ਸੀ.ਈ. ਦੇ ਵਿਦਿਆਰਥੀਆਂ ਨੂੰ ਬੀ. ਐਸ. ਐਨ. ਐਲ. ਐਕਸਚੇਂਜ, ਮਾਸਟਰ ਤਾਰਾ ਸਿੰਘ ਨਗਰ, ਜਲੰਧਰ ਵਿਖੇ ਇੰਡਸਟ੍ਰੀਅਲ ਵਿਜਿਟ ਕਰਵਾਈ ਗਈ। ਇਸ ਵਿਜਿਟ ਦੇ ਦੌਰਾਨ ਬੱਚਿਆਂ ਨੇ ਡਿਜੀਟਲ ਐਕਸਚੈਂਜ ਵਿੱਚ ਹੋਣ ਵਾਲੀਆਂ ਕਿਰਿਆਵਾਂ ਨੂੰ ਬਹੁਤ ਧਿਆਨ ਨਾਲ ਸਮਝਿਆ।ਇੰਜ: ਪਰਵਿੰਦਰ ਕੁਮਾਰ ਭਗਤ, ਐਸ.ਡੀ.ਈ., ਇੰਜ. ਵਿਕਾਸ ਕੁਮਾਰ, ਜੇ.ਟੀ.ਓ, ਇੰਜ. ਸੁਪਰੀਆ ਪਾਠਕ, ਅਤੇ ਇੰਜ ਰਿਚਾ ਪ੍ਰਜਾਪਤੀ ਇਸ ਬਾਰੇ ਵਿਸਥਾਰਪੂਰਵਕ ਦੱਸਿਆ। ਇਸ ਤੋਂ ਬਾਦ ਇੰਜ. ਦਿਲਖੁਸ਼ ਕੁਮਾਰ, ਜੇ.ਈ. ਨੇ ਬੱਚਿਆਂ ਨੂੰ ਓ.ਟੀ.ਡੀ.ਆਰ ਮਸ਼ੀਨ ਰਾਹੀਂ ਨੁਕਸ ਲੱਭਣੇ, ਪਾਵਰ ਮੀਟਰ ਰਾਹੀਂ ਤਰੰਗਾਂ ਦੀ ਪਾਵਰ ਮਾਪਣਾ, ਕਲੀਵਰ ਬਾਰੇ ਦੱਸਿਆ ਅਤੇ ਸਪਲਾਈਸੀਂਗ ਮਸ਼ੀਨ ਦੇ ਨਾਲ ਦੋ ਫ਼ਾਇਬਰਸ ਨੂੰ ਜੋੜ ਕੇ ਪ੍ਰੈਕਟੀਕਲ ਕਰ ਕੇ ਵੀ ਦਿਖਾਇਆ ਜਿਸਨੂੰ ਵਿਦਿਆਰਥੀਆਂ ਨੂੰ ਸਮਝਿਆ ਅਤੇ ਆਪ ਵੀ ਕਰਕੇ ਦੇਖਿਆ।ਇਸ ਇੰਡਸਟ੍ਰੀਅਲ ਵਿਜਿਟ ਦੀ ਅਗਵਾਈ ਜੇ. ਐਸ. ਘੇੜਾ, ਮੁੱਖੀ ਵਿਭਾਗ ਈ.ਸੀ.ਈ., ਇੰਜ. ਪ੍ਰੀਤ ਕੰਵਲ, ਲੈਕਚਰਾਰ ਈ.ਸੀ.ਈ., ਇੰਜ. ਮਨੀਸ਼ ਸਚਦੇਵਾ, ਲੈਕਚਰਾਰ ਈ.ਸੀ.ਈ. ਅਤੇ ਇੰਜ. ਮਨਿੰਦਰ ਕੌਰ, ਲੈਕਚਰਾਰ ਈ.ਸੀ.ਈ. ਨੇ ਕੀਤੀ।ਅਖੀਰ ਵਿੱਚ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਨੇ ਸੁਨੀਲ ਕੁਮਾਰ, ਪੀ. ਜੀ. ਐਮ., ਇੰਜ. ਬ੍ਰਿਜ ਮੋਹਨ ਸ਼ਰਮਾ, ਡੀ. ਈ. ਟੀ. ਅਤੇ ਬਾਕੀ ਵਿਭਾਗ ਦੇ ਕਰਮਚਾਰੀਆਂ ਦਾ ਧੰਨਵਾਦ ਕੀਤਾ। ਇਹ ਦੌਰਾ ਬੱਚਿਆਂ ਲਈ ਬਹੁਤ ਫ਼ਾਇਦੇਮੰਦ ਤੇ ਗਿਆਨ ਭਰਪੂਰ ਹੋ ਨਿਬੜਿਆ।

# ਵੱਖ-ਵੱਖ ਥਾਈਂ ਬਾਲ ਮੇਲੇ ਧੂਮਧਾਮ ਨਾਲ ਮਨਾਏ


ਐੱਸ ਏ ਐੱਸ ਨਗਰ


ਫਗਵਾੜਾ



ਮਹਿਤਪੁਰ


ਟਾਂਡਾ ਉੜਮੁੜ

**ਐੱਸ ਏ ਐੱਸ ਨਗਰ, (ਗੁਰਜੀਤ ਬਿੱਲਾ)**

ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠਡੀ ਜੀ ਐੱਸ ਸੀ ਵਰਿੰਦਰ ਕੁਮਾਰ ਸ਼ਰਮਾ ਆਈ ਏ ਐੱਸ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅੱਜ ਬਾਲ ਦਿਵਸ ਮੌਕੇ ਜ਼ਿਲ੍ਹੇ ਦੇ ਸਮੂਹ ਸਰਕਾਰੀ ਪ੍ਰਾਇਮਰੀ, ਮਿਡਲ,ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਬਾਲ ਮੇਲੇ ਕਰਵਾਏ ਗਏ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਸੈਸਿ ਬਲਜਿੰਦਰ ਸਿੰਘ ਨੇ ਦੱਸਿਆ ਕਿ ਸਕੂਲ ਸਿੱਖਿਆ ਵਿਭਾਗ ਪੰਜਾਬ ਦੁਆਰਾ ਦਿੱਤੇ ਪ੍ਰੋਗਰਾਮ ਅਨੁਸਾਰ ਅੱਜ ਸਮੂਹ ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਬਾਲ ਮੇਲੇ ਬੜੀ ਧੂਮਧਾਮ ਨਾਲ ਮਨਾਏ ਗਏ, ਜਿਨ੍ਹਾਂ ਦੀ ਤਿਆਰੀ ਪਿਛਲੇ ਕੁਝ ਦਿਨਾਂ ਤੋਂ ਅਧਿਆਪਕਾਂ ਦੁਆਰਾ ਕੀਤੀ ਗਈ ਹੈ। ਉਹਨਾਂ ਵੱਲੋਂ ਸਰਕਾਰੀ ਹਾਈ ਸਕੂਲ ਫੇਜ਼ 5 ਅਤੇ ਹਾਈ ਸਕੂਲ ਰਡਿਆਲਾ ਵਿਖੇ ਸ਼ਿਰਕਤ ਕੀਤੀ ਜਿੱਥੇ ਵਿਦਿਆਰਥੀਆਂ ਦੁਆਰਾ ਆਪਣੀਆਂ ਸ਼ਾਨਦਾਰ ਕਲਾਕਾਰੀਆਂ ਨਾਲ ਸਭ ਦਾ ਮਨ ਮੋਹ ਲਿਆ। ਸਕੂਲ ਪ੍ਰਬੰਧਕਾਂ ਵੱਲੋਂ ਮੁੱਖ ਦਰਵਾਜ਼ੇ 'ਤੇ ਪਹੁੰਚਣ ਵਾਲੇ ਮਹਿਮਾਨਾਂ ਵਿੱਚ ਮਾਪਿਆਂ ਅਤੇ ਪਤਵੰਤਿਆਂ ਦੇ ਸਵਾਗਤ ਲਈ ਪ੍ਰਬੰਧ ਲਾ-ਜਵਾਬ ਸਨ। ਕੁਝ ਸਕੂਲਾਂ ਵਿੱਚ ਰੰਗੋਲੀ ਸਜਾਈ ਹੋਈ ਸੀ। ਉਹਨਾਂ ਦੁਆਰਾ ਬਾਲ ਮੈਗਜ਼ੀਨ ਦੀ ਘੁੰਡ ਚੁਕਾਈ ਕਰਕੇ ਜ਼ਿਲ੍ਹੇ ਦੇ ਸਮੂਹ ਸਕੂਲਾਂ ਵਿੱਚ ਬਾਲ ਰਸਾਲੇ ਜਾਰੀ ਕਰਨ ਦੀ ਸ਼ੁਰੂਆਤ ਕੀਤੀ ਗਈ। ਉਹਨਾਂ ਦੱਸਿਆ ਕਿ ਅੱਜ ਨਵੇਂ ਵਿੱਦਿਅਕ ਸੈਸ਼ਨ ਲਈ 'ਦਾਖਲਾ ਮੁਹਿੰਮ' ਦੀ ਸ਼ੁਰੂਆਤ ਵੀ ਉਹਨਾਂ ਦੁਆਰਾ ਕੀਤੀ ਗਈ ਅਤੇ ਸਕੂਲਾਂ ਵਿੱਚ ਵੀ ਇਸ ਸੰਬੰਧੀ ਦਾਖਲਾ ਰੈਲੀ, ਦਾਖਲਾ ਅਨਾਊਂਸਮੈਂਟ ਅਤੇ ਦਾਖਲਾ ਸਟਾਲ ਦਾ ਪ੍ਰਬੰਧ ਕਰਕੇ 'ਦਾਖਲਾ ਮੁਹਿੰਮ' ਦਾ ਆਗਾਜ਼ ਕੀਤਾ ਗਿਆ। ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈ ਸਿ ਡਾ.ਕੰਚਨ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੁਆਰਾ ਵੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁੜੀਆਂ) ਸੋਹਾਣਾ ਵਿਖੇ ਬਾਲ ਮੇਲੇ ਵਿੱਚ ਸ਼ਿਰਕਤ ਕੀਤੀ ਅਤੇ ਬਾਲ ਰਸਾਲੇ ਦੀ ਘੁੰਡ ਚੁਕਾਈ ਕੀਤੀ ਗਈ। ਉਹਨਾਂ ਦੁਆਰਾ ਇਸ ਸਕੂਲ ਵਿੱਚ ਦਾਖਲਾ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਜ਼ਿਲ੍ਹੇ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ ਗਏ, ਪ੍ਰੰਪਰਾਗਤ ਖੇਡਾਂ ਨਾਲ ਪਹੁੰਚੇ ਮਾਪਿਆਂ,ਪਤਵੰਤਿਆਂ ਅਤੇ ਮੁੱਖ ਮਹਿਮਾਨਾਂ ਦਾ ਮਨੋਰੰਜਨ ਕੀਤਾ ਗਿਆ। ਸਕੂਲਾਂ ਵਿੱਚ ਲਾਇਬ੍ਰੇਰੀ ਲੰਗਰ ਤਹਿਤ ਕਿਤਾਬਾਂ ਦੇ ਸਟਾਲ ਵੀ ਲਗਾਏ ਗਏ ਸਨ। ਸਕੂਲ ਪ੍ਰਬੰਧਕਾਂ ਵੱਲੋਂ ਬੱਚਿਆਂ ਅਤੇ ਮਹਿਮਾਨਾਂ ਲਈ ਚਾਹ, ਬਿਸਕੁਟ, ਪਕੌੜੇ,ਬਰੈੱਡ,ਹਲਵਾ ਪੂਰੀ, ਛੋਲੇ ਪਨੀਰ ਆਦਿ ਦਾ ਲੰਗਰ ਵੀ ਲਗਾਇਆ ਗਿਆ। ਸਰਕਾਰੀ ਹਾਈ ਸਕੂਲ ਕਰਾਲਾ ਵਿਖੇ ਸਕੂਲ ਮੁਖੀ ਪ੍ਰੇਰਨਾ ਛਾਬੜਾ ਦੀ ਅਗਵਾਈ ਵਿੱਚ ਦਾਖਲਾ ਮੁਹਿੰਮ ਤਹਿਤ ਰੈਲੀ ਕੱਢੀ ਗਈ। ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਦੇਵ ਕਰਨ ਸਿੰਘ ਨੇ ਦੱਸਿਆ ਕਿ ਅੱਜ ਜ਼ਿਲ੍ਹੇ ਦੇ ਸਮੂਹ ਸਰਕਾਰੀ ਸਕੂਲਾਂ ਦੁਆਰਾ ਬਾਲ ਦਿਵਸ ਨੂੰ ਸਮਰਪਿਤ 'ਬਾਲ ਮੇਲੇ',ਦਾਖਲਾ ਮੁਹਿੰਮ ਅਤੇ ਬਾਲ ਰਸਾਲੇ ਰਿਲੀਜ਼ ਕਰਨ ਸੰਬੰਧੀ ਫੋਟੋ ਅਤੇ ਵੀਡੀਓ ਮਾਪਿਆਂ ਅਤੇ ਪਤਵੰਤਿਆਂ ਦੇ ਸੋਸ਼ਲ ਮੀਡੀਆ ਨੈੱਟਵਰਕ ਤੇ ਪਾਈਆਂ ਗਈਆਂ ਤਾਂ ਕਿ ਸਕੂਲੀ ਬੱਚਿਆਂ ਦੇ ਪ੍ਰੋਗਰਾਮ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਇਆ ਜਾ ਸਕੇ।

**ਫਗਵਾੜਾ (ਡਾ. ਰਮਨ)**- ਸਰਕਾਰੀ ਹਾਈ ਸਕੂਲ ਪਿੰਡ ਸਾਹਨੀ ਵਿਖੇ ਬਾਲ ਦਿਵਸ ਸਕੂਲ ਇੰਚਾਰਜ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਦੇ ਗੀਤ, ਕਵਿਤਾ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਸਕੂਲ ਇੰਚਾਰਜ ਸੁਰਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦਾ ਮਹੱਤਵ ਦਸਦਿਆਂ ਕਿਹਾ ਕਿ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਆਪਣਾ ਜਨਮ ਦਿਨ ਬੱਚਿਆਂ ਨੂੰ ਸਮਰਪਿਤ ਕੀਤਾ ਸੀ। ਜਿਸ ਕਰਕੇ ਹਰ ਸਾਲ ਉਹਨਾਂ ਦੇ ਜਨਮ ਦਿਨ ਨੂੰ ਬਾਲ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦੌਰਾਨ ਵਿਸ਼ੇਸ਼ ਤੌਰ ਤੇ ਪਹੁੰਚੇ ਐਨ.ਆਰ.ਆਈ. ਬੀਬੀ ਜੀਤ ਕੌਰ (ਭੂਆ ਜੀ), ਜਥੇਦਾਰ ਰਣਜੀਤ ਸਿੰਘ ਰਾਣਾ, ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਕਸ਼ਮੀਰ ਕੌਰ ਕਾਹਲੋਂ ਤੇ ਸਹਿਕਾਰੀ ਬੈਂਕ ਦੇ ਸਕੱਤਰ ਪ੍ਰਿੰਸ ਸਾਹਨੀ ਵਿਸ਼ੇਸ਼ ਤੌਰ ਤੇ ਪਹੁੰਚੇ। ਉਹਨਾਂ ਸਮੂਹ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ ਤੇ ਦਿਲ ਲਗਾ ਕੇ ਪੜ੍ਹਾਈ ਕਰਨ ਲਈ ਪ੍ਰੇਰਿਆ। ਐਨ.ਆਰ.ਆਈ. ਜੀਤ ਕੌਰ ਵਲੋਂ ਵਿਦਿਆਰਥੀਆਂ ਨੂੰ ਸਟੇਸ਼ਨਰੀ ਦੀ ਵੰਡ ਵੀ ਕੀਤੀ ਗਈ। ਵਿਦਿਆਰਥੀਆਂ ਨੂੰ ਲੱਡੂ ਵੀ ਵੰਡੇ ਗਏ। ਇਸ ਮੌਕੇ ਬੀ.ਐਮ. ਸਤੀਸ਼ ਕੁਮਾਰ, ਬਲਜਿੰਦਰ ਸਿੰਘ ਕਾਹਲੋਂ, ਰਵਿੰਦਰ ਪਾਲ, ਹਰਮਨਦੀਪ ਸਿੰਘ ਤੋਂ ਇਲਾਵਾ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

**ਮਹਿਤਪੁਰ (ਰਾਜਾ)** ਬਾਲ ਦਿਵਸ ਦੇ ਮੌਕੇ 'ਤੇ ਸਰਕਾਰੀ ਪ੍ਰਾਇਮਰੀ ਸਕੂਲ ਆਦਰਮਾਨ ਬਲਾਕ ਨਕੋਦਰ 1 ਦੇ ਸਾਰੇ ਵਿਦਿਆਰਥੀਆਂ ਨੂੰ ਪਿੰਡ ਸੰਗੋਵਾਲ ਦੇ ਐਨ ਆਰ ਆਈ ਪਰਵਾਰ ਵੱਲੋਂ 60000/- ਦੀ ਲਾਗਤ ਨਾਲ਼ ਕੋਟ ਖ਼ਰੀਦ ਕੇ ਭੇਟ ਕੀਤੇ ਗਏ। ਸੰਗੋਵਾਲ ਨਿਵਾਸੀ ਬੀਬੀ ਸੁਰਜੀਤ ਕੌਰ ਬਦੇਸਾ ਦੀ ਦੋਹਤਰੀ ਬੀਬਾ ਨਵਜੋਤ ਮਾਹਲ ਸਪੁੱਤਰੀ ਦਲਜੀਤ ਸਿੰਘ ਅਤੇ ਪਰਮਜੀਤ ਕੌਰ ਜੋ ਕਿ ਇਸ ਸਮੇਂ ਕੈਨੇਡਾ ਵਿੱਚ ਰਹਿ ਰਹੇ ਹਨ, ਵੱਲੋਂ ਬੱਚਿਆਂ ਲਈ ਇਹ ਸੇਵਾ ਕੀਤੀ ਗਈ। ਸਕੂਲ ਦੇ ਮੁੱਖ ਅਧਿਆਪਕ ਜਗਜੀਤ ਸਿੰਘ ਅਤੇ ਸਮੂਹ ਸਟਾਫ ਵੱਲੋਂ ਐੱਨ ਆਰ ਆਈ ਪਰਵਾਰ ਦਾ ਧੰਨਵਾਦ ਕੀਤਾ ਗਿਆ ਤੇ ਪਰਿਵਾਰ ਨੂੰ ਸਨਮਾਨ ਚਿੰਨ ਭੇਟ ਕੀਤਾ ਗਿਆ। ਬਾਲ ਦਿਵਸ ਦੇ ਮੌਕੇ 'ਤੇ ਬੱਚਿਆਂ ਵੱਲੋਂ ਸ਼ਾਨਦਾਰ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿੱਚ ਸਕੂਲ ਦਾ ਸਲਾਨਾ ਮੈਗਜ਼ੀਨ ਜਾਰੀ ਕੀਤਾ ਗਿਆ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸੁਖਜਿੰਦਰ ਸਿੰਘ, ਅਮਨਦੀਪ ਸਿੰਘ, ਮਨਜੀਤ ਕੌਰ, ਕੁਲਦੀਪ ਕੌਰ, ਜੀਤ ਸਿੰਘ, ਬੱਚਿਆਂ ਦੇ ਮਾਤਾ-ਪਿਤਾ, ਮਿਡ ਡੇ ਮੀਲ ਤੇ ਆਂਗਨਵਾੜੀ ਵਰਕਰ ਅਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।



ਸ੍ਰੀ ਚਮਕੌਰ ਸਾਹਿਬ

**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)** ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਬਰਸਾਲਪੁਰ ਵਿੱਚ ਬਾਲ ਦਿਵਸ ਮੌਕੇ ਸਕੂਲ ਦੀ ਬਾਲ ਮੈਗਜ਼ੀਨ "ਸਵਰਗ ਦਾ ਬੂਹਾ" ਰਿਲੀਜ਼ ਕੀਤੀ ਗਈ। ਇਸ ਦੇ ਨਾਲ ਨਾਲ ਪੰਜਵੀਂ ਜਮਾਤ ਦੇ ਵਿਦਿਆਰਥੀ ਮਹਿਕਦੀਪ ਸਿੰਘ ਵੱਲੋਂ ਆਪਣੇ ਪੱਧਰ 'ਤੇ ਤਿਆਰ ਕੀਤੀ ਗਈ ਮੈਗਜ਼ੀਨ ਵੀ ਰਿਲੀਜ਼ ਕੀਤੀ ਗਈ। ਵਿਦਿਆਰਥੀ ਵੱਲੋਂ ਕੀਤਾ ਗਿਆ ਇਹ ਕੰਮ ਸਾਰੇ ਸਕੂਲ ਲਈ ਇੱਕ ਉਦਾਹਰਨ ਸੀ। ਇਸ ਦੇ ਨਾਲ ਨਾਲ ਹੀ ਸਕੂਲ ਦੇ ਇੰਚਾਰਜ ਹਰਿੰਦਰ ਸਿੰਘ ਨੇ ਦੱਸਿਆ ਕਿ ਅੱਜ ਤੋਂ ਐੱਲ ਕੇ ਜੀ ਅਤੇ ਯੂ ਕੇ ਜੀ ਦੀਆਂ ਜਮਾਤਾਂ ਦੇ ਸੈਸ਼ਨ 2023-24 ਲਈ ਦਾਖਲੇ ਸ਼ੁਰੂ ਕਰ ਦਿੱਤੇ ਗਏ ਹਨ ਤੇ ਨਾਲ ਹੀ ਉਹਨਾ ਨੇ ਪਿੰਡ ਤੋਂ ਆਏ ਪੰਤਵੰਤੇ ਸੱਜਣਾਂ ਤੇ ਮਾਪਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਮੈਡਮ ਵਰਿੰਦਰ ਕੌਰ ਤੇ ਮੈਡਮ ਗਗਨਦੀਪ ਕੌਰ ਹਾਜ਼ਰ ਸਨ।

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਗੁਰੂ ਨਾਨਕ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਝਾਵਾਂ ਵਿਖੇ ਬਾਲ ਦਿਵਸ ਮਨਾਇਆ ਗਿਆ। ਸੰਸਥਾ ਦੇ ਮੈਨੇਜਰ ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਪ੍ਰਿੰਸੀਪਲ ਰਾਜਿੰਦਰ ਕੁਮਾਰੀ ਦੀ ਅਗਵਾਈ ਵਿੱਚ ਮਨਾਏ ਗਏ ਬਾਲ ਦਿਵਸ ਬੱਚਿਆਂ ਨੇ ਵੱਖ- ਵੱਖ ਗਤੀਵਿਧੀਆਂ ਵਿੱਚ ਭਾਗ ਲਿਆ। ਸ਼ਬਦ ਗੁਰਬਾਣੀ ਦੇ ਗਾਇਨ ਉਪਰੰਤ ਸ਼ੁਰੂ ਹੋਏ ਇਸ ਸਮਾਰੋਹ ਉਪਰੰਤ ਛੋਟੇ ਬੱਚਿਆਂ ਨੇ ਸੋਲੋ, ਡਾਂਸ ਮੁਕਾਬਲੇ, ਮਾਡਲਿੰਗ, ਪੰਜਾਬੀ ਗੀਤ, ਕਵੀਸ਼ਰੀ ਅਤੇ ਕਵਿਤਾਵਾਂ ਪੇਸ਼ ਕੀਤੀਆਂ ਜਦਕਿ ਇਸ ਮੌਕੇ ਸੀਨੀਅਰ ਵਿਦਿਆਰਥੀਆਂ ਨੇ ਵਿੱਚ ਗਰੁੱਪ ਡਾਂਸ, ਕਵੀਸ਼ਰੀ, ਸਮਾਜਿਕ ਬੁਰਾਈਆਂ ਨੂੰ ਦਰਸਾਉਂਦੀਆਂ ਨਾਟਕ, ਸਕਿੱਟਾਂ, ਡਰਾਮਾ, ਪੰਜਾਬੀ ਗੀਤ ਬੋਲੀਆਂ ਅਤੇ ਗਿੱਧਾ ਅਤੇ ਭੰਗੜੇ ਦੀ ਸਫਲ ਪੇਸ਼ਕਾਰੀ ਕਰਕੇ ਸਭ ਦਾ ਮਨ ਮੋਹਿਆ। ਇਸ ਮੌਕੇ ਸੰਬੋਧਨ ਕਰਦਿਆਂ ਸੰਸਥਾ ਦੇ ਮੈਨੇਜਰ ਬਲਬੀਰ ਸਿੰਘ ਅਤੇ ਪ੍ਰਿੰਸੀਪਲ ਰਜਿੰਦਰ ਕੁਮਾਰੀ ਨੇ ਸਮੂਹ ਵਿਦਿਆਰਥੀਆਂ ਨੂੰ ਬਾਲ ਦਿਵਸ ਦੀ ਮੁਬਾਰਕਬਾਦ ਦਿੰਦੇ ਹੋਏ ਇਸ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਇਸ ਮੌਕੇ ਡੀ ਪੀ ਸੰਦੀਪ ਸਿੰਘ ਝੱਜੀ ਪਿੰਡ, ਡੀ ਪੀ ਈ ਜਸਪ੍ਰੀਤ ਸਿੰਘ, ਸੁਖਵਿੰਦਰ ਸਿੰਘ, ਸਤਨਾਮ ਸਿੰਘ, ਬਲਵੀਰ ਸਿੰਘ, ਮੈਡਮ ਮਨਪ੍ਰੀਤ ਕੌਰ, ਜਤਿੰਦਰ ਕੌਰ, ਜਤਿੰਦਰਜੀਤ ਕੌਰ, ਨਿਰਮਲ ਕੌਰ, ਨਿਸ਼ਾ, ਊਸ਼ਾ ਸ਼ਰਮਾ, ਕੰਚਨ ਬਾਲਾ, ਹਰਪ੍ਰੀਤ ਕੌਰ, ਮਨਦੀਪ ਕੌਰ, ਨਰਿੰਦਰ ਕੌਰ, ਹਰਜਿੰਦਰ ਕੌਰ, ਪਰਮਜੀਤ ਕੌਰ, ਭੁਪਿੰਦਰਜੀਤ ਕੌਰ, ਦਿਲਜੀਤ ਕੌਰ, ਸੰਵੇਦਨਾ, ਨਵਜੀਤ ਕੌਰ ਅਤੇ ਕਮਲਜੀਤ ਕੌਰ ਵੀ ਹਾਜ਼ਰ ਸਨ।

**ਫਿਲੌਰ (ਨਿਰਮਲ)**- ਮੁਠੱਡਾ ਕਲਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਬਾਲ ਦਿਵਸ ਮਨਾਇਆ ਗਿਆ। ਜਿਸ 'ਚ ਸਕੂਲ ਦਾ ਮੈਗਜੀਨ ਰੀਲੀਜ ਕੀਤਾ ਗਿਆ। 'ਅਨਮੋਲ ਰਤਨ' ਨਾਮ ਦੇ ਮੈਗਜੀਨ ਨੂੰ ਰੀਲੀਜ ਕਰਨ ਦੀ ਰਸਮ ਡਾ. ਸਰਬਜੀਤ ਮੁਠੱਡਾ ਨੇ ਅਦਾ ਕੀਤੀ। ਇਸ ਮੈਗਜੀਨ 'ਚ ਬੱਚਿਆਂ ਵਲੋਂ ਤਿਆਰ ਕੀਤੀਆਂ ਰਚਨਾਵਾਂ ਨੂੰ ਸ਼ਾਮਲ ਕੀਤਾ ਗਿਆ। ਇਸ ਮੌਕੇ ਨਵੇਂ ਦਾਖਲਿਆਂ ਦਾ ਵੀ ਆਗਾਜ ਕੀਤਾ ਗਿਆ। ਸਕੂਲ ਦੇ ਵਿਹੜੇ 'ਚ ਬੱਚਿਆਂ ਨੇ ਸਭਿਆਚਾਰਕ ਗਤੀਵਿਧੀਆਂ 'ਚ ਵੀ ਭਾਗ ਲਿਆ। ਬੱਚਿਆਂ ਨੇ ਪੀਘਾਂ ਆਦਿ ਝੂਟ ਕੇ ਖੂਬ ਮਜੇ ਕੀਤੇ। ਸਕੂਲ ਕਮੇਟੀ ਦੇ ਚੇਅਰਮੈਨ ਅਵਤਾਰ ਰਾਮ, ਸਕੂਲ ਮੁਖੀ ਜੋਤੀ ਬਾਂਸਲ, ਹਰਪ੍ਰੀਤ ਸਿੰਘ, ਵਿਸ਼ਾਲੀ, ਰਜਨੀਸ਼ ਅਗਰਵਾਲ, ਬਲਵੀਰ ਕੌਰ, ਕੰਚਨ, ਸੁਨੀਤਾ, ਯੁਵਰਾਜ ਗਿੱਲ, ਅਭੀਰਾਜ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ। ਸਕੂਲ ਦਾ ਮੈਗਜੀਨ 'ਅਨਮੋਲ ਰਤਨ' ਰੀਲੀਜ ਕਰਨ ਦੀ ਰਸਮ ਡਾ. ਸਰਬਜੀਤ ਮੁਠੱਡਾ ਨੇ ਅਦਾ ਕੀਤੀ। ਇਸ ਮੈਗਜੀਨ 'ਚ ਬੱਚਿਆਂ ਵਲੋਂ ਤਿਆਰ ਕੀਤੀਆਂ ਰਚਨਾਵਾਂ ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਮੌਕੇ ਨਵੇਂ ਦਾਖਲਿਆਂ ਦਾ ਵੀ ਆਗਾਜ ਕੀਤਾ ਗਿਆ। ਸਕੂਲ ਦੇ ਵਿਹੜੇ 'ਚ ਬੱਚਿਆਂ ਨੇ ਸਭਿਆਚਾਰਕ ਗਤੀਵਿਧੀਆਂ 'ਚ ਵੀ ਭਾਗ ਲਿਆ। ਬੱਚਿਆਂ ਨੇ ਪੀਘਾਂ ਆਦਿ ਝੂਟ ਕੇ ਖੂਬ ਮਜੇ ਕੀਤੇ। ਇਸ ਮੌਕੇ ਸਕੂਲ ਕਮੇਟੀ ਦੇ ਚੇਅਰਮੈਨ ਅਵਤਾਰ ਰਾਮ, ਸਕੂਲ ਮੁਖੀ ਜੋਤੀ ਬਾਂਸਲ, ਹਰਪ੍ਰੀਤ ਸਿੰਘ, ਵਿਸਾਲੀ, ਰਜਨੀਸ਼ ਅਗਰਵਾਲ, ਬਲਵੀਰ ਕੌਰ, ਕੰਚਨ , ਸੁਨੀਤਾ, ਯੁਵਰਾਜ ਗਿੱਲ, ਅਭੀਰਾਜ ਆਦਿ ਉਚੇਚੇ ਤੌਰ 'ਤੇ ਹਾਜ਼ਰ ਸਨ।

# ਤਨਖਾਹਾਂ ਨੂੰ ਲੈ ਕੇ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਵਰਕਰਾਂ ਵੱਲੋਂ ਧਰਨਾ

## ਤਨਖਾਹਾਂ ਨਾ ਮਿਲਣ ਤੱਕ ਧਰਨਾ ਜਾਰੀ ਰੱਖਣ ਦਾ ਐਲਾਨ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਜਲ ਸਪਲਾਈ ਤੇ ਸੀਵਰੇਜ ਬੋਰਡ ਵਿੱਚ ਕੰਮ ਕਰਦੇ ਠੇਕਾ ਅਧਾਰਤ ਵਰਕਰਾਂ ਵੱਲੋਂ ਪਿਛਲੇ ਦੋ ਮਹੀਨੇ ਦੀ ਤਨਖਾਹ ਨਾ ਮਿਲਣ ਕਰਕੇ ਧਰਨਾ ਦਿੱਤਾ ਗਿਆ। ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦੀ ਬਰਾਂਚ ਗਿੱਦੜਬਾਹਾ ਦੇ ਪ੍ਰਧਾਨ ਨਵਨੀਤ ਸ਼ਰਮਾ, ਜਰਨਲ ਸਕੱਤਰ ਕੁਲਦੀਪ ਰਸੀਲਾ, ਮੀਤ ਪ੍ਰਧਾਨ ਅਸ਼ੋਕ ਕੁਮਾਰ ਤੇ ਸੰਦੀਪ ਸਿੰਘ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਕਿਹਾ ਕਿ ਉਹ ਜਲ ਸਪਲਾਈ ਤੇ ਸੀਵਰੇਜ ਬੋਰਡ ਵਿੱਚ ਪਿਛਲੇ ਲੰਬੇ ਸਮੇਂ ਤੋਂ ਕੰਮ ਕਰ ਰਹੇ ਹਨ, ਪਰ ਪਿਛਲੇ ਦੋ ਮਹੀਨੇ ਤੋਂ ਤਨਖਾਹਾਂ ਨਾ ਮਿਲਣ ਕਰਕੇ ਵਰਕਰਾਂ ਨੂੰ ਘਰਾਂ ਦਾ ਗੁਜ਼ਾਰਾ ਕਰਨਾ ਮੁਸ਼ਕਲ ਹੋ ਗਿਆ, ਜਿਸ ਸੰਬੰਧੀ ਪਹਿਲਾਂ 03 ਨਵੰਬਰ ਤੇ 11 ਨਵੰਬਰ ਨੂੰ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਬਠਿੰਡਾ ਤੇ ਉੱਪ ਮੰਡਲ ਇੰਜੀਨੀਅਰ ਮਲੋਟ ਨੂੰ ਤਨਖਾਹਾਂ ਨਾ ਮਿਲਣ ਕਰਕੇ ਧਰਨੇ ਦਾ ਲਿਖਤੀ ਨੋਟਿਸ ਦਿੱਤਾ ਗਿਆ ਸੀ, ਪਰ ਉਨ੍ਹਾਂ ਵੱਲੋਂ ਇਸ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਜ਼ਿਕਰਯੋਗ ਹੈ ਕਿ ਕਿਰਤ ਵਿਭਾਗ ਦੇ ਮੁਤਾਬਿਕ ਕੰਮ ਕਰਦੇ ਹਰ ਕਿਰਤੀ ਨੂੰ 7 ਤਰੀਕ ਤੋਂ ਪਹਿਲਾਂ ਤਨਖਾਹਾਂ ਦੇਣੀਆਂ ਬਣਦੀਆਂ ਹਨ, ਪਰ ਤਕਰੀਬਨ ਤੀਸਰਾ ਮਹੀਨਾ ਵੀ ਬੀਤਣ 'ਤੇ ਆ ਗਿਆ, ਪਰ ਵਰਕਰਾਂ ਨੂੰ ਤਨਖਾਹਾਂ ਨਹੀਂ ਮਿਲੀਆਂ, ਜਿਸ ਕਰਕੇ ਵਰਕਰਾਂ ਨੂੰ ਮਜਬੂਰਨ ਧਰਨਾ ਲਗਾਉਣਾ ਪਿਆ। ਇਸ ਮੌਕੇ ਅਰਵਿੰਦਰ ਸਿੰਘ, ਕੁਲਵਿੰਦਰ ਸਿੰਘ, ਮੋਨੂੰ ਕੁਮਾਰ, ਵਿਜੇ ਕੁਮਾਰ, ਵਿਕਰਮ, ਅਮਰਜੀਤ, ਸਤਨਾਮ ਤੇ ਸ਼ੇਖਰ ਤੋਂ ਇਲਾਵਾ ਵੱਡੀ ਗਿਣਤੀ 'ਚ ਸਾਥੀ ਧਰਨੇ ਵਿੱਚ ਸ਼ਾਮਲ ਹੋਏ।

## ਭੱਠਿਆਂ 'ਤੇ ਪਰਾਲੀ ਸਾੜਨ ਦਾ ਸਰਕਾਰੀ ਫੈਸਲਾ 'ਵੇਲੇ ਦੀ ਨਮਾਜ਼ ਕੁਵੇਲੇ ਦੀਆਂ ਟੱਕਰਾਂ' : ਕੇਵਲ, ਪ੍ਰਭਾਕਰ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਵੱਲੋਂ ਲਿਆ ਗਿਆ ਇਹ ਫੈਸਲਾ ਕਿ ਕਿਸਾਨ ਝੋਨੇ ਦੀ ਪਰਾਲੀ ਨੂੰ ਖੇਤਾਂ ਵਿੱਚ ਅੱਗ ਨਾ ਲਾਉਣ ਤੇ ਇਸ ਪਰਾਲੀ ਦੀ ਵਰਤੋਂ ਭੱਠਾ ਮਾਲਕ ਇੱਟ ਪਕਾਉਣ ਲਈ ਕਰਨ। ਇਹ ਫੈਸਲਾ ਪੰਜਾਬ ਸਰਕਾਰ ਵੱਲੋਂ ਉਸ ਸਮੇਂ ਦਿੱਤਾ ਗਿਆ, ਜਦੋਂ ਕਿ ਖੇਤਾਂ ਵਿੱਚੋਂ ਪਰਾਲੀ ਕਿਸਾਨਾਂ ਨੇ ਜਾਂ ਤਾਂ ਝੋਨਾ ਕੱਟਣ ਤੋਂ ਬਾਅਦ ਅੱਗ ਲਾ ਕੇ ਸਾੜ ਦਿੱਤੀ ਜਾਂ ਖੇਤਾਂ ਵਿੱਚ ਵਾਹ ਦਿੱਤੀ ਜਾਂ ਫਿਰ ਉਸ ਦੀਆਂ ਗੰਢਾਂ ਬੰਨ੍ਹ ਕੇ ਰੱਖ ਦਿੱਤੀਆਂ।

ਭੱਠਾ ਬਚਾਓ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਕੇਵਲ ਕ੍ਰਿਸ਼ਨ ਲੌਂਗੋਵਾਲੀਆਂ ਤੇ ਜਰਨਲ ਸਕੱਤਰ ਫਤਿਹ ਪ੍ਰਭਾਕਰ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਇਹ ਫੈਸਲਾ ਉਦੋਂ ਸੁਣਾਇਆ, ਜਦੋਂ ਕਿ ਝੋਨੇ ਦੀ ਫਸਲ ਤੇ ਪਰਾਲੀ ਦਾ ਨਿਪਟਾਰਾ ਕਿਸਾਨਾਂ ਵੱਲੋਂ ਕਿਸੇ ਨਾ ਕਿਸੇ ਢੰਗ ਨਾਲ ਕਰ ਦਿੱਤਾ ਗਿਆ। ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਸਰਕਾਰ ਝੋਨੇ ਦੀ ਵਾਢੀ ਤੇ ਛੰਗਾਈ ਸ਼ੁਰੂ ਹੋਣ ਤੋਂ ਪਹਿਲਾਂ ਇਹ ਫੈਸਲਾ ਲੈ ਲੈਂਦੀ ਤਾਂ ਸ਼ਾਇਦ ਕਿਸਾਨ ਝੋਨੇ ਦੀ ਪਰਾਲੀ, ਨਾੜ ਨੂੰ ਇੰਨੇ ਵੱਡੇ ਪੱਧਰ 'ਤੇ ਅੱਗ ਨਾ ਲਾਉਂਦੇ ਤੇ ਉਹ ਨੇੜੇ ਤੇੜੇ ਦੇ ਭੱਠਾਂ ਮਾਲਕਾਂ ਨਾਲ ਗੱਲ ਕਰਕੇ ਆਪਣੇ ਖੇਤ ਦੇ ਝੋਨੇ ਦੀ ਪਰਾਲੀ ਉਨ੍ਹਾਂ ਭੱਠਿਆਂ 'ਤੇ ਦੇ ਕੇ ਕੁਝ ਮੁਨਾਫਾ ਵੀ ਕਮਾ ਲੈਂਦੇ।

ਆਗੂਆਂ ਦਾ ਕਹਿਣਾ ਹੈ ਕਿ ਇਸ ਕਰਕੇ ਪੰਜਾਬ ਸਰਕਾਰ ਦਾ ਇਹ ਫੈਸਲਾ 'ਵੇਲੇ ਦੀ ਨਮਾਜ, ਕੁਵੇਲੇ ਦੀਆਂ ਟੱਕਰਾਂ' ਵਾਲੀ ਕਹਾਵਤ ਨਾਲ ਪੂਰੀ ਤਰ੍ਹਾਂ ਢੁੱਕਦਾ ਹੈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਐਸੋਸੀਏਸ਼ਨ ਦੇ ਆਗੂ ਸੰਦੀਪ ਕੁਮਾਰ ਸਿੰਗਲਾ, ਅਸ਼ੋਕ ਕੁਮਾਰ ਗਾਂਧੀ, ਦੂਨੀ ਚੰਦ ਮਿੱਤਲ, ਸੁਰਿੰਦਰ ਪਾਲ ਲੀਲਾ, ਰਿਸ਼ੀਪਾਲ ਗੋਇਲ, ਮੁਕੇਸ਼ ਗੁਪਤਾ, ਅਮਰ ਨਾਥ ਨਾਗਰੀ, ਦੀਪਕ ਗਰਗ, ਵਿਜੈ ਕੁਮਾਰ ਜਿੰਦਲ, ਕਵਲ ਕਾਂਤ ਗੋਇਲ ਤੇ ਰਵਿੰਦਰ ਜਿੰਦਲ ਹਾਜ਼ਰ ਸਨ।

# ਡੀ ਸੀ ਜੋਰਵਾਲ ਨੇ ਬਾਲ ਦਿਵਸ ਮੌਕੇ ਸਕੂਲੀ ਬੱਚਿਆਂ ਦੇ ਸੁਪਨਿਆਂ ਨੂੰ ਦਿੱਤੀ ਉਡਾਨ

**ਸੰਗਰੂਰ (ਪ੍ਰਵੀਨ ਸਿੰਘ)**

ਬਾਲ ਦਿਵਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਜਤਿੰਦਰ ਜੋਰਵਾਲ ਨੇ ਸਕੂਲੀ ਸਿੱਖਿਆ ਹਾਸਲ ਕਰ ਰਹੇ ਝੁੱਗੀ ਝੌਂਪੜੀ ਦੇ ਬੱਚਿਆਂ ਤੇ ਸਰਕਾਰੀ ਸਮਾਰਟ ਸਕੂਲਾਂ ਦੇ ਵਿਦਿਆਰਥੀਆਂ ਨਾਲ ਸਮਾਂ ਬਿਤਾਇਆ ਅਤੇ ਉਨ੍ਹਾਂ ਦੇ ਸੁਪਨਿਆਂ ਨੂੰ ਉਡਾਣ ਦੇਣ ਲਈ ਜਿੱਥੇ ਉਨ੍ਹਾਂ ਨੂੰ ਸਕੂਲੀ ਬੈਗ, ਸਟੇਸ਼ਨਰੀ ਤੇ ਚਾਕਲੇਟ ਵੰਡੇ, ਉੱਥੇ ਨਾਲ ਹੀ ਭਵਿੱਖ ਵਿੱਚ ਆਪਣੀ ਮੰਜ਼ਿਲ ਨੂੰ ਹਾਸਲ ਕਰਨ ਦੀ ਦਿਸ਼ਾ ਵਿੱਚ ਨਿਰੰਤਰ ਉਪਰਾਲੇ ਕਰਨ ਲਈ ਵੀ ਪ੍ਰੇਰਿਆ।

ਸੰਗਰੂਰ ਪ੍ਰਸ਼ਾਸਨ ਵੱਲੋਂ ਪੰਜਾਬ ਦੇ ਆਪਣੀ ਕਿਸਮ ਦੇ ਪਹਿਲੇ ਸਕੂਲ ਆਨ ਵ੍ਹੀਲਜ਼ ਪ੍ਰੋਗਰਾਮ ਤਹਿਤ ਚਲਾਏ ਜਾ ਰਹੇ ਪ੍ਰੋਜੈਕਟ ਤਹਿਤ ਪਿਛਲੇ ਕਰੀਬ ਪੰਜ ਮਹੀਨਿਆਂ ਤੋਂ ਸਿੱਖਿਆ ਹਾਸਲ ਕਰ ਰਹੇ ਸਲੱਮ ਬਸਤੀਆਂ ਦੇ ਬੱਚਿਆਂ ਨੂੰ ਸਕੂਲ ਬੈਗ ਤੇ ਸਟੇਸ਼ਨਰੀ ਦੀ ਵੰਡ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਨ੍ਹਾਂ ਬੱਚਿਆਂ ਦੀ ਪ੍ਰਤਿਭਾ ਵਿੱਚ ਨਿਖਾਰ ਆਉਣਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਮੌਕੇ 'ਤੇ ਵਿਦਿਆਰਥੀਆਂ ਕੋਲੋਂ ਕਵਿਤਾਵਾਂ ਤੇ ਵਰਣਮਾਲਾ ਵੀ ਸੁਣੀ ਅਤੇ ਪ੍ਰਭਾਵਿਤ ਹੁੰਦਿਆਂ ਕਿਹਾ ਕਿ ਬੱਚਿਆਂ ਨੂੰ ਸਮਾਜ ਵਿੱਚ ਇੱਕ ਚੰਗਾ ਨਾਗਰਿਕ ਬਣ ਕੇ ਵਿਚਰਨ ਦੇ ਸਮਰੱਥ ਬਣਾਉਣ ਦੀ ਇਹ ਮੁਹਿੰਮ ਯਕੀਨੀ ਤੌਰ 'ਤੇ ਸਾਰਥਕ ਨਤੀਜੇ ਸਾਹਮਣੇ ਲਿਆਵੇਗੀ। ਉਨ੍ਹਾ ਨੇ ਇਨ੍ਹਾਂ ਬੱਚਿਆਂ ਨੂੰ ਉਮਰ ਵਰਗ ਮੁਤਾਬਕ ਬੂਟ, ਅੰਡਰ ਗਾਰਮੈਂਟ, ਟੂੱਥ ਬਰੱਸ਼ ਤੇ ਪੇਸਟ, ਤੌਲੀਆ, ਲੰਚ ਬਾਕਸ, ਵਾਲਾਂ ਵਾਲਾ ਤੇਲ, ਪਾਣੀ ਦੀ ਬੋਤਲ ਆਦਿ ਸਾਮਾਨ ਵਾਲੀਆਂ ਕਿੱਟਾਂ ਪ੍ਰਦਾਨ ਕੀਤੀਆਂ। ਇਸ ਤੋਂ ਇਲਾਵਾ ਬੱਚਿਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਉਪਰੰਤ ਡਿਪਟੀ ਕਮਿਸ਼ਨਰ ਵੱਲੋਂ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਹਰੀਪੁਰਾ ਸੰਗਰੂਰ ਤੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਪੁੰਨਾਵਾਲ ਧੂਰੀ ਦਾ ਦੌਰਾ ਕਰਕੇ ਨੰਨ੍ਹੇ ਮੁੰਨਿਆਂ ਨੂੰ ਚਾਕਲੇਟਾਂ ਦੀ ਵੰਡ ਕੀਤੀ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਜੀਤ ਵਾਲੀਆ, ਐੱਸ.ਡੀ.ਐੱਮ. ਸੰਗਰੂਰ ਨਵਰੀਤ ਕੌਰ ਸੇਖੋਂ, ਸਹਾਇਕ ਕਮਿਸ਼ਨਰ ਦੇਵਦਰਸ਼ਦੀਪ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਕੁਲਤਰਨਜੀਤ ਸਿੰਘ, ਡੀ.ਸੀ.ਪੀ.ਓ. ਨਵਨੀਤ ਕੌਰ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।



'ਸਕੂਲ ਆਨ ਵ੍ਹੀਲਜ਼' 'ਚ ਪੜ੍ਹਦੇ ਬੱਚਿਆਂ ਨੂੰ ਰੋਜ਼ਾਨਾ ਵਰਤੋਂ ਦਾ ਸਾਮਾਨ ਵੀ ਵੰਡਿਆ

## ਕਾਤਰਾਂ

### ਪ੍ਰਾਇਮਰੀ ਸਕੂਲ ਰਹੌਣ 'ਚ ਬਾਲ ਮੈਗਜ਼ੀਨ 'ਸੱਜਰੀ ਸਵੇਰ' ਰਿਲੀਜ਼



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਖੰਨਾ ਦੇ ਵਾਰਡ ਨੰਬਰ 1, ਰਹੌਣ ਸਰਕਾਰੀ ਪ੍ਰਾਇਮਰੀ ਸਕੂਲ ਦਾ ਬਾਲ ਦਿਵਸ 'ਤੇ ਬਾਲ ਮੈਗਜ਼ੀਨ 'ਸੱਜਰੀ ਸਵੇਰ' ਰਿਲੀਜ਼ ਕੀਤਾ ਗਿਆ। ਇਸ ਮੌਕੇ ਪਿੰਡ ਦੇ ਪਤਵੰਤੇ ਸੱਜਣ, ਬੱਚਿਆਂ ਦੀਆਂ ਮਾਤਾਵਾਂ ਤੇ ਸਮੂਹ ਸਟਾਫ ਪ੍ਰਭਜੋਤ ਕੌਰ, ਅਮਰਜੋਤ ਕੌਰ, ਗੁਰਵਿੰਦਰ ਕੌਰ, ਸੀਮਾ ਸ਼ਰਮਾ, ਬਲਵਿੰਦਰ ਕੌਰ ਹਾਜ਼ਰ ਸਨ। ਇਸ ਪ੍ਰੋਗਰਾਮ ਦੌਰਾਨ ਮਾਤਾਵਾਂ ਦੇ ਵੱਖ ਵੱਖ ਮੁਕਾਬਲੇ ਤੇ ਬੱਚਿਆਂ ਦੁਆਰਾ ਵੱਖ ਵੱਖ ਗਤੀਵਿਧੀਆਂ ਅਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਮੌਕੇ ਮੁੱਖ ਅਧਿਆਪਕ ਪ੍ਰਭਜੋਤ ਕੌਰ ਨੇ ਆਏ ਹੋਏ ਪਤਵੰਤੇ ਸੱਜਣਾਂ ਤੇ ਮਾਤਾਵਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

### ਦੰਦਾਂ ਦੇ ਇਲਾਜ ਲਈ ਪੰਦਰਵਾੜਾ ਸੀ ਐਚ ਸੀ ਵਿਖੇ ਸ਼ੁਰੂ



**ਭੀਖੀ (ਧਰਮਵੀਰ ਸ਼ਰਮਾ)**-ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਤੇ ਸਿਵਲ ਸਰਜਨ ਮਾਨਸਾ ਡਾ. ਹਰਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ ਹੇਠ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਹਰਦੀਪ ਸ਼ਰਮਾ ਦੀ ਅਗਵਾਈ ਵਿੱਚ ਦੰਦਾਂ ਦੇ ਮੁਫਤ ਇਲਾਜ ਲਈ 34ਵਾਂ ਦੰਦ ਪੰਦਰਵਾੜਾ 14 ਨਵੰਬਰ ਤੋਂ 29 ਨਵੰਬਰ ਤੱਕ ਸੀਐਸਸੀ ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਐਸਐਮਓ ਡਾ. ਹਰਦੀਪ ਸ਼ਰਮਾ ਨੇ ਕਿਹਾ ਕਿ ਇਸ ਪੰਦਰਵਾੜੇ ਤਹਿਤ ਦੰਦਾਂ ਦੀਆਂ ਬਿਮਾਰੀਆਂ ਦਾ ਇਲਾਜ ਸੀਐਚਸੀ ਭੀਖੀ ਵਿਖੇ ਬਿਲਕੁੱਲ ਮੁਫ਼ਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪੰਦਰਵਾੜੇ ਦੌਰਾਨ ਡੈਂਟਲ ਸਰਜਨ ਡਾ. ਨਿਰਮਲ ਸਿੰਘ ਦੰਦਾ ਦੀਆਂ ਬਿਮਾਰੀਆਂ ਦਾ ਮੁਫਤ ਇਲਾਜ ਕਰਨਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਦਾ ਵੱਧ ਤੋਂ ਵੱਧ ਲਾਹਾ ਲੈਣ। ਦੰਦਾਂ ਦੇ ਮਾਹਰ ਡਾ. ਨਿਰਮਲ ਸਿੰਘ ਨੇ ਦੱਸਿਆ ਕਿ ਇਸ ਪੰਦਰਵਾੜੇ ਦੌਰਾਨ ਲੋੜਵੰਦ ਮਰੀਜ਼ਾਂ ਦੇ ਮੁਫ਼ਤ ਡੈਂਚਰ ਲਗਾਏ ਜਾਣਗੇ ਅਤੇ ਦੰਦਾਂ ਦੀਆਂ ਬਿਮਾਰੀਆਂ ਦਾ ਇਲਾਜ ਵੀ ਮੁਫ਼ਤ ਕੀਤਾ ਜਾਏਗਾ।

### ਐੱਸ ਐੱਸ ਪੀ ਡਾ. ਨਾਨਕ ਸਿੰਘ ਨੇ ਚਾਰਜ ਸੰਭਾਲਿਆ



**ਮਾਨਸਾ (ਰੀਤਵਾਲ)**-ਪੰਜਾਬ ਸਰਕਾਰ ਵੱਲੋਂ ਆਈ ਪੀ ਐੱਸ ਅਧਿਕਾਰੀਆਂ ਦੇ ਕੀਤੇ ਗਏ ਤਬਾਦਲੇ ਤੋਂ ਬਾਅਦ ਅੱਜ ਮਾਨਸਾ ਦਾ ਚਾਰਜ ਐੱਸ ਐੱਸ ਪੀ ਡਾ. ਨਾਨਕ ਸਿੰਘ ਨੇ ਸੰਭਾਲ ਲਿਆ ਹੈ। ਐੱਸ ਐੱਸ ਪੀ ਡਾ. ਨਾਨਕ ਸਿੰਘ ਨੇ ਸਾਦੇ ਤਰੀਕੇ ਦੇ ਨਾਲ ਆਪਣਾ ਚਾਰਜ ਸੰਭਾਲਿਆ। ਇਸ ਦੌਰਾਨ ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਾਨਸਾ ਪੁਲਸ ਲਈ ਸਭ ਤੋਂ ਅਹਿਮ ਕੇਸ ਸਿੱਧੂ ਮੂਸੇਵਾਲਾ ਕੇਸ ਹੈ ਤੇ ਇਸ 'ਤੇ ਹੀ ਕੰਮ ਕਰਾਂਗੇ ਅਤੇ ਪਹਿਲ ਦੇ ਆਧਾਰ 'ਤੇ ਸਾਡਾ ਕੇਸ ਹੈ ਅਤੇ ਜੋ ਤਫ਼ਤੀਸ਼ ਬਾਕੀ ਹੈ, ਉਹ ਤਫਤੀਸ਼ ਕੀਤੀ ਜਾਵੇਗੀ ਅਤੇ ਨਾਲ ਹੀ ਚੱਲ ਰਹੇ ਟਰਾਇਲ ਅਧੀਨ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾਵੇਗੀ।

### ਦਿਵਿਆਂਗਜਨਾਂ ਨੂੰ ਉਪਕਰਨ ਮੁਹੱਈਆ ਕਰਵਾਉਣ ਲਈ ਸ਼ਨਾਖਤੀ ਕੈਂਪ ਲਾਇਆ

**ਜ਼ੀਰਾ (ਨਰਿੰਦਰ ਅਨੇਜਾ)**-ਸ੍ਰੀਮਤੀ ਅੰਮ੍ਰਿਤ ਸਿੰਘ ਆਈ ਏ ਐੱਸ ਮਾਨਯੋਗ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਦਿਵਿਆਂਗਜਨਾਂ ਨੂੰ ਉਪਕਰਨ ਮੁਹੱਈਆ ਕਰਵਾਉਣ ਲਈ ਸਰਕਾਰੀ ਕੰਨਿਆ ਸੀ. ਸੈ. ਸਕੂਲ ਜ਼ੀਰਾ (ਫਿਰੋਜ਼ਪੁਰ) ਵਿਖੇ ਜ਼ਿਲ੍ਹਾ ਰੈੱਡ ਕਰਾਸ ਫਿਰੋਜ਼ਪੁਰ ਵੱਲੋਂ ਅਲਿਮਕੋ, ਕਾਨਪੁਰ ਦੇ ਸਹਿਯੋਗ ਨਾਲ ਸ਼ਨਾਖਤੀ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ 35 ਦਿਵਿਆਂਗਜਨਾਂ ਦੀ ਸ਼ਨਾਖਤ ਕੀਤੀ ਗਈ। ਇਸ ਕੈਂਪ ਵਿੱਚ ਸ੍ਰੀ ਰਾਕੇਸ਼ ਸ਼ਰਮਾ ਪ੍ਰਿੰਸੀਪਲ ਸਰਕਾਰੀ ਸੀ.ਸੈ. ਸਕੂਲ, ਸ੍ਰੀ ਵਿਨੋਦ ਕੁਮਾਰ ਨਾਇਬ ਤਹਿਸੀਲਦਾਰ ਜ਼ੀਰਾ, ਸੀਨੀਅਰ ਮੈਡੀਕਲ ਅਫਸਰ ਜ਼ੀਰਾ ਅਤੇ ਸ੍ਰੀ ਅਸ਼ੋਕ ਬਹਿਲ ਸਕੱਤਰ ਰੈੱਡ ਕਰਾਸ ਫਿਰੋਜ਼ਪੁਰ ਹਾਜ਼ਰ ਸਨ। ਸ੍ਰੀ ਅਸ਼ੋਕ ਬਹਿਲ ਸਕੱਤਰ ਰੈੱਡ ਕਰਾਸ ਫਿਰੋਜ਼ਪੁਰ ਨੇ ਦੱਸਿਆ ਕਿ ਇਨ੍ਹਾਂ ਸ਼ਨਾਖਤ ਕੀਤੇ ਦਿਵਿਆਂਗਜਨਾਂ ਨੂੰ ਟਰਾਈਸਾਈਕਲ, ਵਹੀਲਚੇਅਰ, ਕੰਨਾਂ ਦੀਆਂ ਮਸ਼ੀਨਾਂ ਆਦਿ ਵੱਖ-ਵੱਖ ਤਰ੍ਹਾਂ ਦੇ ਉਪਕਰਨ ਮੁਹੱਈਆ ਕਰਵਾਏ ਜਾਣਗੇ।

## ਵਿਸ਼ਵ ਡਾਇਬਿਟੀਜ਼ ਦਿਵਸ ਮੌਕੇ ਸਿਹਤ ਸੰਸਥਾਵਾਂ 'ਚ ਜਾਗਰੂਕਤਾ ਤੇ ਜਾਂਚ ਕੈਂਪ

### ਨੌਜਵਾਨਾਂ ਤੇ ਬੱਚਿਆਂ 'ਚ ਡਾਇਬਿਟੀਜ਼ ਦਾ ਵਧਣਾ ਚਿੰਤਾ ਦਾ ਵਿਸ਼ਾ : ਸਿਹਤ ਕਰਮੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਡਾ. ਰੰਜੂ ਸਿੰਗਲਾ ਦੇ ਦਿਸ਼ਾ ਨਿਰਦੇਸ਼ਾ ਤੇ ਸੀ.ਐੱਚ.ਸੀ. ਚੱਕ ਸ਼ੇਰੇ ਵਾਲਾ ਦੇ ਐੱਸ.ਐੱਮ.ਓ ਡਾ. ਜਤਿੰਦਰ ਪਾਲ ਸਿੰਘ ਦੀ ਅਗਵਾਈ ਹੇਠ ਬਲਾਕ ਦੀਆਂ ਵੱਖ-ਵੱਖ ਸਿਹਤ ਸੰਸਥਾਵਾਂ ਵਿਖੇ ਵਿਸ਼ਵ ਡਾਇਬਿਟੀਜ਼ ਦਿਵਸ ਮੌਕੇ ਜਾਗਰੂਕਤਾ ਤੇ ਜਾਂਚ ਕੈਂਪ ਲਗਾਏ ਗਏ। ਸੀ.ਐੱਚ.ਸੀ. ਚੱਕ ਸ਼ੇਰੇ ਵਾਲਾ, ਹੈਲਥ ਵੈੱਲਨੈੱਸ ਕੇਂਦਰ ਬਾਜਾ ਮਰਾੜ, ਖੱਪਿਆਂਵਾਲੀ, ਲੁਬਾਣਿਆਂ ਵਾਲੀ, ਫੱਤਣਵਾਲਾ, ਵੜਿੰਗ, ਗੁਲਾਬੇਵਾਲਾ, ਜੰਡੋ ਕੇ, ਰਾਮਗੜ ਚੂੰਘਾ, ਉਦੇਕਰਨ, ਸੰਗੂ ਧੌਣ, ਲੱਖੇਵਾਲੀ, ਚਿੱਬੜਾਂ ਵਾਲੀ, ਰਹੂੜਿਆਂ ਵਾਲੀ, ਬਲਮਗੜ੍ਹ, ਸਰਾਏਨਾਗਾ, ਮਰਾੜ ਕਲਾਂ ਆਦਿ ਵਿਖੇ ਸਿਹਤ ਕਰਮੀਆਂ ਵੱਲੋਂ ਲੋਕਾਂ ਦੇ ਸ਼ੂਗਰ ਦੀ ਜਾਂਚ ਕੀਤੀ ਗਈ ਤੇ ਉਨ੍ਹਾਂ ਨੂੰ ਡਾਇਬਿਟੀਜ਼ ਭਾਵ ਸ਼ੂਗਰ ਦੀ ਬਿਮਾਰੀ ਬਾਰੇ ਜਾਗਰੂਕ ਵੀ ਕੀਤਾ। ਬੀ.ਈ.ਈ. ਮਨਬੀਰ ਸਿੰਘ ਨੇ ਦੱਸਿਆ ਕਿ ਇੰਟਰਨੈਸ਼ਨਲ ਡਾਇਬਿਟੀਜ਼ ਫੈਡਰੇਸ਼ਨ ਐਟਲਸ ਦੀ ਇੱਕ ਰਿਪੋਰਟ ਮੁਤਾਬਕ 2030 ਤੱਕ ਭਾਰਤ ਦੀ ਬਾਲਗ ਆਬਾਦੀ ਵਿੱਚ ਡਾਇਬਿਟੀਜ਼ ਦੇ ਲਗਭਗ 101 ਮਿਲੀਅਨ ਤੇ 2045 ਵਿੱਚ 134 ਮਿਲੀਅਨ ਮਾਮਲੇ ਹੋਣਗੇ।

ਸਿਰਫ਼ ਇੰਨਾ ਹੀ ਨਹੀਂ ਡਾਇਬਿਟੀਜ਼ ਤੋਂ ਪੀੜਤ ਨੌਜਵਾਨਾਂ ਤੇ ਬੱਚਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਇਸ ਮੌਕੇ ਵੱਖ-ਵੱਖ ਸਿਹਤ ਕੇਂਦਰਾਂ ਤੇ ਨਿਯੁਕਤ ਸੀ.ਐੱਚ.ਓ, ਮਲਟੀ ਪਰਪਜ਼ ਹੈਲਥ ਸੁਪਰਵਾਈਜ਼ਰ (ਮੇਲ ਤੇ ਫੀਮੇਲ), ਮਲਟੀਪਰਪਜ਼ ਹੈਲਥ ਵਰਕਰ (ਮੇਲ ਤੇ ਫੀਮੇਲ), ਆਸ਼ਾ ਵਰਕਰ ਆਦਿ ਮੌਜੂਦ ਸਨ।

## ਪ੍ਰਿੰਸੀਪਲ ਭੰਡਾਰੀ ਨੂੰ ਮੁੜ ਗੁਰਦੁਆਰਾ ਮੋਰੀ ਗੇਟ ਦੀ ਸੇਵਾ ਮਿਲੀ



**ਜਗਰਾਉਂ (ਅਮਿਤ ਖੰਨਾ)**-ਪਿਛਲੇ ਲੰਬੇ ਸਮੇਂ ਤੋਂ ਗੁਰਦੁਆਰਾ ਗੁਰੂ ਨਾਨਕਪੁਰਾ ਮੋਰੀ ਗੇਟ ਵਿਖੇ ਲਗਾਤਾਰ ਮੁੱਖ ਸੇਵਾਦਾਰ (ਪ੍ਰਧਾਨ) ਵਜੋਂ ਪ੍ਰਬੰਧਕੀ ਸੇਵਾਵਾਂ ਨਿਭਾਅ ਰਹੇ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ, ਜਿਸ ਦੀ ਇਲਾਕੇ ਦੀਆਂ ਸੰਗਤਾਂ ਨੇ ਭਰਪੂਰ ਸ਼ਲਾਘਾ ਕੀਤੀ।

ਚੁਣੇ ਜਾਣ ਉਪਰੰਤ ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਆਖਿਆ ਕਿ ਜੋ ਜ਼ਿੰਮੇਵਾਰੀ ਸਾਥੀਆਂ ਤੇ ਸੰਗਤਾਂ ਨੇ ਉਨ੍ਹਾਂ ਦੇ ਮੋਢਿਆਂ 'ਤੇ ਪਾਈ ਹੈ, ਉਸ ਜ਼ਿੰਮੇਵਾਰੀ ਨੂੰ ਉਹ ਤਨ-ਮਨ-ਧਨ ਨਾਲ ਨਿਭਾਉਣ ਦੀ ਪੂਰੀ ਪੂਰੀ ਕੋਸ਼ਿਸ਼ ਕਰਨਗੇ। ਉਨ੍ਹਾ ਆਪਣੇ ਸਾਥੀਆਂ ਤੇ ਸੰਗਤਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਮੈਨੂੰ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕੀ ਸੇਵਾਵਾਂ ਨਿਭਾਉਣ ਵਾਸਤੇ ਯੋਗ ਸਮਝਿਆ। ਇਸ ਮੌਕੇ ਤਰਲੋਕ ਸਿੰਘ ਸਿਡਾਨਾ ਸੀਨੀਅਰ ਮੀਤ ਪ੍ਰਧਾਨ, ਇਕਬਾਲ ਸਿੰਘ ਨਾਗੀ, ਗੁਰਚਰਨ ਸਿੰਘ ਚੱਢਾ ਮੀਤ ਪ੍ਰਧਾਨ, ਬਲਵਿੰਦਰ ਸਿੰਘ ਮੱਕੜ ਜਨਰਲ ਸਕੱਤਰ, ਗਗਨਦੀਪ ਸਿੰਘ ਸਰਨਾ ਸਕੱਤਰ, ਖਜ਼ਾਨਚੀ ਇੰਦਰਪਾਲ ਸਿੰਘ ਵਿਛੇਰ, ਸਹਾਇਕ ਖਜ਼ਾਨਚੀ ਰਵਿੰਦਰਪਾਲ ਸਿੰਘ ਮੈਦ, ਸਟੋਰਕੀਪਰ ਰਵਿੰਦਰਪਾਲ ਸਿੰਘ ਮੈਂਦ ਤੇ ਸਿਮਰਨਪ੍ਰੀਤ ਸਿੰਘ ਕੋਹਲੀ, ਸਰਪ੍ਰਸਤ ਸ੍ਰ. ਉੱਜਲ ਸਿੰਘ, ਚੇਅਰਮੈਨ ਕੁਲਬੀਰ ਸਿੰਘ ਸਰਨਾ, ਵਾਈਸ ਚੇਅਰਮੈਨ ਸੁਖਵਿੰਦਰ ਸਿੰਘ ਆਸ਼ੂ, ਸਲਾਹਕਾਰ ਦੀਪਇੰਦਰ ਸਿੰਘ ਭੰਡਾਰੀ ਤੇ ਹਰਦੇਵ ਸਿੰਘ ਬੌਬੀ, ਪ੍ਰੈੱਸ ਸਕੱਤਰ ਚਰਨਜੀਤ ਸਿੰਘ ਸਰਨਾ, ਇੰਦਰਪ੍ਰੀਤ ਸਿੰਘ ਵਿਛੇਰ ਨੂੰ ਪ੍ਰਬੰਧਕੀ ਕਮੇਟੀ 'ਚ ਲਿਆ ਗਿਆ।

## ਸ਼ੰਕਰ ਨੈਸਲੇ ਠੇਕੇਦਾਰ ਲੇਬਰ ਯੂਨੀਅਨ ਇੰਟਕ ਦੇ ਬਣੇ ਪ੍ਰਧਾਨ



**ਮੋਗਾ (ਅਮਰਜੀਤ ਬੱਬਰੀ)**-ਇੰਟਕ ਨਾਲ ਸਬੰਧਤ ਨੈਸਲੇ ਠੇਕੇਦਾਰ ਲੇਬਰ ਯੂਨੀਅਨ ਦੇ ਪ੍ਰਧਾਨ ਦੀ ਅਗਲੇ ਦੋ ਸਾਲਾਂ ਲਈ ਗੁਪਤ ਮੱਤਦਾਨ ਰਾਹੀਂ ਹੋਈ ਚੋਣ ਵਿੱਚ ਉਮੀਦਵਾਰ ਸ਼ੰਕਰ 48 ਵੋਟਾਂ ਦੇ ਫਰਕ ਨਾਲ ਨੈਸਲੇ ਠੇਕੇਦਾਰ ਲੇਬਰ ਯੂਨੀਅਨ ਇੰਟਕ ਦੇ ਪ੍ਰਧਾਨ ਚੁਣੇ ਗਏ। ਚੋਣ ਨਤੀਜੇ ਦਾ ਐਲਾਨ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕੀਤਾ। ਜ਼ਿਲ੍ਹਾ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਚੋਣ ਮੈਦਾਨ ਵਿੱਚ ਜੇਤੂ ਉਮੀਦਵਾਰ ਸ਼ੰਕਰ ਤੋਂ ਇਲਾਵਾ ਹਰਪ੍ਰੀਤ ਸਿੰਘ ਵੀ ਉਮੀਦਵਾਰ ਸਨ। ਇਹ ਚੋਣ ਪ੍ਰਕਿਰਿਆ ਨੈਸਲੇ ਠੇਕੇਦਾਰ ਲੇਬਰ ਯੂਨੀਅਨ ਦੇ ਦਫਤਰ ਵਿੱਚ ਚੋਣ ਅਧਿਕਾਰੀ ਦਵਿੰਦਰ ਸਿੰਘ ਜੋੜਾ ਪ੍ਰਦੇਸ ਇੰਟਕ ਜਨਰਲ ਸਕੱਤਰ ਤੇ ਸਹਾਇਕ ਚੋਣ ਅਧਿਕਾਰੀ ਪ੍ਰਵੀਨ ਕੁਮਾਰ ਸ਼ਰਮਾ ਪ੍ਰਦੇਸ ਯੂਥ ਇੰਟਕ ਜਨਰਲ ਸਕੱਤਰ ਨੇ ਪਾਰਦਰਸ਼ੀ ਤੇ ਲੋਕਤੰਤਰਿਕ ਢੰਗ ਨਾਲ ਕਰਵਾਈ। ਵੋਟਾਂ ਦੀ ਗਿਣਤੀ ਉਪਰੰਤ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਜੇਤੂ ਉਮੀਦਵਾਰ ਸ਼ੰਕਰ ਨੂੰ ਪ੍ਰਧਾਨ ਦੀ ਚੋਣ ਜਿੱਤਣ ਦਾ ਐਲਾਨ ਕੀਤਾ ਤੇ ਸ਼ੰਕਰ ਨੂੰ ਅਗਲੇ ਦੋ ਸਾਲਾਂ ਲਈ ਪ੍ਰਧਾਨ ਚੁਣੇ ਜਾਣ ਸੰਬੰਧੀ ਸਰਟੀਫਿਕੇਟ ਸੌਂਪਿਆ। ਸ਼ੰਕਰ ਦੇ ਪ੍ਰਧਾਨ ਦੀ ਚੋਣ ਜਿੱਤਣ ਦਾ ਐਲਾਨ ਹੁੰਦੇ ਸਾਰ ਉਸ ਦੇ ਸਮਰੱਥਕਾਂ ਨੇ ਸ਼ੰਕਰ ਨੂੰ ਫੁੱਲ ਮਾਲਾਵਾਂ ਪਹਿਨਾ ਕੇ ਉਸ ਦਾ ਸਵਾਗਤ ਕੀਤਾ ਤੇ ਢੋਲ ਦੀ ਥਾਪ 'ਤੇ ਭੰਗੜੇ ਪਾ ਕੇ ਖੁਸ਼ੀ ਸਾਂਝੀ ਕੀਤੀ ਤੇ ਵਰਕਰਾਂ ਨੂੰ ਲੱਡੂ ਵੰਡੇ।

## ਐੱਸ ਆਰ ਐੱਸ ਵਿੱਦਿਆਪੀਠ 'ਚ ਧੂਮ-ਧਾਮ ਨਾਲ ਮਨਾਇਆ ਬਾਲ ਦਿਵਸ




**ਸਮਾਣਾ (ਗੁਰਪਿਆਰ ਸਿੰਘ ਬੱਲ)**-ਐੱਸ ਆਰ ਐੱਸ ਵਿੱਦਿਆਪੀਠ ਵਿੱਚ ਬਾਲ ਦਿਵਸ ਬਹੁਤ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਦਿਨ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੇ ਮੁੱਖ ਅਧਿਆਪਕਾ ਮਿਸ ਮਿਲੀ ਬੋਸ ਦੁਆਰਾ ਜੋਤ ਜਗਾ ਕੇ ਕੀਤੀ ਗਈ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਢੰਗ ਨਾਲ ਸਬਦ ਗਾਇਨ ਕਰਕੇ ਮਾਹੌਲ ਨੂੰ ਅਨੰਦਮਈ ਬਣਾ ਦਿੱਤਾ। ਜੂਨੀਅਰ ਵਿੰਗ ਦੇ ਬੱਚੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਪਹਿਰਾਵੇ ਵਿੱਚ ਬਹੁਤ ਹੀ ਸੁੰਦਰ ਲੱਗ ਰਹੇ ਸਨ। ਛੋਟੇ-ਛੋਟੇ ਬੱਚਿਆਂ ਦੁਆਰਾ ਡਾਂਸ ਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਪਹਿਲੀ ਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਵੀ ਡਾਂਸ ਪੇਸ਼ ਕੀਤਾ ਗਿਆ। ਇਸ ਤੋਂ ਇਲਾਵਾ ਨੌਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਭਾਸ਼ਣ ਅਤੇ ਕਵਿਤਾ ਪੇਸ ਕੀਤੀ ਗਈ। ਸੱਤਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਬਹੁਤ ਹੀ ਸ਼ਾਨਦਾਰ ਤੇ ਸਿੱਖਿਆ ਦੇਣ ਵਾਲਾ ਡਾਂਸ ਪੇਸ ਕਰਕੇ ਸਭ ਦਾ ਮਨ ਮੋਹ ਲਿਆ। ਪ੍ਰੋਗਰਾਮ ਦੇ ਅੰਤ ਤੇ ਸਕੂਲ ਦੀ ਮੁੱਖ ਅਧਿਆਪਕਾ ਮਿਸ ਮਿਲੀ ਬੋਸ ਨੇ ਬੱਚਿਆਂ ਦੀ ਪ੍ਰਤਿਭਾ ਦੀ ਤਾਰੀਫ਼ ਕਰਦਿਆਂ ਹੋਇਆਂ ਉਨ੍ਹਾਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਤੇ ਇਸ ਦਿਨ ਦੀ ਮਹੱਤਤਾ ਦੱਸਦਿਆਂ ਹੋਇਆਂ ਬੱਚਿਆਂ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੇ ਜੀਵਨ ਨਾਲ ਸੰਬੰਧਿਤ ਜਾਣਕਾਰੀ ਵੀ ਦਿੱਤੀ। ਸਕੂਲ ਦੇ ਚੇਅਰਮੈਨ ਅਮਿਤ ਸਿੰਗਲਾ ਨੇ ਵੀ ਸਾਰੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ।

## ਸਰਕਾਰੀ ਐਲੀਮੈਂਟਰੀ ਸਕੂਲ ਲਾਲ ਸਿੰਘ ਬਸਤੀ 'ਚ ਬਾਲ ਮੇਲਾ ਕਰਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**

ਸਰਕਾਰੀ ਐਲੀਮੈਂਟਰੀ ਸਕੂਲ ਲਾਲ ਸਿੰਘ ਬਸਤੀ ਲਹਿਰਾ ਮੁਹੱਬਤ ਵਿਖੇ ਬਾਲ ਮੇਲਾ ਲਗਾਇਆ ਗਿਆ, ਜਿਸ ਵਿੱਚ ਸਕੂਲ ਦੇ ਅਧਿਆਪਕਾਂ, ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ, ਵਿਦਿਆਰਥੀਆਂ ਸਮੇਤ ਉਨ੍ਹਾਂ ਦੇ ਮਾਪਿਆਂ ਨੇ ਭਾਗ ਲਿਆ। ਸਕੂਲ ਮੁਖੀ ਕਿਰਪਾਲ ਸਿੰਘ ਤੇ ਸ੍ਰੀਮਤੀ ਗੁਰਪ੍ਰੀਤ ਕੌਰ ਨੇ ਬਾਲ ਦਿਵਸ ਦੀ ਮਹੱਤਤਾ ਤੇ ਸਕੂਲ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਸਕੂਲ ਮੈਗਜ਼ੀਨ 'ਚੜ੍ਹਦਾ ਸੂਰਜ' ਰਿਲੀਜ਼ ਕੀਤਾ ਗਿਆ, ਜਿਸ ਵਿੱਚ ਲਾਇਬ੍ਰੇਰੀ ਲੰਗਰ ਲਵਾਇਆ ਗਿਆ ਤੇ ਟੀਚਰ ਲਰਨਿੰਗ ਮਟੀਰੀਅਲ (ਟੀ. ਐੱਲ. ਐੱਮ.) ਸੰਬਧੀ ਪ੍ਰਦਰਸ਼ਨੀ ਲਗਵਾਈ ਗਈ। ਬੱਚਿਆਂ ਦੇ ਭਾਸ਼ਣ ਮੁਕਾਬਲੇ, ਸੁੰਦਰ ਲਿਖਾਈ, ਲੇਖ ਰਚਨਾ ਤੇ ਮਾਂ ਬੋਲੀ ਨੂੰ ਸਮਰਪਤ ਮੁਕਾਬਲੇ ਕਰਵਾਏ ਗਏ। ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਕਮੇਟੀ ਮੈਂਬਰ ਸੱਤਪਾਲ ਸਿੰਘ ਨੇ ਬੱਚਿਆਂ ਨੂੰ ਸਿੱਖਿਆ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਸਮਾਪਤੀ 'ਤੇ ਦਾਖਲਾ ਮੁਹਿੰਮ ਵਧਾਉਣ ਲਈ ਮਾਪਿਆਂ, ਕਮੇਟੀ ਮੈਂਬਰਾਂ ਦੇ ਸਹਿਯੋਗ ਨਾਲ ਸਟਾਫ ਤੇ ਬੱਚਿਆਂ ਨੇ ਜਾਗਰੂਕ ਰੈਲੀ ਕੱਢੀ। ਇਸ ਮੁਹਿੰਮ ਤਹਿਤ ਦੋ ਨਵੇਂ ਬੱਚਿਆਂ ਦੀ ਰਜਿਸਟ੍ਰੇਸ਼ਨ ਵੀ ਕੀਤੀ ਗਈ। ਇਸ ਮੌਕੇ ਮੈਡਮ ਗੁਰਪ੍ਰੀਤ ਕੌਰ, ਹਰਵਿੰਦਰ ਸਿੰਘ, ਵੀਰਪਾਲ ਕੌਰ, ਗੁਰਪ੍ਰੀਤ ਕੌਰ, ਕੁਲਦੀਪ ਕੌਰ, ਰਮਨਦੀਪ ਕੌਰ ਆਦਿ ਸਟਾਫ ਮੈਂਬਰਜ਼ ਤੋਂ ਇਲਾਵਾ ਕਮੇਟੀ ਮੈਂਬਰ ਹਰਦੀਪ ਸਿੰਘ, ਗੁਰਪ੍ਰੀਤ ਸਿੰਘ ਤੇ ਬਲਜਿੰਦਰ ਆਦਿ ਹਾਜ਼ਰ ਸਨ।

## ਨਗਰ ਕੌਂਸਲ ਪ੍ਰਧਾਨ ਨੇ ਦਿੱਤਾ ਅਸਤੀਫਾ

**ਲੌਂਗੋਵਾਲ (ਪੱਤਰ ਪ੍ਰੇਰਕ)**-ਨਗਰ ਕੌਂਸਲ ਪ੍ਰਧਾਨ ਗੀਤੂ ਗੋਇਲ ਨੇ ਪ੍ਰਧਾਨਗੀ ਪਦ ਤੋਂ ਅਸਤੀਫਾ ਦੇ ਦਿੱਤਾ ਹੈ, ਜਿਸ ਦੀ ਪੁਸ਼ਟੀ ਕਰਦਿਆਂ ਸ਼੍ਰੀਮਤੀ ਗੀਤੂ ਗੋਇਲ ਨੇ ਕਿਹਾ ਕਿ ਇਹ ਅਸਤੀਫਾ ਉਨ੍ਹਾਂ ਆਪਣੀਆਂ ਘਰੇਲੂ ਮਜਬੂਰੀਆਂ ਕਾਰਨ ਦਿੱਤਾ ਹੈ, ਤਾਂ ਜੋ ਸ਼ਹਿਰ ਦੇ ਕਾਰਜ ਪ੍ਰਭਾਵਿਤ ਨਾ ਹੋ ਸਕਣ। ਉਨ੍ਹਾ ਕਿਹਾ ਕਿ ਉਨ੍ਹਾ ਨੇ ਆਪਣਾ ਅਸਤੀਫਾ ਡਿਪਟੀ ਕਮਿਸ਼ਨਰ ਸੰਗਰੂਰ, ਡਾਇਰੈਕਟਰ ਸਥਾਨਕ ਸਰਕਾਰਾਂ ਤੇ ਏ.ਡੀ.ਸੀ. ਸੰਗਰੂਰ ਨੂੰ ਈ ਮੇਲ ਦੇ ਜ਼ਰੀਏ ਅਤੇ ਨਗਰ ਕੌਂਸਲ ਲੌਂਗੋਵਾਲ ਦੇ ਕਾਰਜ ਸਾਧਕ ਅਫਸਰ ਨੂੰ ਹੱਥੀਂ ਦੇ ਦਿੱਤਾ ਹੈ।

## ਆੜ੍ਹਤੀਆ ਐਸੋਸੀਏਸ਼ਨ ਨੇ ਕੀਤਾ ਪੰਜਾਬ ਸਰਕਾਰ ਦਾ ਧੰਨਵਾਦ



**ਨਾਭਾ (ਵਰਿੰਦਰ ਵਰਮਾ)**

ਪੰਜਾਬ ਸਰਕਾਰ ਵੱਲੋਂ ਝੋਨੇ ਦੀ ਖਰੀਦ ਦੇ ਪ੍ਰਬੰਧ ਬਹੁਤ ਵਧੀਆ ਕੀਤੇ ਗਏ ਸਨ, ਜਿਸ ਨਾਲ ਕਿਸਾਨ ਭਰਾਵਾਂ ਅਤੇ ਆੜ੍ਹਤੀਆ ਭਾਈਚਾਰੇ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਹੀ ਕਰਨਾਂ ਪਿਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਭਾ ਨੇ ਆੜ੍ਹਤੀਆ ਐਸੋਸੀਏਸ਼ਨ ਦੇ ਦਫ਼ਤਰ ਵਿਖੇ ਆੜ੍ਹਤੀਆਂ ਨਾਲ ਮੀਟਿੰਗ ਕਰਨ ਉਪਰੰਤ ਕੀਤਾ। ਇਸ ਮੌਕੇ ਉਨ੍ਹਾਂ ਝੋਨੇ ਦੇ ਖਰੀਦ ਪ੍ਰਬੰਧ ਦਾ ਜਾਇਜ਼ਾ ਲਿਆ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰ ਸਿੰਘ ਜੱਤੀ ਨੇ ਦੱਸਿਆ ਕਿ ਇਸ ਵਾਰ ਭਗਵੰਤ ਮਾਨ ਸਰਕਾਰ ਵੱਲੋਂ ਖਰੀਦ ਅਤੇ ਲਿਫਟਿੰਗ ਦੇ ਪ੍ਰਬੰਧ ਬਹੁਤ ਵਧੀਆ ਕੀਤੇ ਗਏ ਸਨ, ਜਿਸ ਲਈ ਅਸੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਗੁਰਦੇਵ ਸਿੰਘ ਦੇਵ ਮਾਨ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਕਿਸਾਨਾਂ ਅਤੇ ਆੜ੍ਹਤੀਆਂ ਐਸੋਸੀਏਸ਼ਨ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਦੂਰ ਕੀਤਾ।

ਦੇਵ ਮਾਨ ਨੇ ਕਿਹਾ ਕਿ ਮੈਂ ਹਮੇਸ਼ਾ ਆੜ੍ਹਤੀਆ ਤੇ ਕਿਸਾਨ ਭਰਾਵਾਂ ਦੇ ਨਾਲ ਖੜਾ ਹਾਂ। ਜੇਕਰ ਕਿਸੇ ਕਿਸਾਨ ਭਰਾਵਾਂ ਨੂੰ ਅਤੇ ਆੜ੍ਹਤੀਆ ਐਸੋਸੀਏਸਨ ਦੇ ਸਮੂਹ ਮੈਂਬਰਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਆਉਂਦੀ ਹੈ ਤਾਂ ਮੈਨੂੰ ਸਿੱਧੇ ਤੌਰ 'ਤੇ ਮਿਲ ਕੇ ਦੱਸ ਸਕਦਾ ਹੈ। ਇਸ ਸਮੱਸਿਆ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਇਸ ਮੌਕੇ ਉਨਾਂ ਦੇ ਨਾਲ ਗੌਰਵ ਗਾਬਾ, ਤੇਜਿੰਦਰ ਸਿੰਘ ਚੌਧਰੀਮਾਜਰਾ ਮਨਪ੍ਰੀਤ ਸਿੰਘ ਧਾਰੋਕੀ, ਇੰਦਰਜੀਤ ਸਿੰਘ ਦੁਲੱਦੀ, ਗੋਰਾ ਲਾਲ, ਜਗਤਾਰ ਚੀਮਾ, ਕਮਲ ਗਰਗ, ਪ੍ਰੇਮ ਰੋਹਟੀ, ਬਿਹਾਰੀ ਲਾਲ, ਬਾਲ ਭੱਧਰ, ਅਮਨਦੀਪ ਸਿੰਘ ਰਹਿਲ, ਸਿਮਰਨਜੀਤ ਸਿੰਘ ਅੜਕ ਚੌਹਾਨ, ਜਸਵੀਰ ਸਿੰਘ ਛਿੰਦਾ, ਸੁਖਦੀਪ ਸਿੰਘ ਖਹਿਰਾ, ਗੁਰਪ੍ਰੀਤ ਸਿੰਘ ਵਿਰਕ ਤੇ ਸਮੂਹ ਆੜ੍ਹਤੀਆ ਐਸੋਸੀਏਸ਼ਨ ਦੇ ਮੈਂਬਰ ਮੌਜੂਦ ਸਨ।

## ਬਾਲ ਦਿਵਸ ਮੌਕੇ ਬੱਚਿਆਂ ਦੇ ਕਰਾਏ ਖੇਡ ਮੁਕਾਬਲੇ

**ਭੀਖੀ (ਧਰਮਵੀਰ ਸ਼ਰਮਾ)**

ਸ਼੍ਰੀ ਤਾਰਾ ਚੰਦ ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਬਾਲ ਦਿਵਸ ਮੌਕੇ ਨਰਸਰੀ ਤੋਂ ਪੰਜਵੀਂ ਜਮਾਤ ਤੱਕ ਦੇ ਬੱਚਿਆਂ ਲਈ ਇੱਕ ਖੇਡ ਸਮਾਰੋਹ ਕਰਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਲੰਬੀ ਛਾਲ, ਅੜਿੱਕਾ ਦੌੜ, ਤਿੰਨ ਲੱਤਾਂ ਦੀ ਦੌੜ, ਲੰਗੜੀ ਲੱਤ, ਟਾਇਰ ਰੇਸ, ਪਿੱਠੂ ਤੇ ਰੱਸਾਕਸ਼ੀ ਆਦਿ ਖੇਡਾਂ ਦਾ ਭਰਪੂਰ ਆਨੰਦ ਮਾਣਿਆ।

ਪ੍ਰੋਗਰਾਮ ਵਿੱਚ ਸਕੂਲ ਦੇ ਪ੍ਰਿੰਸੀਪਲ ਸੰਜੀਵ ਕੁਮਾਰ, ਪ੍ਰਧਾਨ ਸਤੀਸ਼ ਕੁਮਾਰ, ਪ੍ਰਬੰਧਕ ਅੰਮ੍ਰਿਤ ਲਾਲ ਜੀ, ਕਮੇਟੀ ਮੈਂਬਰ ਪ੍ਰਸ਼ੋਤਮ ਮੱਤੀ ਅਤੇ ਸ਼ਿਸ਼ੂ ਵਾਟਿਕਾ ਇੰਚਾਰਜ ਦੀਦੀ ਸੰਗੀਤਾ ਗੌਤਮ ਅਤੇ ਸਮੂਹ ਸਟਾਫ ਸ਼ਾਮਲ ਸੀ। ਇਸ ਮੌਕੇ ਪ੍ਰਸ਼ੋਤਮ ਮੱਤੀ ਨੇ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਬੱਚਿਆਂ ਨੂੰ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ। ਸਾਰੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਫੋਟੋ-ਖੇਡ ਸਮਾਰੋਹ ਵਿੱਚ ਭਾਗ ਲੈਂਦੇ ਬੱਚੇ।

## ਰਾਜਿੰਦਰ ਕੌਰ ਸੱਪਲ ਨੂੰ ਸ਼ਰਧਾਂਜਲੀਆਂ ਭੇਟ



**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**

ਕਸਬਾ ਲੌਂਗੋਵਾਲ ਤੋਂ ਸਵ. ਰਛਪਾਲ ਸੱਪਲ ਦੀ ਪਤਨੀ ਅਤੇ ਪ੍ਰਦੀਪ ਸੱਪਲ ਦੀ ਭਰਜਾਈ ਰਾਜਿੰਦਰ ਕੌਰ ਦਾ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਗੁਰੂਦੁਆਰਾ ਚੁੱਲੇ ਬਾਬਾ ਆਲਾ ਸਿੰਘ ਵਿਖੇ ਪਾਏ ਗਏ। ਇਸ ਮੌਕੇ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ, ਮੇਲਾ ਸਿੰਘ ਸੂਬੇਦਾਰ, ਨਗਰ ਕੌਂਸਲ ਪ੍ਰਧਾਨ ਗੀਤੂ ਗੋਇਲ, ਵਿਜੇ ਗੋਇਲ, ਸੰਜੇ ਸੈਨ, ਕਾਲਾ ਮਿੱਤਲ, ਆਮ ਆਦਮੀ ਪਾਰਟੀ ਆਗੂ ਕਰਮ ਸਿੰਘ ਬਰਾੜ, ਨਿਟੂ ਸ਼ਰਮਾ, ਸੁਰਜੀਤ ਸਿੰਘ ਦੁੱਲਟ, ਅੰਮ੍ਰਿਤ ਪਾਲ ਸਿੰਗਲਾ, ਭਾਜਪਾ ਆਗੂ ਰਤਨ ਕੁਮਾਰ ਮੰਗੂ, ਪਵਨ ਕੁਮਾਰ ਤਾਇਲ, ਡਾ. ਕੇਵਲ ਚੰਦ ਧੌਲਾ, ਕੁਲਦੀਪ ਮੰਗਲਾ, ਮਾ. ਭਰਗਾ ਨੰਦ, ਕਾ. ਬੀਤੀ ਸ਼ਮਿੰਦਰ ਕੌਰ ਗਿੱਲ, ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੂਬਾ ਸਕੱਤਰ ਡਾ. ਰੂਪ ਸਿੰਘ ਸ਼ੇਰੋਂ, ਗੁਰਜੰਟ ਸਿੰਘ, ਸੁਖਪਾਲ ਸਿੰਘ ਸ਼ੇਰੋਂ, ਬਿੰਦਰ ਪਾਲ ਸਾਬਕਾ ਸਰਪੰਚ ਨਮੋਲ, ਦਰਸ਼ਨ ਸਿੰਘ ਬਡਬਰ ਸਾਬਕਾ ਪੁਲਿਸ ਅਫਸਰ ਅਤੇ ਪਰਮਿੰਦਰ ਕੁਮਾਰ ਬਬਲੀ, ਮਾ. ਮਨਜੀਤ ਸ਼ਰਮਾ, ਜੁਝਾਰ ਸਿੰਘ ਲੌਂਗੋਵਾਲ, ਅਸ਼ੋਕ ਕੁਮਾਰ ਬਬਲੀ, ਹਰਮੇਸ਼ ਸਿੰਘ ਸਿੱਧੂ, ਕਾ. ਸੱਤਪਾਲ ਲੌਂਗੋਵਾਲ, ਹਰਪਾਲ ਸਿੰਘ ਪੱਤਰਕਾਰ ਤੋਂ ਇਲਾਵਾ ਸਮੂਹ ਪੱਤਰਕਾਰ ਭਾਈਚਾਰੇ ਨੇ ਹਾਜ਼ਰੀ ਲਗਵਾਈ। ਇਸ ਮੌਕੇ ਤੇ ਸਟੇਜ ਦੀ ਕਾਰਵਾਈ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰੈਸ ਸਕੱਤਰ ਅਮਰਜੀਤ ਸਿੰਘ ਗਿੱਲ ਨੇ ਨਿਭਾਈ।

ਬੁਲਾਰਿਆਂ ਨੇ ਕਿਹਾ ਕਿ ਜੋ ਇਹ ਪਰਵਾਰ ਜਿਵੇਂ ਸਭ ਤੋਂ ਪੁਰਾਣੇ ਨਿਊਜ਼ ਪੇਪਰ ਏਜੰਟ ਵਜੋਂ ਸੇਵਾ ਨਿਭਾ ਚੁੱਕੇ ਕਾ. ਸੋਮ ਦੇਵ ਅਤੇ ਇਨਾਂ ਦੇ ਸਪੁੱਤਰ ਸਵ. ਰਛਪਾਲ ਸੱਪਲ ਨੇ ਪੂਰੀ ਇਮਾਨਦਾਰੀ ਨਾਲ ਸੇਵਾ ਨਿਭਾਈ। ਵਰਨਣਯੋਗ ਹੈ ਕਿ ਇਹ ਇਸ ਪਰਵਾਰ ਦੇ ਮੈਂਬਰ ਜਿਵੇਂ ਕਿ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸੇਵਕ ਸਵ. ਗੋਪਾਲ ਸਿੰਘ ਸਾਬਕਾ ਡਿਪਟੀ ਡਾਇਰੈਕਟਰ ਅਤੇ ਉਸਦੇ ਪਰਵਾਰ ਦੇ ਇਨ੍ਹਾਂ ਬੱਚਿਆਂ ਦੇ ਸਿਰ ਤੇ ਹੱਥ ਹੋਣ ਕਰਕੇ ਪੂਰੀ ਇਮਾਨਦਾਰੀ ਸੇਵਾ ਕਰਕੇ ਆਪਣਾ ਪਰਵਾਰ ਪਾਲ ਰਹੇ ਹਨ। ਇਨ੍ਹਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਇੰਚਾਰਜ ਅੰਮ੍ਰਿਤਪਾਲ ਸਿੰਘ ਸਿੱਧੂ, ਹਰਜੀਤ ਸਿੰਘ ਗਿੱਲ ਸਾਬਕਾ ਕੌਂਸਲਰ ਨੇ ਆਪਣੀ ਹਾਜ਼ਰੀ ਲਵਾ ਕੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਆਮ ਆਦਮੀ ਪਾਰਟੀ ਦੇ ਲੋਕ ਸੰਪਰਕ ਵਿਭਾਗ ਦੇ ਮੰਤਰੀ ਅਮਨ ਅਰੋੜਾ ਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਟੀਚਰ ਯੂਨੀਅਨ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸ਼ੋਕ ਮਤੇ ਭੇਜੇ ਗਏ।

## ਸੱਪਾਂਵਾਲੀ 'ਚ ਬਣਿਆ ਖੇਡ ਮੈਦਾਨ ਨੌਜਵਾਨਾਂ ਨੂੰ ਦੇ ਰਿਹਾ ਹੈ ਨਵੀਂ ਉਡਾਨ

### ਚਾਲੂ ਵਿੱਤੀ ਸਾਲ 'ਚ ਜ਼ਿਲ੍ਹੇ ਵਿੱਚ ਬਣਨਗੇ 50 ਖੇਡ ਮੈਦਾਨ : ਏ ਡੀ ਸੀ



**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਮਹਾਤਮਾ ਗਾਂਧੀ ਕੌਮੀ ਦਿਹਾਤੀ ਰੁਜ਼ਗਾਰ ਗਰੰਟੀ ਕਾਨੂੰਨ (ਮਗਨਰੇਗਾ) ਜਿੱਥੇ ਪਿੰਡਾਂ ਦੇ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਾ ਕੇ ਉਨ੍ਹਾਂ ਦੀ ਆਰਥਿਕ ਸਮਾਜਿਕ ਤਰੱਕੀ ਵਿੱਚ ਯੋਗਦਾਨ ਪਾ ਰਹੀ ਹੈ, ਉਥੇ ਇਸ ਯੋਜਨਾ ਤਹਿਤ ਪਿੰਡਾਂ ਵਿੱਚ ਬਣਾਏ ਜਾ ਰਹੇ ਖੇਡ ਮੈਦਾਨ ਨੌਜਵਾਨਾਂ ਦੀਆਂ ਆਸਾਂ ਉਮੀਦਾਂ ਨੂੰ ਨਵੀਂ ਉਡਾਨ ਦੇ ਰਹੇ ਹਨ। ਜ਼ਿਲ੍ਹੇ ਦੇ ਪਿੰਡ ਸੱਪਾਂ ਵਾਲੀ ਵਿੱਚ ਮਗਨਰੇਗਾ ਤਹਿਤ 22.68 ਲੱਖ ਰੁਪਏ ਦਾ ਖਰਚ ਕਰਕੇ ਬਣਾਇਆ ਗਿਆ ਖੇਡ ਮੈਦਾਨ ਹਰ ਸਵੇਰ ਤੇ ਸ਼ਾਮ ਪਿੰਡ ਦੇ ਨੌਜਵਾਨਾਂ ਦਾ ਅੱਡਾ ਬਣਦਾ ਹੈ, ਜਿੱਥੇ ਉਹ ਵੱਖ-ਵੱਖ ਖੇਡਾਂ ਖੇਡ ਕੇ ਨਾ ਕੇਵਲ ਆਪਣੀ ਸਰੀਰਕ ਤੰਦਰੁਸਤੀ ਬਰਕਰਾਰ ਰੱਖਦੇ ਹਨ, ਸਗੋਂ ਇੱਥੇ ਉਹ ਵੱਖ-ਵੱਖ ਖੇਡ ਮੁਕਾਬਲਿਆਂ ਦੀ ਤਿਆਰੀ ਵੀ ਕਰਦੇ ਹਨ ਅਤੇ ਫੌਜ ਤੇ ਪੁਲਿਸ ਵਿਚ ਭਰਤੀ ਲਈ ਵੀ ਇੱਥੇ ਤਿਆਰੀ ਕਰਦੇ ਹਨ।

ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਖੂਈਆਂ ਸਰਵਰ ਸ੍ਰੀ ਅੰਤਰਪ੍ਰੀਤ ਸਿੰਘ ਅਤੇ ਏਪੀਓ ਸ੍ਰੀ ਮਨੀਸ਼ ਗੁਪਤਾ ਨੇ ਦੱਸਿਆ ਕਿ ਪੇਂਡੂ ਵਿਕਾਸ ਵਿਭਾਗ ਨੇ ਪੰਚਾਇਤ ਨਾਲ ਮਿਲ ਕੇ ਪਿੰਡ ਸੱਪਾਂ ਵਾਲੀ ਵਿਚ ਇਹ ਖੇਡ ਮੈਦਾਨ ਤਿਆਰ ਕੀਤਾ ਹੈ। ਇਸ ਵਿੱਚ 400 ਮੀਟਰ ਦਾ ਟਰੈਕ ਹੈ, ਜਦ ਕਿ ਲੋਕਾਂ ਦੇ ਸੈਰ ਕਰਨ ਲਈ ਇੰਟਰਲਾਕਿੰਗ ਟਾਇਲਾਂ ਨਾਲ ਪੈਦਲ ਚੱਲਣ ਲਈ ਵੀ 400 ਮੀਟਰ ਦਾ ਟਰੈਕ ਬਣਾਇਆ ਗਿਆ ਹੈ। ਇਸ ਵਿੱਚ ਸਾਰੀਆਂ ਖੇਡਾਂ ਲਈ ਮੈਦਾਨ ਬਣਾਏ ਗਏ ਹਨ। ਚਾਰਦੀਵਾਰੀ, ਪਵੇਲੀਅਨ ਆਦਿ ਬਣਾਏ ਗਏ ਹਨ। ਸਵੇਰ-ਸ਼ਾਮ ਪਿੰਡ ਦੇ ਵੱਡੀ ਗਿਣਤੀ ਵਿੱਚ ਨੌਜਵਾਨ ਇਸ ਖੇਡ ਮੈਦਾਨ ਦਾ ਲਾਹਾ ਲੈਂਦੇ ਹਨ। ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਸੰਦੀਪ ਕੁਮਾਰ ਆਈਏਐਸ ਨੇ ਦੱਸਿਆ ਕਿ ਮਗਨਰੇਗਾ ਯੋਜਨਾ ਤਹਿਤ ਇਸ ਵਿੱਤੀ ਸਾਲ ਦੌਰਾਨ ਜ਼ਿਲ੍ਹੇ ਵਿੱਚ 50 ਖੇਡ ਮੈਦਾਨ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ, ਜਿਨ੍ਹਾਂ ਵਿਚੋਂ 14 ਦਾ ਕੰਮ ਇਸ ਵੇਲੇ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਨੌਜਵਾਨਾਂ ਦੀ ਊਰਜਾ ਨੂੰ ਖੇਡਾਂ ਨਾਲ ਜੋੜ ਕੇ ਸਹੀ ਦਿਸ਼ਾ ਦਿੱਤੀ ਜਾ ਸਕੇਗੀ।

## ਆਈ ਐੱਸ ਐੱਫ ਕਾਲਜ 'ਚ ਚਾਰ ਰੋਜ਼ਾ ਅੰਤਰਰਾਸ਼ਟਰੀ ਐਸੋਸੀਏਟ ਸਕੂਲ ਸੰਪੰਨ



ਮੋਗਾ ਦੇ ਆਈ ਐੱਸ ਐੱਫ ਕਾਲਜ ਆਫ ਫਾਰਮੇਸੀ ਵਿਖੇ ਚਾਰ ਰੋਜ਼ਾ ਅੰਤਰਰਾਸ਼ਟਰੀ ਐਸੋਸੀਏਟ ਸਕੂਲ ਦੇ ਸਮਾਪਤੀ ਦੌਰਾਨ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਸਾਇੰਟਿਸਟ।

**ਮੋਗਾ (ਅਮਰਜੀਤ ਬੱਬਰੀ)**-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ.ਐੱਸ.ਐੱਫ. ਕਾਲਜ ਆਫ ਫਾਰਮੇਸੀ ਵਿਖੇ ਚਾਰ ਦਿਨ ਤੋਂ ਚੱਲ ਰਹੇ ਇੰਟਰਨੈਸ਼ਨਲ ਬਰੇਨ ਰਿਸਰਚ ਆਰਗੇਨਾਈਜ਼ੇਸ਼ਨ ਵੱਲੋਂ ਅਨੁਦਾਨ ਪ੍ਰਾਪਤ ਐਸੋਸੀਏਟ ਸਕੂਲ ਦਾ ਸਮਾਪਨ ਸਮਾਰੋਹ ਕੀਤਾ ਗਿਆ। ਡਾ. ਤੁਸ਼ਾਰ ਕੁਮੇਰੀਆ ਯੂਨੀਵਰਸਿਟੀ ਆਫ ਨਿਊ ਸਾਊਥ ਵੈਸਟ ਆਸਟ੍ਰੇਲਿਆ, ਡਾ. ਪੰਕਜ ਸੇਠ ਪ੍ਰੋਫੈਸਰ ਤੇ ਸਾਇੰਟਿਸਟ ਨਿਊਰੋਲਾਜੀ ਸੈਕਸ਼ਨ ਨੈਸ਼ਨਲ ਬਰੇਨ ਰਿਸਰਚ ਸੈਂਟਰ ਨੇ ਤਕਨੀਕੀ ਸੈਸ਼ਨ ਵਿੱਚ ਆਪਣੇ ਵਿਚਾਰ ਪੇਸ਼ ਕੀਤੇ। ਸਾਰੇ ਤਕਨੀਕੀ ਸੈਸ਼ਨਾਂ ਦਾ ਆਯੋਜਨ ਡਾ. ਚਰਨ ਸਿੰਘ ਤੇ ਡਾ. ਆਰਤੀ ਸਿੰਘ ਨੇ ਕੀਤਾ। ਸਮਾਗਮ ਵਿੱਚ ਮੁੱਖ ਮਹਿਮਾਨ ਡਾ. ਪਵਨ ਕ੍ਰਿਸ਼ਨ ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਵਿਸ਼ੇਸ਼ ਮਹਿਮਾਨ ਡਾ. ਤੁਸ਼ਾਰ ਕੁਮੇਰੀਆ ਆਸਟ੍ਰੇਲੀਆ ਨੇ ਹਿੱਸਾ ਲਿਆ। ਆਏ ਹੋਏ ਮਹਿਮਾਨਾਂ, ਸਾਰੇ ਪ੍ਰਤਿਭਾਗੀਆਂ ਦਾ ਸੰਸਥਾ ਦੇ ਡਾਇਰੈਕਟਰ ਡਾ. ਜੀ. ਡੀ. ਗੁਪਤਾ ਨੇ ਧੰਨਵਾਦ ਕੀਤਾ। ਚਾਰ ਦਿਨ ਚੱਲੀ ਇਬਰੋ ਦੀ ਰਿਪੋਰਟ ਡਾ. ਆਰਤੀ ਸਿੰਘ ਨੇ ਪੇਸ਼ ਕੀਤੀ। ਇਸ ਮੌਕੇ ਇਬਰੋ ਐਵਾਰਡੀ ਦੇ ਪ੍ਰੈਜ਼ੈਂਟੇਸ਼ਨ ਰੱਖੇ ਗਏ। ਉਸ ਵਿੱਚ ਅੰਤਰਰਾਸ਼ਟਰੀ ਬੈਸਟ ਐਵਾਰਡੀ ਫੈਹੀਮੇ ਪਰਸਰੀ ਯੂਨੀਵਰਸਿਟੀ ਆਫ ਟੈਕਨਿਕ ਇਰਾਨ ਤੇ ਰਾਸ਼ਟਰੀ ਐਵਾਰਡੀ ਲੋਗੇਸ਼ਵਰੀ ਸ਼੍ਰੀ ਰਾਮ ਚੰਦਰ ਇੰਸਟੀਚਿਊਟ ਆਫ ਹਾਇਰ ਐਜੂਕੇਸ਼ਨ ਤੇ ਰਿਸਰਚ ਚੇਨਈ, ਐਮ. ਫਾਰਮ ਵਿਦਿਆਰਥੀ ਦੀਪਾਲੀ ਸ਼ਰਮਾ ਆਈ ਐਸ ਐਫ ਕਾਲਜ ਆਫ ਫਾਰਮੇਸੀ, ਸ਼ੁਭਮ ਰਹਿਮਤਕਰ ਸੀ ਐੱਸ ਆਈ ਆਰ ਆਈ ਐੱਚ ਬੀ ਟੀ ਪਾਲਮਪੁਰ, ਮਨਦੀਪ ਚੋਪੜਾ ਨਾਈਪਰ ਅਹਿਮਦਾਬਾਦ ਨੂੰ ਸਨਮਾਨਤ ਕੀਤਾ ਗਿਆ। ਇਸ ਦੇ ਨਾਲ-ਨਾਲ ਸਾਰੇ ਤਕਨੀਕੀ ਸੈਸ਼ਨਾਂ ਨੇ ਆਪਣੀ ਭਾਗੀਦਾਰੀ ਤੇ ਇਸਟ੍ਰੈਕਸ਼ਨ ਲਈ ਡਾ. ਮੋਹਿਤ ਕੁਮਾਰ ਨੈਸ਼ਨਲ ਐਗਰੀ ਫੂਡ ਬਾਇਓਟੈਕਨਾਲਾਜੀ ਇੰਸਟੀਚਿਊਟ ਮੋਹਾਲੀ ਨੂੰ ਬੈਸਟ ਪ੍ਰਤਿਭਾਗੀ ਨਾਲ ਨਵਾਜਿਆ ਗਿਆ। ਐਵਾਰਡੀਆਂ ਤੇ ਪ੍ਰਤਿਭਾਗੀਆਂ ਨੇ ਫੀਡ ਬੈਕ ਵਿੱਚ ਹਿੱਸਾ ਲਿਆ। ਮੁੱਖ ਮਹਿਮਾਨ ਡਾ. ਪਵਨ ਕ੍ਰਿਸ਼ਨ ਤੇ ਡਾ. ਤੁਸ਼ਾਰ ਕੁਮੇਰੀਆ ਨੇ ਆਈ.ਐੱਸ.ਐੱਫ. ਵੱਲੋਂ ਆਯੋਜਤ ਇਸ ਚਾਰ ਰੋਜ਼ਾ ਇਬਰੋ ਸਕੂਲ ਦੀ ਸਫਲਤਾ ਪੂਰਵਕ ਆਯੋਜਨ ਲਈ ਵਧਾਈ ਦਿੱਤੀ। ਅਖੀਰ ਵਿੱਚ ਸਾਰੇ ਮਹਿਮਾਨਾਂ ਤੇ ਪ੍ਰਤਿਭਾਗੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਡਾ. ਜੀ. ਡੀ. ਗੁਪਤਾ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸੈਕਟਰੀ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ ਗਰ, ਡਾਇਰੈਕਟਰ ਡਾ. ਜੀ. ਡੀ. ਗੁਪਤਾ, ਵਾਈਸ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ ਨੇ ਅੰਤਰਰਾਸ਼ਟਰੀ ਚਾਰ ਰੋਜ਼ਾ ਇਬਰੋ ਸਕੂਲ ਦੇ ਸਫਲ ਆਯੋਜਨ ਲਈ ਡਾ. ਚਰਨ ਸਿੰਘ ਤੇ ਡਾ. ਆਰਤੀ ਸਿੰਘ ਨੂੰ ਵਧਾਈ ਦਿੱਤੀ।

## ਨਹਿਰੂ ਯੁਵਾ ਕੇਂਦਰ ਸੰਗਠਨ ਦਾ ਸਥਾਪਨਾ ਦਿਵਸ ਮਨਾਇਆ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਨਹਿਰੂ ਯੁਵਾ ਕੇਂਦਰ ਬਰਨਾਲਾ ਵੱਲੋਂ ਨਹਿਰੂ ਯੁਵਾ ਕੇਂਦਰ ਸੰਗਠਨ ਦੇ 50 ਸਾਲ ਪੂਰੇ ਹੋਣ ਤੇ ਸਥਾਪਨਾ ਦਿਵਸ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਗਹਿਲ ਵਿਖੇ ਮਨਾਇਆ ਗਿਆ। ਜੀਵਨ ਸਿੰਘ ਨੇ ਦੱਸਿਆ ਕਿ ਨਹਿਰੂ ਯੁਵਾ ਕੇਂਦਰ ਦੀ ਸਥਾਪਨਾ 14 ਨਵੰਬਰ 1972 ਨੂੰ ਪੇਂਡੂ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਦੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਦੇ ਨਾਲ-ਨਾਲ ਉਨ੍ਹਾਂ ਦੀ ਸ਼ਖਸੀਅਤ ਤੇ ਹੁਨਰ ਦੇ ਵਿਕਾਸ ਦੇ ਮੌਕੇ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕੀਤੀ ਗਈ। 1987-88 ਦੌਰਾਨ ਨਹਿਰੂ ਯੁਵਾ ਕੇਂਦਰ ਸੰਗਠਨ ਨੂੰ ਇਨ੍ਹਾਂ ਕੇਂਦਰਾਂ ਦੇ ਕੰਮਕਾਜ ਦੀ ਨਿਗਰਾਨੀ ਕਰਨ ਲਈ ਭਾਰਤ ਸਰਕਾਰ, ਯੁਵਾ ਮਾਮਲੇ ਤੇ ਖੇਡ ਮੰਤਰਾਲੇ ਦੇ ਅਧੀਨ ਇੱਕ ਖੁਦ-ਮੁਖਤਿਆਰ ਸੰਗਠਨ ਵਜੋਂ ਸਥਾਪਤ ਕੀਤਾ ਗਿਆ ਸੀ। ਨਹਿਰੂ ਯੁਵਾ ਕੇਂਦਰ ਸੰਗਠਨ ਸਭ ਤੋਂ ਵੱਡੀ ਜ਼ਮੀਨੀ ਪੱਧਰ ਦੀ ਨੌਜਵਾਨਾਂ ਦੀ ਸੰਸਥਾ ਹੈ।

ਇੰਨੇ ਸਾਲਾਂ ਦੌਰਾਨ ਨਹਿਰੂ ਯੁਵਾ ਕੇਂਦਰ ਸੰਗਠਨ ਨੇ ਰਾਸ਼ਟਰ ਨਿਰਮਾਣ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਲਈ ਦੇਸ਼ ਦੇ ਵੱਖ ਵੱਖ ਸ਼ਹਿਰਾਂ ਵਿੱਚ ਯੂਥ ਕਲੱਬਾਂ ਦਾ ਨੈੱਟਵਰਕ ਸਥਾਪਤ ਕੀਤਾ ਹੈ। ਅੱਜ ਨਹਿਰੂ ਯੁਵਾ ਕੇਂਦਰ ਭਾਰਤ ਦੇ 623 ਸ਼ਹਿਰਾਂ 'ਚ ਸਥਾਪਤ ਹੈ। ਉਨ੍ਹਾ ਬੱਚਿਆਂ ਨੂੰ ਨਹਿਰੂ ਯੁਵਾ ਕੇਂਦਰ ਦੁਆਰਾ ਕਰਵਾਏ ਜਾਂਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਤੇ ਆਪਣੇ ਪਿੰਡਾਂ ਵਿੱਚ ਯੂਥ ਕਲੱਬਾਂ ਬਣਾ ਕੇ ਸਮਾਜ ਭਲਾਈ ਦੇ ਕੰਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਹਰਬੰਸ ਕੌਰ ਨੇ ਨਹਿਰੂ ਯੁਵਾ ਕੇਂਦਰ ਬਰਨਾਲਾ ਵੱਲੋਂ ਕਰਵਾਏ ਪ੍ਰੋਗਰਾਮ ਲਈ ਅਤੇ ਬੱਚਿਆਂ ਨੂੰ ਪ੍ਰੇਰਿਤ ਕਰਨ ਲਈ ਨਹਿਰੂ ਯੁਵਾ ਕੇਂਦਰ ਬਰਨਾਲਾ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਰਘਵੀਰ ਸਿੰਘ, ਡਾ. ਜਨਮੀਤ ਸਿੰਘ, ਡਾ. ਗੁਰਦੀਪ ਕੌਰ, ਪ੍ਰੋ. ਸੰਦੀਪ ਕੌਰ, ਪ੍ਰੋ. ਪਵਨਦੀਪ ਕੌਰ, ਪ੍ਰੋ. ਚਰਨਜੀਤ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਡਿੰਪੀ ਆਦਿ ਹਾਜ਼ਰ ਸਨ।

# ਪੱਕੇ ਮੋਰਚੇ ਦੀਆਂ ਤਿਆਰੀਆਂ ਸੰਬੰਧੀ ਜ਼ਿਲ੍ਹਾ ਵਲੰਟੀਅਰ ਵਿੰਗ ਆਈਟੀ ਸੈੱਲ ਤੇ ਲੰਗਰ ਕਮੇਟੀ ਵੱਲੋਂ ਮੀਟਿੰਗ



ਤਰਨਤਾਰਨ (ਪ੍ਰਿਤਪਾਲ ਸਿੰਘ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ (ਪੰਜਾਬ) ਦੇ ਜ਼ਿਲ੍ਹਾ ਤਰਨਤਾਰਨ ਵੱਲੋਂ 26 ਨਵੰਬਰ ਦੇ ਪੱਕੇ ਮੋਰਚੇ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਜ਼ਿਲ੍ਹੇ ਦੇ ਵਲੰਟੀਅਰ ਵਿੰਗ ਆਈਟੀ ਸੈੱਲ ਅਤੇ ਲੰਗਰ ਕਮੇਟੀ ਦੀ ਮੀਟਿੰਗ ਗੁਰਦੁਆਰਾ ਬਾਬਾ ਕਾਹਨ ਸਿੰਘ ਪਿੰਡ ਪਿੱਦੀ ਵਿਖੇ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ, ਸਤਨਾਮ ਸਿੰਘ ਮਾਣੋਚਾਲ, ਹਰਜਿੰਦਰ ਸਿੰਘ ਸ਼ਕਰੀ, ਜਰਨੈਲ ਸਿੰਘ ਨੂਰਦੀ, ਰੇਸ਼ਮ ਸਿੰਘ ਘੁਰਕਵਿੰਡ, ਫਤਿਹ ਸਿੰਘ ਪਿੱਦੀ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਰਣਯੋਧ ਸਿੰਘ ਗੱਗੋਬੂਹਾ, ਧੰਨਾ ਸਿੰਘ ਲਾਲੂਘੁਮਣ ਨੇ ਕਿਹਾ ਕਿ 26 ਨਵੰਬਰ ਤੋਂ ਜ਼ਿਲ੍ਹਾ ਡੀਸੀ ਦਫਤਰਾਂ ਅੱਗੇ ਜੋ ਪੱਕਾ ਮੋਰਚਾ ਲੱਗੇਗਾ ਉਹ ਮੰਗਾਂ ਦੇ ਹੱਲ ਹੋਣ ਤੱਕ ਜਾਰੀ ਰਹੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਜ਼ਿਲ੍ਹੇ ਦੇ 16 ਜ਼ੋਨਾਂ ਦੇ ਸੈਂਕੜੇ ਪਿੰਡਾਂ ਵਿੱਚ ਕਿਸਾਨਾਂ, ਮਜ਼ਦੂਰਾਂ, ਬੀਬੀਆਂ, ਵਲੰਟੀਅਰਾਂ, ਨੌਜਵਾਨਾਂ ਦੀਆਂ ਮੀਟਿੰਗਾਂ ਲਗਾ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਮੀਟਿੰਗਾਂ ਵਿੱਚ ਲੋਕਾਂ ਨੇ ਰਾਜਨੀਤਿਕ, ਸਮਾਜਿਕ, ਆਰਥਕ, ਧਾਰਮਿਕ ਹਾਲਾਤ ਅਤੇ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਅਤੇ ਲੋਕ ਵਿਰੋਧੀ ਨੀਤੀਆਂ 'ਤੇ ਖੁੱਲ੍ਹ ਕੇ ਚਰਚਾ ਕੀਤੀ। ਲੋਕਾਂ ਵਿੱਚ ਸਰਕਾਰਾਂ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ। ਜੋ ਦਿੱਲੀ ਧਰਨੇ ਵਿੱਚ ਵਾਅਦੇ ਕੀਤੇ ਸਨ ਅੱਜ ਕੇਂਦਰ ਸਰਕਾਰ ਉਨ੍ਹਾਂ ਵਾਅਦਿਆਂ ਤੋਂ ਮੁੱਕਰ ਗਈ ਹੈ। ਪੰਜਾਬ ਸਰਕਾਰ ਵੀ ਜੋ ਵਾਅਦੇ ਕਰ ਕੇ ਸੱਤਾ ਵਿੱਚ ਆਈ ਸੀ, ਉਨ੍ਹਾਂ ਨੂੰ ਲਾਗੂ ਕਰਨ ਤੋਂ ਭੱਜ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਇਸ ਮੋਰਚੇ ਵਿੱਚ ਜ਼ੋਰਦਾਰ ਮੰਗ ਕੀਤੀ ਜਾਵੇਗੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਸਖਤ ਸਜ਼ਾਵਾਂ ਦਿੱਤੀਆਂ ਜਾਣ, ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ, 23 ਫਸਲਾਂ 'ਤੇ ਐੱਮਐੱਸਪੀ ਦੀ ਗਰੰਟੀ ਦਿੱਤੀ ਜਾਵੇ, ਡਾਕਟਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਕੇ ਫਸਲਾਂ ਦੇ ਭਾਅ ਲਾਗਤ ਖਰਚਿਆਂ ਵਿੱਚ 50 ਪਰਸੈਂਟ ਮੁਨਾਫਾ ਜੋੜ ਕੇ ਦੇਣ, ਪ੍ਰਾਈਵੇਟ ਕੰਪਨੀਆਂ ਵੱਲੋਂ ਲਗਾਏ ਜਾ ਰਹੇ ਨਹਿਰੀ ਪ੍ਰੋਜੈਕਟ ਰੱਦ ਕਰ ਕੇ ਪਾਣੀ ਪੰਜਾਬ ਦੇ ਸਾਰੇ ਪਿੰਡਾਂ ਤੱਕ ਪਚਾਇਆ ਜਾਵੇ, ਧਰਤੀ ਹੇਠ ਜਿਹੜੀਆਂ ਫੈਕਟਰੀਆਂ ਜ਼ਹਿਰੀਲਾ ਪਾਣੀ ਭੇਜ ਰਹੀਆਂ ਹਨ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇ, ਬਿਜਲੀ ਵੰਡ ਕਨੂੰਨ 2022 ਦਾ ਨੋਟੀਫਿਕੇਸਨ ਰੱਦ ਕਰਨ, ਆਬਾਦਕਾਰਾਂ ਨੂੰ ਜ਼ਮੀਨਾਂ ਦੇ ਪੱਕੇ ਮਾਲਕੀ ਹੱਕ ਦਿੱਤਾ ਜਾਵੇ, ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀ ਅਜੇ ਮਿਸ਼ਰਾ ਟੈਣੀ ਨੂੰ ਮੰਤਰੀ ਮੰਡਲ ਵਿੱਚੋਂ ਬਰਖਾਸਤ ਕੀਤਾ ਜਾਵੇ ਅਤੇ ਧਾਰਾ 120ਬੀ ਤਹਿਤ ਗ੍ਰਿਫਤਾਰ ਕੀਤਾ ਜਾਵੇ ਅਤੇ ਇਸ ਕਾਂਡ ਦੇ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੀ ਜਾਵੇ, ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦਾ ਹੱਕ ਖੋਹਣ ਵਾਲਾ ਕਨੂੰਨ ਤੁਰੰਤ ਰੱਦ ਕੀਤਾ ਜਾਵੇ, ਕਿਸਾਨਾਂ ਤੇ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮੁਆਫ ਕੀਤਾ ਜਾਵੇ ਅਤੇ ਕਰਜ਼ੇ ਕਾਰਨ ਹੋ ਰਹੀਆਂ ਕੁਰਕੀਆਂ, ਗ੍ਰਿਫਤਾਰੀਆਂ ਬੰਦ ਕੀਤੀਆਂ ਜਾਣ। ਇਸ ਮੌਕੇ ਕੁਲਵੰਤ ਸਿੰਘ ਢੋਟੀਆਂ, ਅਜੀਤ ਸਿੰਘ ਚੱਬਾ, ਕੁਲਵਿੰਦਰ ਸਿੰਘ ਕੈਰੋਵਾਲ, ਮੁਖਤਿਆਰ ਸਿੰਘ ਬਿਹਾਰੀਪੁਰ, ਬਲਵਿੰਦਰ ਸਿੰਘ ਸੈਰੋ, ਸੁਖਦੇਵ ਸਿੰਘ ਦੁਬਲੀ, ਪੂਰਨ ਸਿੰਘ ਮੱਦਰ, ਅੰਗਰੇਜ਼ ਸਿੰਘ ਬਗਰਾੜੀ, ਬਲਵੀਰ ਸਿੰਘ ਵੈਰੋਵਾਲ, ਹਰਜਿੰਦਰ ਸਿੰਘ ਸਿੱਧਵਾਂ, ਬਲਜੀਤ ਸਿੰਘ ਝਬਾਲ, ਫਤਿਹ ਸਿੰਘ ਵਲੰਟੀਅਰ, ਮਿਲਖਾ ਸਿੰਘ ਰੂੜੇ ਆਸਲ ਅਤੇ ਰਿਸ਼ਪਾਲ ਸਿੰਘ ਕਸੇਲ ਆਦਿ ਆਗੂ ਹਾਜ਼ਰ ਸਨ।

# ਸੀਡੀਪੀਓ ਦਫਤਰ ਬਟਾਲਾ ਦੇ ਕਰਮਚਾਰੀਆਂ ਮੁਫਤ ਕਾਨੂੰਨੀ ਸਹਾਇਤਾ ਬਾਰੇ ਕੀਤਾ ਜਾਗਰੂਕ

ਬਟਾਲਾ (ਤਰਲੋਕ ਬੱਗਾ)-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵੱਲੋਂ ਲੋਕਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਸਬੰਧੀ ਵਿੱਢੀ ਗਈ ਜਾਗਰੂਕਤਾ ਮੁਹਿੰਮ ਤਹਿਤ ਸੀਡੀਪੀਓ ਦਫਤਰ ਬਟਾਲਾ ਵਲੋਂ ਲੋਕਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਲੈਣ ਬਾਰੇ ਜਾਗਰੂਕ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਡੀਪੀਓ ਬਟਾਲਾ ਵਰਿੰਦਰ ਸਿੰਘ ਨੇ ਦੱਸਿਆ ਕਿ ਆਂਗਣਵਾੜੀ ਵਰਕਰਾਂ ਵਲੋਂ ਘਰ-ਘਰ ਜਾ ਕੇ ਲੋਕਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਲੈਣ ਬਾਰੇ ਜਾਗਰੂਕ ਕੀਤਾ ਗਿਆ ਤੇ ਪੈਂਫਲਿਟ ਵੰਡੇ ਗਏ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਉਹ ਹਰ ਤਰ੍ਹਾਂ ਦੇ ਦੀਵਾਨੀ ਕੇਸ, ਪਰਿਵਾਰਕ ਝਗੜੇ (ਪਤੀ-ਪਤਨੀ ਦੇ ਝਗੜੇ), ਜਾਇਦਾਦ ਸਬੰਧੀ ਮਾਮਲੇ, ਹਿਰਾਸਤ ਸਬੰਧੀ ਕੇਸ, ਮੋਟਰ ਐਕਸੀਡੈਂਟ ਕੇਸ, ਨੌਕਰੀ ਸਬੰਧੀ ਮਾਮਲੇ, ਲੇਬਰ ਕੋਰਟ ਕੇਸ, ਫੌਜਦਾਰੀ ਕੇਸ, ਇਜਰਾਵਾਂ, ਅਪੀਲ, ਰਿੱਟ, ਰੀਵਿਊ, ਰਵੀਜ਼ਨ ਆਦਿ ਹੋਰ ਅਦਾਲਤਾਂ, ਕਮਿਸ਼ਨਾਂ ਅਤੇ ਟ੍ਰਿਬਿਊਨਲਾਂ ਵਿੱਚ ਲੰਬਿਤ ਕੇਸ, ਮੌਲਿਕ ਅਧਿਕਾਰਾਂ ਦੀ ਰਾਖੀ ਸਬੰਧੀ ਕੇਸਾਂ ਵਿੱਚ ਅਤੇ ਅਜਿਹੇ ਕੇਸ ਜਿਨ੍ਹਾਂ ਵਿੱਚ ਜਨਹਿੱਤ ਜੁੜਿਆ ਹੋਵੇ, ਸਬੰਧੀ ਕਾਨੂੰਨੀ ਸਹਾਇਤਾ ਲਈ ਜਾ ਸਕਦੀ ਹੈ। ਇਸ ਤੋਂ ਇਲਾਵਾ ਬੱਚਿਆਂ ਦੇ ਹੈਲਪਲਾਈਨ ਨੰਬਰ 1098, ਪੁਲਸ ਹੈਲਪਲਾਈਨ ਨੰਬਰ 112 , ਨਾਲਸਾ ਹੈਲਪਲਾਈਨ ਨੰਬਰ 15100 ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕਿਸੇ ਵੀ ਕਿਸਮ ਦੀ ਕਾਨੂੰਨੀ ਸਲਾਹ ਮਸ਼ਵਰਾ ਲੈਣ ਲਈ ਲੋਕ, ਦਫਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨਾਲ ਸੰਪਰਕ ਕਰ ਸਕਦੇ ਹਨ। ਦਫਤਰ ਦਾ ਪਤਾ ਜ਼ਿਲ੍ਹਾ ਕਚਹਿਰੀਆਂ ਕੰਪਲੈਕਸ, ਪਹਿਲੀ ਮੰਜ਼ਿਲ, ਕਮਰਾ ਨੰਬਰ 104 ਅਤੇ ਟੈਲੀਫੋਨ ਨੰਬਰ 01874-240369 ਨਾਲ ਸੰਪਰਕ ਕੀਤਾ ਜਾ ਸਕਦੈ।

# ਸਿਟੀਜ਼ਨ ਫੋਰਮ ਅੰਮ੍ਰਿਤਸਰ ਵੱਲੋਂ ਭੰਡਾਰੀ ਪੁਲ 'ਤੇ ਕਨਵੈਨਸ਼ਨ ਕਰਨ ਦਾ ਐਲਾਨ



ਅੰਮ੍ਰਿਤਸਰ (ਜਸਬੀਰ ਸਿੰਘ)-ਵੱਖ-ਵੱਖ ਲੋਕਪੱਖੀ, ਜਮਹੂਰੀ ਅਤੇ ਜਨਤਕ ਜਥੇਬੰਦੀਆਂ 'ਤੇ ਅਧਾਰਿਤ ਸਿਟੀਜ਼ਨ ਫੋਰਮ ਅੰਮ੍ਰਿਤਸਰ ਦੀ ਇਕ ਵਿਸ਼ੇਸ਼ ਮੀਟਿੰਗ ਜਨਤਕ ਆਗੂ ਬਲਬੀਰ ਝਾਮਕਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਪਿਛਲੇ ਚਾਰ ਸਾਲ ਤੋਂ ਭੀਮਾ ਕੋਰੇਗਾਓਂ ਦੇ ਝੂਠੇ ਕੇਸ ਹੇਠ ਜੇਲ੍ਹਾਂ ਵਿਚ ਨਜ਼ਰਬੰਦ ਬੁੱਧੀਜੀਵੀਆਂ, ਵਕੀਲਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਸਮੇਤ ਹੋਰਨਾਂ ਨਿਰਦੋਸ਼ ਵਿਅਕਤੀਆਂ ਦੀ ਬਿਨਾਂ ਸ਼ਰਤ ਰਿਹਾਈ, ਬਿਲਕੀਸ ਬਾਨੋ ਦੇ ਬਲਾਤਕਾਰ ਅਤੇ 11 ਕਤਲਾਂ ਦੇ ਦੋਸ਼ੀਆਂ ਦੀ ਨਜਾਇਜ਼ ਰਿਹਾਈ ਦੇ ਖਿਲਾਫ ਅਤੇ ਪੰਜਾਬ ਵਿਚ ਦਿਨੋਂ ਦਿਨ ਵਧ ਰਹੇ ਫ਼ਿਰਕੂ-ਫਾਸ਼ੀਵਾਦੀ ਹਮਲਿਆਂ ਦੇ ਖਿਲਾਫ਼ ਇਕ ਜਨਤਕ ਕਨਵੈਨਸ਼ਨ 20 ਨਵੰਬਰ ਐਤਵਾਰ ਨੂੰ ਬਾਅਦ ਦੁਪਹਿਰ ਤਿੰਨ ਵਜੇ ਭੰਡਾਰੀ ਪੁਲ ਵਿਖੇ ਕਰਵਾਈ ਜਾਵੇਗੀ।

ਇਸ ਸੰਬੰਧੀ ਮੀਟਿੰਗ ਵਿਚ ਸ਼ਾਮਿਲ ਜਮਹੂਰੀ ਆਗੂਆਂ ਕਾਮਰੇਡ ਰਤਨ ਰੰਧਾਵਾ, ਪ੍ਰੋ. ਅਮਰਜੀਤ ਸਿੱਧੂ, ਪ੍ਰੋ. ਜਗਰੂਪ ਸੇਖੋਂ, ਯਸ਼ਪਾਲ ਝਬਾਲ, ਕੰਵਲਜੀਤ ਕੌਰ, ਤਰਕਸ਼ੀਲ ਆਗੂ ਸੁਮੀਤ ਸਿੰਘ, ਕਾਮਰੇਡ ਬਲਕਾਰ ਦੁਧਾਲਾ, ਕਾਮਰੇਡ ਅਮਰੀਕ ਸਿੰਘ ਸੰਗਤਪੁਰਾ, ਬਲਬੀਰ ਮੂਧਲ, ਪ੍ਰੋ. ਸ਼ਰਨਜੀਤ ਢਿੱਲੋਂ, ਮੰਗਲ ਟਾਂਡਾ, ਡਾ. ਪੁਰਸ਼ੋਤਮ ਲਾਲ, ਐਡਵੋਕੇਟ ਨਵਨੀਤ ਸਿੰਘ, ਹਰਵਿੰਦਰ ਸਿੰਘ, ਮਾਸਟਰ ਕੁਲਜੀਤ ਵੇਰਕਾ, ਮਾਸਟਰ ਬਲਦੇਵ ਰਾਜ ਵੇਰਕਾ, ਬਲਦੇਵ ਸਿੰਘ, ਮਨਜੀਤ ਸਿੰਘ ਗਹਿਰੀ ਮੰਡੀ ਅਤੇ ਬਲਬੀਰ ਝਾਮਕਾ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਪਿਛਲੇ ਅੱਠ ਸਾਲਾਂ ਤੋਂ ਮੋਦੀ ਸਰਕਾਰ, ਜਮਹੂਰੀਅਤ ਅਤੇ ਸੰਵਿਧਾਨ ਦੀਆਂ ਧੱਜੀਆਂ ਉਡਾਉਂਦੇ ਹੋਏ ਯੂਏਪੀਏ-ਅੈਫਸਪਾ ਵਰਗੇ ਲੋਕ ਵਿਰੋਧੀ ਕਾਨੂੰਨ ਅਤੇ ਸਾਮਰਾਜਪੱਖੀ ਲੋਟੂ ਨੀਤੀਆਂ ਲਾਗੂ ਕਰਨ ਦੇ ਇਲਾਵਾ ਨਿਆਂਪਾਲਿਕਾ ਅਤੇ ਮੀਡੀਆ ਦੀ ਲਗਾਤਾਰ ਦੁਰਵਰਤੋਂ ਕਰ ਰਹੀ ਹੈ ਅਤੇ ਅਜਿਹੀਆਂ ਫਾਸ਼ੀਵਾਦੀ ਨੀਤੀਆਂ ਦਾ ਜਮਹੂਰੀ ਵਿਰੋਧ ਕਰਨ ਵਾਲੇ ਬੁੱਧੀਜੀਵੀਆਂ, ਵਕੀਲਾਂ, ਪੱਤਰਕਾਰਾਂ, ਸਮਾਜਿਕ ਕਾਰਕੁਨਾਂ, ਲੇਖਕਾਂ, ਕਿਸਾਨਾਂ, ਮਜ਼ਦੂਰਾਂ, ਆਦਿਵਾਸੀਆਂ, ਦਲਿਤਾਂ, ਔਰਤਾਂ ਅਤੇ ਵਿਦਿਆਰਥੀਆਂ ਨੂੰ ਝੂਠੇ ਕੇਸਾਂ ਹੇਠ ਅਣਮਿੱਥੇ ਸਮੇਂ ਲਈ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ ਜੋ ਕਿ ਵਿਚਾਰ ਪ੍ਰਗਟਾਵੇ ਦੀ ਸੰਵਿਧਾਨਿਕ ਆਜ਼ਾਦੀ ਉਤੇ ਸਿੱਧਾ ਹਮਲਾ ਹੈ। ਉਨ੍ਹਾਂ ਪੰਜਾਬ ਵਿਚ ਇਕ ਸਾਜ਼ਿਸ਼ ਹੇਠ ਦਿਨੋਂ-ਦਿਨ ਵਧ ਰਹੀ ਫ਼ਿਰਕੂ ਹਿੰਸਾ, ਨਸ਼ਿਆਂ, ਕਤਲਾਂ ਅਤੇ ਅਮਨ ਕਾਨੂੰਨ ਦੀ ਵਿਗੜ ਰਹੀ ਹਾਲਤ ਲਈ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਇਸਦੇ ਖਿਲਾਫ ਲਗਾਤਾਰ ਜਮਹੂਰੀ ਅਤੇ ਜਥੇਬੰਦਕ ਸੰਘਰਸ਼ ਕਰਨ ਦਾ ਵੀ ਅਹਿਦ ਲਿਆ। ਸਿਟੀਜ਼ਨ ਫੋਰਮ ਦੇ ਆਗੂਆਂ ਨੇ ਸਮੂਹ ਲੋਕਪੱਖੀ, ਇਨਸਾਫ਼ ਪਸੰਦ ਅਤੇ ਜਮਹੂਰੀ ਜਨਤਕ ਜਥੇਬੰਦੀਆਂ ਦੇ ਆਗੂਆਂ, ਕਾਰਕੁਨਾਂ ਅਤੇ ਆਮ ਲੋਕਾਂ ਨੂੰ ਇਸ ਹਕੂਮਤੀ ਅਤੇ ਫ਼ਿਰਕੂ ਦਹਿਸ਼ਤਵਾਦ ਦੇ ਖਿਲਾਫ ਅਤੇ ਆਪਣੇ ਜਮਹੂਰੀ ਹੱਕਾਂ ਦੀ ਰਾਖੀ ਲਈ ਇਸ ਕਨਵੈਨਸ਼ਨ ਵਿਚ ਵੱਡੀ ਗਿਣਤੀ ਵਿਚ ਸ਼ਾਮਿਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ।

# ਸਖੀ ਵਨ ਸਟੌਪ ਸੈਂਟਰ ਔਰਤਾਂ ਲਈ ਬਣਿਆ ਵੱਡਾ ਸਹਾਰਾ

ਗੁਰਦਾਸਪੁਰ (ਜਨਕ ਮਹਾਜਨ)-ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਵਿਖੇ ਚੱਲ ਰਿਹਾ ਸਖੀ ਵਨ ਸਟੌਪ ਸੈਂਟਰ ਔਰਤਾਂ ਲਈ ਵੱਡਾ ਸਹਾਰਾ ਬਣ ਕੇ ਸਾਹਮਣੇ ਆਇਆ ਹੈ। ਇਸ ਸੈਂਟਰ ਵੱਲੋਂ ਹਿੰਸਾ ਤੋਂ ਪੀੜ੍ਹਤ ਔਰਤਾਂ ਨੂੰ ਡਾਕਟਰੀ, ਕਾਨੂੰਨੀ, ਪੁਲਸ ਅਤੇ ਕਾਉਂਸਲਿੰਗ ਦੀ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮੈਡਮ ਸੁਮਨਦੀਪ ਕੌਰ ਨੇ ਦੱਸਿਆ ਕਿ ਸਖੀ ਵਨ ਸਟੌਪ ਸੈਂਟਰ ਦਾ ਮੁੱਖ ਉਦੇਸ਼ ਪੀੜ੍ਹਤ ਔਰਤਾਂ ਨੂੰ ਜਿਥੇ ਸਹਾਰਾ ਦੇਣਾ ਹੈ ਓਥੇ ਉਨ੍ਹਾਂ ਵਿੱਚ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਲਿਆਉਣਾ ਵੀ ਹੈ।

ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੇ ਦੱਸਿਆ ਕਿ ਸਖੀ ਵਨ ਸਟਾਪ ਸੈਂਟਰ ਵਿੱਚ ਅਪ੍ਰੈਲ 2022 ਤੋਂ ਸਤੰਬਰ 2022 ਤੱਕ ਕੁੱਲ 96 ਕੇਸ ਆਏ ਸਨ, ਜਿਨ੍ਹਾਂ ਵਿੱਚੋਂ ਘਰੇਲੂ ਹਿੰਸਾ ਦੇ 58 ਕੇਸ, ਬਲਾਤਕਾਰ ਦੇ 2, ਜਿਨਸੀ ਛੇੜਛਾੜ ਦੇ 2, ਸ਼ੈਲਟਰ 33 ਕੇਸਾਂ ਨੂੰ ਦਰਜ ਕਰਕੇ ਉਨ੍ਹਾਂ ਦਾ ਨਿਪਟਾਰਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪ੍ਰਭਾਵਤ ਔਰਤਾਂ ਨੂੰ ਡਾਕਟਰੀ, ਕਾਨੂੰਨੀ, ਪੁਲਸ ਅਤੇ ਕਾਉਂਸਲਿੰਗ ਦੀ ਸਹਾਇਤਾ ਦਿੱਤੀ ਜਾ ਚੁੱਕੀ ਹੈ। ਸਖੀ ਵਨ ਸਟੌਪ ਸੈਂਟਰ ਦਾ ਉਦੇਸ਼ ਪ੍ਰਾਈਵੇਟ ਅਤੇ ਜਨਤਕ ਥਾਵਾਂ ਤੇ ਪਰਿਵਾਰਕ, ਕਮਿਊਨਿਟੀ ਅਤੇ ਕੰਮ ਦੇ ਸਥਾਨਾਂ 'ਤੇ ਹਿੰਸਾ ਦੁਆਰਾ ਪ੍ਰਭਾਵਿਤ ਔਰਤਾਂ ਨੂੰ ਉਨ੍ਹਾਂ ਦੇ ਹੱਕਾਂ ਲਈ ਜਾਗਰੂਕ ਕਰਨਾ ਅਤੇ ਨਿਆਂ ਦਿਵਾਉਣਾ ਹੈ। ਇਸ ਲਈ ਸਖੀ ਵਨ ਸਟੌਪ ਸੈਂਟਰ ਵੱਲੋਂ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ ਉਪਰ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸਖੀ ਵਨ ਸਟੌਪ ਸੈਂਟਰ ਵੱਲੋ ਹਿੰਸਾ ਦੁਆਰਾ ਪ੍ਰਭਾਵਿਤ ਔਰਤਾਂ ਜੋ ਸਰੀਰਕ, ਭਾਵਨਾਤਮਕ, ਮਨੋਵਿਗਿਆਨਕ ਅਤੇ ਆਰਥਿਕ ਸ਼ੋਸ਼ਣ ਦਾ ਸਾਹਮਣਾ ਕਰ ਰਹੀਆਂ ਹਨ, ਉਨ੍ਹਾਂ ਨੂੰ ਐਮਰਜੈਂਸੀ ਸਹਾਇਤਾ, ਮੈਡੀਕਲ ਸਹਾਇਤਾ, ਕਾਨੂੰਨੀ ਸਹਾਇਤਾ, ਮਨੋਚਕਿਤਸਿਕ ਕੌਂਸਲਿੰਗ ਅਤੇ ਸ਼ਾਰਟ ਸਟੇਅ ਦੀਆਂ ਸਹੂਲਤਾਂ ਮੁਫਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮੈਡਮ ਸੁਮਨਦੀਪ ਕੌਰ ਨੇ ਦੱਸਿਆ ਕਿ ਪੀੜ੍ਹਤ ਔਰਤਾਂ ਸਖੀ ਵਨ ਸਟੌਪ ਸੈਂਟਰ, ਗੁਰਦਾਸਪੁਰ ਦੀ ਪ੍ਰਬੰਧਕ ਅਨੂੰ ਗਿੱਲ ਨਾਲ ਉਨ੍ਹਾਂ ਦੇ ਮੋਬਾਇਲ ਨੰਬਰ 75083-50243 ਜਾਂ ਸੈਂਟਰ ਦੇ ਲੈਂਡ ਲਾਈਨ ਨੰਬਰ 01874-240165 'ਤੇ ਸੰਪਰਕ ਕਰ ਸਕਦੀਆਂ ਹਨ।

# ਚੇਅਰਮੈਨ ਸੁਖਵਿੰਦਰ ਸਿੱਧੂ ਵੱਲੋਂ ਪੰਚਾਂ-ਸਰਪੰਚਾਂ ਨਾਲ ਪਲੇਠੀ ਮੀਟਿੰਗ



ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਬੀਤੇ ਦਿਨੀਂ ਪੱਟੀ ਹਲਕੇ ਤੋਂ ਵੱਡੀ ਗਿਣਤੀ ਵਿਚ ਪੰਚਾਂ, ਸਰਪੰਚਾਂ ਤੇ ਚੇਅਰਮੈਨਾਂ ਵੱਲੋਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਤੋਂ ਬਾਅਦ ਸੁਖਵਿੰਦਰ ਸਿੰਘ ਸਿੱਧੂ ਬਲਾਕ ਸੰਮਤੀ ਦੇ ਮੌਜੂਦਾ ਚੇਅਰਮੈਨ ਦੇ ਘਰ ਕੈਬਨਿਟ ਮੰਤਰੀ ਵੱਲੋਂ ਸਿੱਧੂ ਦੇ ਚਾਹ ਦਾ ਕੱਪ ਸਾਂਝਾ ਕਰਨ ਤੋਂ ਬਾਅਦ ਸਰਦੀਆਂ ਦੇ ਮੌਸਮ ਵਿਚ ਪੱਟੀ ਹਲਕੇ ਅੰਦਰ ਸਿਆਸੀ ਕੰਬਣੀ ਛੇੜ ਦਿੱਤੀ ਸੀ।

ਸਿੱਧੂ-ਭੁੱਲਰ ਦੀ ਮਿਲਣੀ ਦੇ ਨਤੀਜੇ ਵਜੋਂ ਅੱਜ ਬਲਾਕ ਸੰਮਤੀ ਪੱਟੀ ਦੇ ਚੇਅਰਮੈਨ ਸੁਖਵਿੰਦਰ ਸਿੰਘ ਸਿੱਧੂ ਨੇ ਚੇਅਰਮੈਨਾਂ, ਪੰਚ-ਸਰਪੰਚਾਂ ਨਾਲ ਪਲੇਠੀ ਮੀਟਿੰਗ ਕੀਤੀ ਗਈ। ਮੀਟਿੰਗ 'ਚ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ 'ਚ ਹਲਕੇ ਦਾ ਵਿਕਾਸ ਕਰਵਾਉਣ ਲਈ ਰਣਨੀਤੀ ਤਿਆਰ ਕੀਤੀ ਗਈ। ਆਉਣ ਵਾਲੇ ਦਿਨਾਂ ਵਿਚ ਇਹ ਮੀਟਿੰਗ ਪੱਟੀ ਦੀ ਸਿਆਸਤ 'ਚ ਹੋਰ ਸਿਆਸੀ ਉਬਾਲ ਆਉਣ ਦੀਆਂ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ। ਅੱਜ ਦੀ ਮੀਟਿੰਗ ਨੇ ਸਿਆਸੀ ਗਲਿਆਰਿਆਂ 'ਚ ਨਵੀਂ ਚਰਚਾ ਛੇੜ ਦਿੱਤੀ ਹੈ। ਸਿੱਧੂ ਦੇ ਦਫਤਰ ਪੁੱਜਣ 'ਤੇ ਬਲਾਕ ਦੇ ਸਟਾਫ ਵੱਲੋਂ ਗੁਲਦਸਤਿਆਂ ਨਾਲ ਸਵਾਗਤ ਕੀਤਾ ਗਿਆ। ਪੱਟੀ ਤੋਂ ਹਲਕਾ ਵਿਧਾਇਕ ਤੇ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ 'ਚ ਸੁਖਵਿੰਦਰ ਸਿੰਘ ਸਿੱਧੂ ਵੱਲੋਂ ਪੱਟੀ ਬਲਾਕ ਦਫਤਰ 'ਚ ਬਲਾਕ ਦੇ ਚੇਅਰਮੈਨਾਂ, ਪੰਚਾਂ, ਸਰਪੰਚਾਂ ਨਾਲ ਪਠੇਲੀ ਮੀਟਿੰਗ ਕੀਤੀ। ਲਾਲਜੀਤ ਸਿੰਘ ਭੁੱਲਰ ਗੁਜਰਾਤ ਚੋਣ ਪ੍ਰਚਾਰ ਤੇ ਗਏ ਹੋਣ ਕਾਰਨ ਆਪ ਆਗੂ ਨਛੱਤਰ ਸਿੰਘ ਰਾੜੀਆਂ ਤੇ ਬਿੱਲਾ ਜੋਸਨ ਮੀਟਿੰਗ ਵਿਚ ਹਾਜ਼ਰ ਰਹੇ।

ਸੁਖਵਿੰਦਰ ਸਿੰਘ ਸਿੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਹਲਕੇ 'ਚ ਨਵੇਂ ਵਿਕਾਸ ਕਾਰਜ ਸ਼ੁਰੂ ਕਰਨ ਤੇ ਲਟਕੇ ਹੋਏ ਕੰਮ ਨੇਪਰੇ ਚਾੜ੍ਹਨ ਦੇ ਨਾਲ ਨਾਲ ਹਲਕੇ ਦੇ ਵਿਕਾਸ ਲਈ ਮੁੱਖ ਤਵੱਜੋ ਦੇਣ ਦਾ ਐਲਾਨ ਕਰਦੇ ਹੋਏ ਭਵਿੱਖ ਵਿਚ ਵਿਕਾਸ ਕਾਰਜ ਬਿਨਾਂ ਕਿਸੇ ਭੇਦਭਾਵ ਤੋਂ ਕਰਵਾਏ ਜਾਣਗੇ। ਸਿੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਮੋਢੇ ਨਾਲ ਮੋਢਾ ਜੋੜ ਕੇ ਹਲਕੇ ਦੇ ਵਿਕਾਸ ਕਾਰਜ ਕਰਵਾਏ ਜਾਣਗੇ। ਜ਼ਿਕਰਯੋਗ ਹੈ ਕਿ ਸਿੱਧੂ ਕਾਂਗਰਸ ਦੇ ਸਾਬਕਾ ਹਲਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ ਦੇ ਸੱਜੇ ਹੱਥ ਵਜੋਂ ਜਾਣੇ ਜਾਂਦੇ ਕਾਂਗਰਸੀ ਟਕਸਾਲੀ ਆਗੂਆਂ ਵਿਚੋਂ ਇੱਕ ਸਨ ਜਿਨ੍ਹਾਂ ਨੂੰ ਹਰਮਿੰਦਰ ਸਿੰਘ ਗਿੱਲ ਨੇ ਚੇਅਰਮੈਨੀ ਦੇ ਅਹੁਦੇ ਨਾਲ ਨਿਵਾਜਿਆ ਸੀ।

ਇਸ ਮੌਕੇ ਗੁਰਮੁੱਖ ਸਿੰਘ ਬੀਡੀਪੀਓ ਹਰਦਿਆਲ ਸਿੰਘ ਪੰਚਾਇਤ ਸਕੱਤਰ, ਗੁਰਮੀਤ ਸਿੰਘ ਪੰਚਾਇਤ ਸਕੱਤਰ, ਗੁਰਜੰਟ ਸਿੰਘ ਪੰਚਾਇਤ ਸਕੱਤਰ, ਉਪਿੰਦਰ ਸਿੰਘ ਪੰਚਾਇਤ ਅਫਸਰ ਮੈਡਮ ਬਲਜੀਤ ਕੌਰ ਸੀਡੀਪੀਓ, ਸੁਖਰਾਜ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਹਰੀਕੇ, ਸੁਖਵਿੰਦਰ ਸਿੰਘ ਸਰਪੰਚ, ਬਲਦੇਵ ਸਿੰਘ ਸਰਪੰਚ ਗੁਰਨਾਮ ਸਿੰਘ ਬੱਬੀ ਬਾਠ ਸਰਪੰਚ, ਨਰਿੰਦਰ ਸਿੰਘ ਸਰਪੰਚ, ਵਜੀਰ ਸਿੰਘ ਪਰਿੰਗੜੀ, ਹਰਭੇਜ ਸਿੰਘ ਬੱਬਾ ਬੁਰਜ ਮੈਂਬਰ ਬਲਾਕ ਸੰਮਤੀ ਪੱਟੀ, ਸਰਵਣ ਸਿੰਘ ਸਰਪੰਚ, ਦਲਜੀਤ ਸਿੰਘ ਲੌਹਕਾ ਰਣਜੀਤ ਸਿੰਘ ਕੈਰੋਂ ਸਰਪੰਚ, ਹਰਮਿੰਦਰ ਸਿੰਘ ਡੂਮਣੀਵਾਲਾ ਬਖ਼ਸ਼ੀਸ਼ ਸਿੰਘ ਸਾਬਕਾ ਸਰਪੰਚ ਅਤੇ ਸਾਹਿਬ ਸਿੰਘ ਕਿਰਤੋਵਾਲ ਕਲਾਂ ਆਦਿ ਹਾਜ਼ਰ ਸਨ।

# ਗੁਪਤਾ ਹਸਪਤਾਲ 'ਚ 7 ਕਿੱਲੋ ਦੀ ਰਸੌਲੀ ਕੱਢ ਕੇ ਬਚਾਈ ਔਰਤ ਦੀ ਜਾਨ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਸਥਾਨਕ ਗੁਪਤਾ ਹਸਪਤਾਲ ਝਬਾਲ ਵਿਖੇ ਇੱਕ ਮਰੀਜ਼ ਸੁਰਜੀਤ ਕੌਰ ਪਤਨੀ ਧਿਆਨ ਸਿੰਘ ਉਮਰ 53 ਸਾਲ ਵਾਸੀ ਮੰਨਣ ਜ਼ਿਲ੍ਹਾ ਤਰਨ ਤਾਰਨ ਦੇ ਪੇਟ ਵਿਚੋਂ ਇੱਕ ਬਹੁਤ ਵੱਡੀ ਰਸੌਲੀ ਦਾ ਅਪ੍ਰੇਸ਼ਨ ਕਰਕੇ ਜਾਨ ਬਚਾਈ ਗਈ। ਡਾ. ਰਮਨ ਗੁਪਤਾ ਚੀਫ ਸਰਜਨ ਅਤੇ ਮੈਨੇਜਿੰਗ ਡਾਇਰੈਕਟਰ ਝਬਾਲ ਨੇ ਦੱਸਿਆ ਕਿ ਇਹ ਰਸੌਲੀ ਕਾਫੀ ਸਾਲਾਂ ਤੋਂ ਮਰੀਜ਼ ਦੇ ਪੇਟ ਵਿੱਚ ਫੈਲੀ ਹੋਈ ਸੀ ਅਤੇ ਮਰੀਜ਼ ਦੀ ਹਾਲਤ ਦਿਨ-ਬ-ਦਿਨ ਖਰਾਬ ਹੁੰਦੀ ਜਾ ਰਹੀ ਸੀ। 7 ਕਿੱਲੋ ਦੀ ਰਸੌਲੀ ਕੱਢਣ ਦੇ ਸਫਲ ਅਪ੍ਰੇਸ਼ਨ ਤੋਂ ਬਾਅਦ ਮਰੀਜ਼ ਨੂੰ ਇੱਕ ਨਵਾਂ ਜੀਵਨ ਮਿਲਿਆ ਹੈ।

ਗੁਪਤਾ ਹਸਪਤਾਲ ਝਬਾਲ ਪਿਛਲੇ 20 ਸਾਲਾਂ ਤੋਂ ਇਲਾਕੇ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ। ਇਥੇ ਹਰ ਤਰ੍ਹਾਂ ਦੇ ਅਪ੍ਰੇਸ਼ਨ ਅਤੇ ਹਰ ਤਰ੍ਹਾਂ ਦੀ ਐਮਰਜੈਂਸੀ ਦਾ ਇਲਾਜ ਕੀਤਾ ਜਾਂਦਾ ਹੈ। 24 ਘੰਟੇ ਮਾਹਿਰ ਡਾਕਟਰਾਂ ਦੀ ਟੀਮ ਆਧੁਨਿਕ ਆਈਸੀਯੂ ਅਤੇ ਆਧੁਨਿਕ ਅਪ੍ਰੇਸ਼ਨ ਥਿਏਟਰ ਦੀ ਸਹੂਲਤ ਹੈ। ਬਹੁਤ ਸਾਰੀਆਂ ਕੀਮਤੀ ਜ਼ਿੰਦਗੀਆ ਹਸਪਤਾਲ ਦੀ ਟੀਮ ਰਾਹੀਂ ਬਚਾਈਆ ਗਈਆਂ ਹਨ। ਇਸ ਮੌਕੇ ਹਾਜ਼ਰ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਡਾ. ਰਮਨ ਗੁਪਤਾ, ਡਾ. ਢੀਂਗਰਾ, ਡਾ. ਅਸ਼ਵਨੀ ਅਰੋੜਾ, ਬਲਦੇਵ ਸਿੰਘ, ਗੁਰਜਿੰਦਰ ਕੌਰ, ਕਵਲਜੀਤ ਕੌਰ, ਕਰਮਬੀਰ ਕੌਰ, ਸੁਖਵਿੰਦਰ ਕੌਰ, ਰੁਪਿੰਦਰ ਕੌਰ, ਮਨਪ੍ਰੀਤ ਕੌਰ, ਅਤੇ ਲਵਪ੍ਰੀਤ ਕੌਰ ਆਦਿ ਹਾਜ਼ਰ ਸਨ।

# ਸੈਂਟਰਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ 'ਚ ਚਾਚਾ ਨਹਿਰੂ ਨੂੰ ਕੀਤਾ ਯਾਦ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸੈਂਟਰਲ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ, ਪੱਟੀ ਵਿੱਚ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਅਤੇ ਅਜ਼ਾਦੀ ਦੇ ਮਹਾਨ ਘੁਲਾਟੀਏ ਪੰਡਿਤ ਜਵਾਹਰ ਲਾਲ ਨਹਿਰੂ ਦਾ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ।

ਸਕੂਲ ਦੇ ਛੋਟੇ-ਛੋਟੇ ਬੱਚਿਆਂ ਦਾ ਫੈਂਸੀ ਡਰੈੱਸ ਕੰਪੀਟਿਸ਼ਨ, ਸੋਲੋ ਡਾਂਸ, ਗਰੁੱਪ ਡਾਂਸ, ਭਾਸ਼ਣ ਪ੍ਰਤੀਯੋਗਤਾ, ਕਵਿਤਾਵਾਂ ਆਦਿ ਬਹੁਤ ਸਾਰੀਆਂ ਗਤੀਵਿਧੀਆਂ ਨਾਲ ਇਸ ਦਿਨ ਨੂੰ ਮਨਾਇਆ ਗਿਆ। ਸਕੂਲ ਦੀਆਂ ਅਧਿਆਪਕਾਵਾਂ ਅਤੇ ਵਾਈਸ ਪ੍ਰਿੰਸੀਪਲ ਸੋਨੀਆ ਸ਼ਰਮਾ ਨੇ ਬੱਚਿਆਂ ਦੀ ਹਰ ਪੱਖੋਂ ਭਰਪੂਰ ਮਦਦ ਕੀਤੀ। ਮੰਜੂ ਦੇਵਗਨ ਦੀ ਦੇਖ-ਰੇਖ ਹੇਠ ਇਸ ਪ੍ਰੋਗਰਾਮ ਨੇ ਚਾਰ ਚੰਦ ਲਾ ਦਿੱਤੇ। ਇਸ ਮੌਕੇ ਸਕੂਲ ਦੇ ਐਮ. ਡੀ. ਡਾ. ਰਾਜੇਸ਼ ਭਾਰਦਵਾਜ ਅਤੇ ਡਾਇਰੈਕਟਰ ਸੱਤਿਅਮ ਭਾਰਦਵਾਜ ਵੀ ਹਾਜ਼ਰ ਸਨ। ਡਾ. ਸੱਤਿਅਮ ਭਾਰਦਵਾਜ ਨੇ ਨਿੱਕੇ-ਨਿੱਕੇ ਬੱਚਿਆਂ ਨਾਲ ਭਰਪੂਰ ਅਨੰਦ ਉਠਾਇਆ। ਸਕੂਲ ਦੇ ਪ੍ਰਿੰਸੀਪਲ ਡਾ. ਮਰਿਦੁਲਾ ਭਾਰਦਵਾਜ ਨੇ ਵੀ ਆਪਣੇ ਵਿਦਿਆਰਥੀਆਂ ਅਤੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ।

ਸਕੂਲ ਦੇ ਐਮ. ਡੀ. ਡਾ. ਰਾਜੇਸ਼ ਭਾਰਦਵਾਜ ਨੇ ਪੰਡਿਤ ਨਹਿਰੂ ਦੇ ਜੀਵਨ ਅਤੇ ਉਨ੍ਹਾਂ ਦੁਆਰਾ ਕੀਤੇ ਕੰਮਾਂ ਉੱਤੇ ਚਾਨਣਾ ਪਾਇਆ। ਸ਼ਹੀਦ ਭਗਤ ਸਿੰਘ ਗਰੁੱਪ ਆਫ਼ ਐਜੂਕੇਸ਼ਨ ਨੇ ਸਾਰੇ ਭਾਰਤ ਵਾਸੀਆਂ ਨੂੰ ਬਾਲ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ ਦਿੱਤੀਆਂ।

# ਬੱਚਿਆਂ ਨੇ ਧੂਮਧਾਮ ਨਾਲ ਮਨਾਇਆ ਬਾਲ ਦਿਵਸ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ, ਮਹਾਨ ਆਜ਼ਾਦੀ ਘੁਲਾਟੀਏ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨੂੰ ਸਮਰਪਿਤ ਚੀਫ ਖਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਤਰਨਤਾਰਨ ਵਿਖੇ ਬਾਲ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਵਿੱਚ 14 ਨਵੰਬਰ ਨੂੰ ਇੱਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ। ਇਸ ਦਿਨ ਦਸਵੀਂ ਜਮਾਤ ਦੀ ਅਮਾਨਤਜੋਤ ਕੌਰ ਨੇ ਇੱਕ ਗੀਤ ਗਾਇਆ।

ਨੌਵੀਂ ਜਮਾਤ ਦੀ ਨਵਜੋਤ ਕੌਰ ਨੇ ਇਸ ਮੌਕੇ ਚਾਚਾ ਨਹਿਰੂ ਦੇ ਜੀਵਨ ਬਾਰੇ ਇੱਕ ਭਾਸ਼ਣ ਦਿੱਤਾ। ਸਕੂਲ ਦੀ ਸੰਗੀਤ ਅਧਿਆਪਕਾ ਮਨਪ੍ਰੀਤ ਕੌਰ ਨੇ ਵੀ ਗੀਤ ਗਾਇਆ। ਇਸ ਮੌਕੇ ਪ੍ਰਧਾਨ ਲੋਕਲ ਕਮੇਟੀ ਅਤੇ ਮੈਂਬਰ ਇੰਚਾਰਜ ਹਰਜੀਤ ਸਿੰਘ ਅਤੇ ਮੀਤ ਪ੍ਰਧਾਨ ਲੋਕਲ ਕਮੇਟੀ ਅਤੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ ਨੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਅਤੇ ਪ੍ਰਸ਼ੰਸਾ ਕੀਤੀ। ਬੱਚਿਆਂ ਨੂੰ ਦੇਸ਼ ਦਾ ਭਵਿੱਖ ਦੱਸਦਿਆਂ ਉਨ੍ਹਾਂ ਨੂੰ ਜੀਵਨ ਵਿੱਚ ਟੀਚੇ ਨਿਰਧਾਰਤ ਕਰਨ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਪ੍ਰਿੰਸੀਪਲ ਰਣਜੀਤ ਭਾਟੀਆ ਨੇ ਬੱਚਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਨੂੰ ਇਸ ਦਿਨ 4 ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਲਈ ਕਿਹਾ।

# ਭਾਈ ਗੁਰਦਾਸ ਸਕੂਲ ਲੱਖਣ ਕਲਾਂ 'ਚ ਬਾਲ ਦਿਵਸ ਆਯੋਜਿਤ



ਕਲਾਨੌਰ (ਕੋਹਲੀ)-ਭਾਈ ਗੁਰਦਾਸ ਮਾਡਰਨ ਸਕੂਲ ਲੱਖਣ ਕਲਾਂ ਵਿੱਚ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਬੀਰ ਸਿੰਘ ਕਾਹਲੋਂ ਦੇ ਦਿਸ਼ਾ ਨਿਰਦੇਸ਼ਾਂ ਤੇ ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਕਾਹਲੋਂ ਦੀ ਅਗਵਾਈ ਹੇਠ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦਾ ਜਨਮ ਦਿਹਾੜਾ ਬਾਲ ਦਿਵਸ ਦੇ ਰੂਪ ਵਿੱਚ ਮਨਾਇਆ ਗਿਆ।

ਸਕੂਲ ਦੇ ਸਾਰੇ ਅਧਿਆਪਕਾਂ ਵੱਲੋਂ ਆਪਣੀ ਆਪਣੀ ਕਲਾਸ ਵਿੱਚ ਬੱਚਿਆਂ ਨੂੰ ਪੰਡਤ ਜਵਾਹਰ ਲਾਲ ਨਹਿਰੂ ਦੀ ਜੀਵਨੀ ਬਾਰੇ ਦੱਸਿਆ ਗਿਆ। ਇਸ ਤੋਂ ਪਹਿਲਾਂ ਸਵੇਰ ਦੀ ਸਭਾ ਵਿੱਚ ਸਕੂਲ ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਕਾਹਲੋਂ ਵੱਲੋਂ ਬੱਚਿਆਂ ਨੂੰ ਵਿਸਥਾਰ ਨਾਲ ਦੱਸਿਆ ਗਿਆ ਕਿ ਅਸੀਂ ਬਾਲ ਦਿਵਸ ਕਿਉਂ ਮਨਾਉਂਦੇ ਹਾਂ ਅਤੇ ਇਸ ਦਿਨ ਦੀ ਕੀ ਮਹੱਤਤਾ ਹੈ। ਇਸ ਮੌਕੇ ਬੱਚਿਆਂ ਵੱਲੋਂ ਬਾਲ ਦਿਵਸ ਤੇ ਕਵਿਤਾਵਾਂ ਦੇ ਮੁਕਾਬਲੇ ਵੀ ਕਰਵਾਏ ਗਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਪ੍ਰੀਆ, ਪ੍ਰਭਜੋਤ ਕੌਰ, ਸੁਖਜੀਤ ਕੌਰ, ਜਗਬੀਤ ਕੌਰ, ਨਵਦੀਪ ਕੌਰ, ਸਾਹਿਲਪ੍ਰੀਤ ਸਿੰਘ, ਮਨਜਿੰਦਰਪਾਲ ਸਿੰਘ, ਕਿਰਨ, ਸੁਖਵਿੰਦਰ ਕੌਰ ਤੋਂ ਇਲਾਵਾ ਸਾਰਾ ਸਟਾਫ ਅਤੇ ਬੱਚੇ ਹਾਜ਼ਰ ਸਨ

# ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ 'ਚ ਬਾਲ ਦਿਵਸ ਦੀ ਸ਼ਾਨੋ-ਸ਼ੌਕਤ



ਤਰਨਤਾਰਨ (ਪ੍ਰਿਤਪਾਲ ਸਿੰਘ)-ਬਾਲ ਦਿਵਸ ਮੌਕੇ ਵਿਦਿਆਰਥੀਆਂ ਦੇ ਮਨੋਰੰਜਨ ਅਤੇ ਸਰਬਪੱਖੀ ਵਿਕਾਸ ਲਈ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਪਹਿਲੀ ਤੋਂ ਚੌਥੀ ਜਮਾਤ ਦੇ ਹਰੇਕ ਵਿਦਿਆਰਥੀ ਨੇ ਹਿੱਸਾ ਲਿਆ। ਇਸ ਮੌਕੇ ਵਿਦਿਆਰਥੀਆਂ ਦੀ ਖ਼ੁਸ਼ੀ ਵੇਖਿਆਂ ਹੀ ਬਣਦੀ ਸੀ। ਇਸ ਦਿਨ ਵਿਦਿਆਰਥੀਆਂ ਦੀ ਉਤਸੁਕਤਾ ਨੂੰ ਹੋਰ ਵਧਾਉਣ ਲਈ ਬਾਲ ਦਿਵਸ ਮਨਾਉਣ ਦਾ ਇਤਿਹਾਸ ਦੱਸਦਿਆਂ ਜਵਾਹਰ ਲਾਲ ਨਹਿਰੂ ਦੇ ਜੀਵਨ 'ਤੇ ਰੌਸ਼ਨੀ ਪਾਈ ਗਈ, ਜਿਸ ਦਾ ਸਭ ਵਿਦਿਆਰਥੀਆਂ ਵੱਲੋਂ ਭਰਪੂਰ ਅਨੰਦ ਲਿਆ ਗਿਆ।

ਇਸ ਮੌਕੇ 'ਤੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਸੈਮੀਫਾਈਨਲ ਖੇਡ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਖੇਡ ਮੁਕਾਬਲਿਆਂ ਦੇ ਅੰਤ ਵਿੱਚ ਸਭ ਵਿਦਿਆਰਥੀਆਂ ਵਿੱਚ ਬਿਸਕਿਟ ਵੰਡੇ ਗਏ। ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸੂਕਲ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਸਭ ਵਿਦਿਆਰਥੀਆਂ ਨੂੰ 'ਬਾਲ-ਦਿਵਸ' ਦੀ ਵਧਾਈ ਦਿੱਤੀ ਅਤੇ 'ਬਾਲ-ਦਿਵਸ' ਦੇ ਇਤਿਹਾਸ ਤੋਂ ਜਾਣੂ ਕਰਵਾਇਆ।

# ਸੇਂਟ ਕਬੀਰ ਸਕੂਲ ਸੁਲਤਾਨਪੁਰ 'ਚ ਬਾਲ ਦਿਵਸ 'ਤੇ ਲੱਗੀਆਂ ਰੌਣਕਾਂ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਵਿੱਚ ਬਾਲ ਦਿਵਸ ਪੂਰੇ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਐੱਸ. ਬੀ. ਨਾਯਰ ਦੀ ਪ੍ਰਧਾਨਗੀ ਹੇਠ ਸਭਿਆਚਾਰਕ ਪ੍ਰੋਗਰਾਮ ਉਲੀਕਿਆ ਗਿਆ ਜਿਸ ਵਿੱਚ ਸਕੂਲੀ ਅਧਿਆਪਕਾਂ ਨੇ ਖਾਸ ਹਿੱਸੇਦਾਰੀ ਪਾਈ। ਪ੍ਰੋਗਰਾਮ ਦੀ ਸ਼ੁਰੂਆਤ ਸਵੇਰ ਦੀ ਸਭਾ ਦੌਰਾਨ ਮੈਡਮ ਜਸਵਿੰਦਰ ਕੌਰ ਦੁਆਰਾ ਸਟੇਜੀ ਕਾਰਵਾਈ ਸੰਭਾਲਦਿਆਂ ਕੀਤੀ ਗਈ।

ਸਭ ਤੋਂ ਪਹਿਲਾਂ ਅਧਿਆਪਕ ਨਿਸ਼ਾ ਸੱਗੜ ਤੇ ਸਾਥੀਆਂ ਦੁਆਰਾ ਸ਼ਬਦ ਗਾਇਨ ਕੀਤਾ ਗਿਆ। ਇਸ ਉਪਰੰਤ ਅਧਿਆਪਕ ਮਿਸਟਰ ਅਮਿਤ ਕੁਮਾਰ ਤੇ ਦੀਪਤੀ ਖੰਨਾ ਦੁਆਰਾ ਬਾਲ ਦਿਵਸ ਦੀ ਮਹੱਤਤਾ ਦਰਸਾਉਂਦਾ ਤੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਜ਼ਿੰਦਗੀ ਦੇ ਪ੍ਰੇਰਣਾਦਾਇਕ ਪਲਾਂ ਨੂੰ ਪੇਸ਼ ਕਰਦਾ ਭਾਸ਼ਣ ਦਿੱਤਾ। ਇਸ ਉਪਰੰਤ ਹਿੰਦੀ ਵਿਭਾਗ ਦੀ ਅਧਿਆਪਕਾ ਮੈਡਮ ਸੀਮਾ ਦਿਕਸ਼ਤ ਦੁਆਰਾ ਬੱਚਿਆਂ ਨੂੰ ਹਮੇਸ਼ਾ ਹੀ ਜ਼ਿੰਦਗੀ ਵਿੱਚ ਸਿੱਖਦੇ ਰਹਿਣ ਤੇ ਸੰਘਰਸ਼ ਦਾ ਡੱਟ ਕੇ ਮੁਕਾਬਲਾ ਕਰਦੇ ਰਹਿਣ ਸੰਬੰਧੀ ਕਵਿਤਾ ਪੇਸ਼ ਕੀਤੀ। ਇਸ ਮੌਕੇ ਸਮਾਜਿਕ, ਅੰਗਰੇਜ਼ੀ ਤੇ ਸਾਇੰਸ ਵਿਭਾਗ ਦੇ ਅਧਿਆਪਕਾਂ ਦੁਆਰਾ ਪੰਜਾਬੀ ਸਭਿਆਚਾਰ ਦੀ ਝਲਕ ਦਰਸਾਉਂਦੀ ਗਿੱਧੇ ਦੀ ਪੇਸ਼ਕਸ਼ ਕੀਤੀ ਗਈ ਜਿਸ ਨੇ ਪੂਰੇ ਮਾਹੌਲ ਵਿੱਚ ਪੰਜਾਬੀ ਰੰਗਤ ਭਰ ਦਿੱਤੀ। ਇਸ ਦੇ ਨਾਲ ਹੀ ਸੰਗੀਤ ਅਧਿਆਪਕ ਮਿਸਟਰ ਰਵੀ ਕੁਮਾਰ ਦੇ ਸਹਿਯੋਗ ਨਾਲ ਸਕੂਲ ਦੇ ਪੰਜਾਬੀ ਵਿਭਾਗ ਦੇ ਅਧਿਆਪਕਾਂ ਦੁਆਰਾ ਟੱਪੇ ਗਾ ਕੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ। ਮੈਡਮ ਕੁਲਜੀਤ ਕੌਰ ਦੁਆਰਾ ਪੰਜਾਬੀ ਗੀਤ ਗਾ ਕੇ ਸਾਰਿਆਂ ਵਿਦਿਆਰਥੀਆਂ ਨੂੰ ਹਮੇਸ਼ਾ ਚੰਗੇ ਕੰਮ ਕਰਨ ਦੀ ਪ੍ਰੇਰਨਾ ਦਿੱਤੀ। ਇਸ ਤੋਂ ਇਲਾਵਾ ਸਕੂਲ ਦੇ ਨੰਨੇ-ਮੁੰਨੇ ਵਿਦਿਆਰਥੀਆਂ ਦੁਆਰਾ ਵੀ ਵੱਖ-ਵੱਖ ਅਧਿਆਪਕਾਂ ਦੀਆਂ ਭੂਮਿਕਾਵਾਂ ਨਿਭਾਉਦਿਆਂ ਹੋਇਆਂ ਵੱਖ-ਵੱਖ ਝਲਕੀਆਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਨੇ ਪੂਰੇ ਮਾਹੌਲ ਨੂੰ ਹੋਰ ਮਨੋਰੰਜਕ ਕਰ ਦਿੱਤਾ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਤੇ ਮੈਂਨਜਮੈਂਟ ਮੈਬਰਾਂ ਮੈਡਮ ਕੁਲਦੀਪ ਕੌਰ ਤੇ ਨਵਦੀਪ ਕੌਰ ਦੁਆਰਾ ਸਾਰੇ ਹੀ ਸਕੂਲੀ ਵਿਦਿਆਰਥੀਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਤੇ ਕਾਮਨਾ ਕੀਤੀ ਕਿ ਸਾਰੇ ਵਿਦਿਆਰਥੀ ਆਪਣੀ ਮਿੱਥੀ ਹੋਈ ਮੰਜਿਲ ਤੇ ਪਹੁੰਚ ਸਕਣ ਤੇ ਆਪਣੇ ਪਰਿਵਾਰ ਤੇ ਸਕੂਲ ਦਾ ਨਾਂ ਹਮੇਸ਼ਾ ਰੌਸ਼ਨ ਕਰਦੇ ਰਹਿਣ। ਇਸ ਮੌਕੇ ਸਕੂਲ ਕੁਆਰਡੀਨੇਟਰ ਮਿਸਟਰ ਟੇਨ ਸਿੰਘ, ਵਿਸ਼ਾਲ ਸ਼ਰਮਾ, ਮੈਡਮ ਅਮਨਪ੍ਰੀਤ ਕੌਰ ਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਡਿਪਟੀ ਡੀ ਈ ਓ ਬਲਬੀਰ ਸਿੰਘ ਵੱਲੋਂ ਸਕੂਲਾਂ ਦਾ ਦੌਰਾ, ਬਾਲ ਦਿਵਸ ਦੀ ਦਿੱਤੀ ਵਧਾਈ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਡਿਪਟੀ ਡੀ.ਈ.ਓ. ਐਲੀ: ਬਲਬੀਰ ਵੱਲੋਂ ਵੱਖ-ਵੱਖ ਸਕੂਲਾਂ ਦਾ ਦੌਰਾ ਕਰਕੇ ਅਧਿਆਪਕਾਂ ਅਤੇ ਬੱਚਿਆਂ ਨੂੰ ਬਾਲ ਦਿਵਸ ਦੀ ਮੁਬਾਰਕਬਾਦ ਦਿੱਤੀ। ਇਸ ਮੌਕੇ ਜਾਣਕਾਰੀ ਦਿੰਦਿਆਂ ਡਿਪਟੀ ਡੀ.ਈ.ਓ. ਬਲਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਬਲਾਕ ਦੌਰਾਂਗਲਾ ਦੇ ਵੱਖ-ਵੱਖ ਸਕੂਲਾਂ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਸਿੱਖਿਆ ਵਿਭਾਗ ਵੱਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਕਰਦਿਆਂ ਸਕੂਲਾਂ ਵਿੱਚ ਬਾਲ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਦੌਰਾਨ ਬੱਚਿਆਂ ਵੱਲੋਂ ਅਧਿਆਪਕਾਂ ਦੁਆਰਾ ਕਰਵਾਈਆਂ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ। ਇਸ ਮੌਕੇ ਸਕੂਲਾਂ ਵਿੱਚ ਪੁਸਤਕਾਂ, ਸਿੱਖਿਆ ਵਿਭਾਗ ਦੁਆਰਾ ਭੇਜੀ ਗਈ ਪੜ੍ਹਨ ਸਮੱਗਰੀ ਦੇ ਸਟਾਲ ਲਗਾਏ ਗਏ। ਇਸ ਵਿੱਚ ਸਮਾਜਿਕ ਭਾਈਚਾਰੇ, ਸਕੂਲ ਮੈਨਜਮੈਂਟ ਕਮੇਟੀ ਅਤੇ ਬੱਚਿਆਂ ਦੇ ਮਾਤਾ-ਪਿਤਾ ਵੱਲੋਂ ਵੱਡੀ ਗਿਣਤੀ ਵਿੱਚ ਸਮੂਲੀਅਤ ਕੀਤੀ। ਇਸ ਤੋਂ ਇਲਾਵਾ ਬੱਚਿਆਂ ਅਤੇ ਅਧਿਆਪਕਾਂ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਾਉਣ ਲਈ ਬਾਲ ਰੈਲੀ ਵੀ ਕੱਢੀ। ਉਨ੍ਹਾਂ ਕਿਹਾ ਕਿ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਅਹਿਮ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਬੀ.ਐਮ.ਟੀ. ਮਨਜਿੰਦਰ ਸਿੰਘ, ਅਜੀਬ ਸਿੰਘ, ਸੈਂਟਰ ਹੈੱਡ ਟੀਚਰ ਸੋਨੂੰ ਕੁਮਾਰ, ਗੁਰਪ੍ਰੀਤ ਸਿੰਘ ਹਾਜ਼ਰ ਸਨ।

# ਸਤਲੁਜ ਪਬਲਿਕ ਸਕੂਲ ਠੱਕਰਪੁਰਾ ਵਿਖੇ ਬਾਲ ਦਿਵਸ ਮਨਾਇਆ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੱਟੀ ਇਲਾਕੇ 'ਚ ਸਭ ਤੋਂ ਪੁਰਾਣੀ ਵਿੱਦਿਅਕ ਸੰਸਥਾ ਸਤਲੁਜ ਪਬਲਿਕ ਸਕੂਲ ਠੱਕਰਪੁਰਾ ਵਿੱਖੇ ਬਾਲ ਦਿਵਸ ਮਨਾਇਆ ਗਿਆ। ਇਸ ਮੌਕੇ ਨਰਸਰੀ ਵਿੰਗ ਦਾ ਫੈਂਸੀ ਡਰੈੱਸ ਮੁਕਾਬਲਾ ਕਰਵਾਇਆ ਗਿਆ ਤੇ ਪ੍ਰਾਇਮਰੀ ਵਿੰਗ ਦਾ ਸਟੋਰੀ ਟੈਲਿੰਗ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਸਕੂਲ ਦੇ ਛੋਟੇ-ਛੋਟੇ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ +1 ਦੀ ਵਿਦਿਆਰਥਣ ਅਵਲੀਨ ਕੌਰ ਨੇ ਸਪੀਚ ਕੀਤੀ। ਸਕੂਲ ਦੇ ਪ੍ਰਿੰਸੀਪਲ ਰਾਜਬੀਰ ਕੌਰ ਨੇ ਬੱਚਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਇਸ ਦਿਨ ਦੀ ਅਹਿਮੀਅਤ ਬਾਰੇ ਜਾਣੂ ਕਰਵਾਇਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਹਰਬੀਰ ਸਿੰਘ ਗਿੱਲ ਨੇ ਸਕੂਲ ਸਟਾਫ ਮੈਂਬਰ ਅਤੇ ਬਚਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਸੁੱਭ ਇੱਛਾਵਾਂ ਦਿੱਤੀਆਂ।

# ਨਗਰ ਕੀਰਤਨ ਦਾ ਚਰਚ 'ਚ ਇਸਾਈ ਭਾਈਚਾਰੇ ਵੱਲੋਂ ਭਰਵਾਂ ਸਵਾਗਤ



ਮਜੀਠਾ(ਸੋਇਮ ਆਨੰਦ)-ਪਹਿਲੇ ਪਾਤਸ਼ਾਹ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰੂ ਨਾਨਕ ਨਾਮਲੇਵਾ ਸੰਗਤਾਂ ਵੱਲੋ ਨਗਰ ਕੀਰਤਨ ਸਜਾਏ ਜਾਦੇ ਹਨ ਤੇ ਧਾਰਮਿਕ ਸਮਾਗਮ ਕਰਾਏ ਜਾਂਦੇ ਹਨ ਜਿਸ ਤਹਿਤ ਪਿੰਡ ਸ਼ਾਮਨਗਰ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ ਸਜਾਇਆ ਗਿਆ ਜਿਹੜਾ ਕਿ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਇਆ ਅਤੇ ਵੱਖ-ਵੱਖ ਪੜਾਵਾਂ ਵਿੱਚ ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ।

ਇਸ ਪਿੰਡ ਦੀ ਸਭ ਤੋਂ ਪੁਰਾਣੀ ਇਸਾਈ ਭਾਈਚਾਰੇ ਦੀ ਚਰਚ ਵਿੱਚ ਚਰਚ ਦੇ ਪਾਦਰੀ ਬੂਟਾ ਅਨਾਇਤ ਮਸੀਹ ਦੀ ਅਗਵਾਈ ਵਿੱਚ ਭਾਈਚਾਰੇ ਵੱਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਇਸਾਈ ਭਾਈਚਾਰੇ ਵੱਲੋਂ ਨਗਰ ਕੀਰਤਨ 'ਚ ਸ਼ਾਮਲ ਸੰਗਤਾਂ ਲਈ ਲੰਗਰ ਤਿਆਰ ਕੀਤਾ ਗਿਆ ਅਤੇ ਭਾਈਚਾਰੇ ਵੱਲੋ ਪਤਵੰਤਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇਸਾਈ ਭਾਈਚਾਰੇ ਵੱਲੋਂ ਸਮੂਹ ਸੰਗਤਾਂ ਨੂੰ ਆਗਮਨ ਦਿਵਸ ਦੀਆਂ ਵਧਾਈਆਂ ਦਿੱਤੀਆਂ ।

ਇਸ ਮੌਕੇ ਪਾਦਰੀ ਬੂਟਾ ਅਨਾਇਤ ਮਸੀਹ ਨੇ ਕਿਹਾ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਸਮੁੱਚੀ ਮਾਨਵਤਾ ਦੇ ਪੈਗੰਬਰ ਹਨ ਜਿਨ੍ਹਾਂ ਨੇ ਸਰਬੱਤ ਦੇ ਭਲੇ ਦੀ ਗੱਲ ਕੀਤੀ ਅਤੇ ਹਰੇਕ ਨੂੰ ਸੱਚਾਈ ਅਤੇ ਇਨਸਾਨੀਅਤ ਦਾ ਪਾਠ ਪੜ੍ਹਾਇਆ ਅਤੇ ਸਰਭ ਸਾਂਝੀਵਾਲਤਾ ਦੀ ਗੱਲ ਕੀਤੀ ਜਿਸ ਕਰਕੇ ਅੱਜ ਸਮੁੱਚੀ ਮਾਨਵਤਾ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਦਿਵਸ ਮਨਾ ਰਹੀ ਹੈ।

ਇਸ ਮੌਕੇ ਸਾਬਕਾ ਸਰਪੰਚ ਮਲਕੀਤ ਸਿੰਘ, ਡਾਕਟਰ ਸੁਖਦੇਵ ਸਿੰਘ, ਪੰਚ ਸੁਨੀਲ ਮੱਟੂ, ਸਾਹਿਲ ਮੱਟੂ, ਜੁਗਿੰਦਰ ਸਿੰਘ, ਮਹਿੰਦਰ ਸਿੰਘ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਰਾਜਾ ਰਾਮਮੋਹਨ ਰਾਏ ਦੇ ਜਨਮ ਦਿਨ ਨੂੰ ਸਮਰਪਿਤ ਮਹਿਲਾ ਸਸ਼ਕਤੀਕਰਨ ਜਾਗਰੂਕਤਾ ਰੈਲੀ ਕੱਢੀ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਭਾਰਤ ਅਤੇ ਪੰਜਾਬ ਸਰਕਾਰ ਵੱਲੋਂ ਆਜ਼ਾਦੀ ਦਾ ਅੰਮ੍ਰਿਤ ਮਹੋਉਤਸਵ ਅਧੀਨ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਿੱਖਿਆ ਦਫਤਰ (ਸੈ.ਸਿ), ਅੰਮ੍ਰਿਤਸਰ ਵਲੋਂ ਸ਼੍ਰੀ ਰਾਜਾ ਰਾਮਮੋਹਨ ਰਾਏ ਦੇ 250ਵੇਂ ਜਨਮ ਦਿਨ ਨੂੰ ਸਮਰਪਿਤ ਅੱਜ ਮਹਿਲਾ ਸਸ਼ਕਤੀਕਰਨ ਜਾਗਰੂਕਤਾ ਰੈਲੀ ਆਯੋਜਿਤ ਕਰਵਾਈ ਗਈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ. ਹਲਕਾ ਅੰਮ੍ਰਿਤਸਰ ਉੱਤਰੀ ਸਮਾਗਮ ਵਿਚ ਹਾਜ਼ਰ ਰਹੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਜੁਗਰਾਜ ਸਿੰਘ ਰੰਧਾਵਾ, ਉੱਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਲਰਾਜ ਸਿੰਘ ਢਿੱਲੋਂ, ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਰਾਜੇਸ਼ ਕੁਮਾਰ ਅਤੇ ਪ੍ਰਿੰਸੀਪਲ ਮਨਦੀਪ ਕੌਰ ਦੀ ਯੋਗ ਅਗਵਾਈ ਹੇਠ ਇਸ ਰੈਲੀ ਵਿਚ ਜ਼ਿਲ੍ਹੇ ਦੇ 4 ਸਰਕਾਰੀ ਸਕੂਲਾਂ ਸ.ਕੰ.ਸ.ਸ. ਸਮਾਰਟ ਸਕੂਲ, ਮਾਲ ਰੋਡ, ਸ.ਕੰ.ਸ.ਸ. ਸਕੂਲ ਪੁਤਲੀਘਰ, ਸ.ਸ.ਸ. ਸਕੂਲ ਕੋਟ ਬਾਬਾ ਦੀਪ ਸਿੰਘ ਅਤੇ ਸ.ਕੰ.ਸ.ਸ. ਸਕੂਲ ਮਹਾਂ ਸਿੰਘ ਗੇਟ ਦੇ ਵਿਦਿਆਰਥੀਆਂ ਵਲੋਂ ਸ਼ਿਰਕਤ ਕੀਤੀ ਗਈ।

ਸਮਾਗਮ ਦਾ ਆਗਾਜ਼ ਮੁੱਖ ਮਹਿਮਾਨ ਕੁੰਵਰ ਵਿਜੇ ਪ੍ਰਤਾਪ ਸਿੰਘ ਵਲੋਂ ਸ਼ਮ੍ਹਾ ਰੌਸ਼ਨ ਕਰਕੇ ਰਾਜਾ ਰਾਮਮੋਹਨ ਰਾਏ ਦੀ ਫੋਟੋ ਅੱਗੇ ਫੁੱਲ ਅਰਪਿਤ ਕਰਕੇ ਸ਼ਰਧਾਂਜਲੀ ਦਿੰਦੇ ਹੋਏ ਕੀਤਾ ਗਿਆ। ਇਸ ਮੌਕੇ ਉਨ੍ਹਾਂ ਸ਼੍ਰੀ ਰਾਜਾ ਰਾਮਮੋਹਨ ਰਾਏ ਦੀ ਜਿਵਨੀ ਬਾਰੇ ਗਲ ਕਰਦੇ ਵਿਦਿਆਰਥੀਆਂ ਨੂੰ ਮਿਹਨਤ ਕਰਨ, ਮਿਆਰੀ ਸਿੱਖਿਆ ਹਾਸਲ ਕਰਨ ਅਤੇ ਦੇਸ਼ ਦੀ ਸੇਵਾ ਕਰਨ ਦੀ ਨਸੀਹਤ ਦਿੱਤੀ ਅਤੇ ਜ਼ਿੰਦਗੀ ਦੇ ਟੀਚੇ ਨਿਰਧਾਰਿਤ ਕਰਨ ਲਈ ਪ੍ਰੇਰਿਆ।

ਇਹ ਰੈਲੀ ਸ.ਕੰ.ਸ.ਸ. ਸਮਾਰਟ ਸਕੂਲ, ਮਾਲ ਰੋਡ ਤੋਂ ਕਚਹਿਰੀ ਚੌਂਕ ਤੱਕ ਕੱਡੀ ਗਈ ਜਿਸ ਵਿਚ ਸ਼ਾਮਿਲ ਵਿਦਿਆਰਥਿਆਂ ਵਲੋਂ ਹੱਥਾਂ ਨਾਲ ਬਣਾਏ ਪੋਸਟਰਾਂ ਅਤੇ ਬੈਨਰਾਂ ਨਾਲ ਰਾਜਾ ਰਾਮਮੋਹਨ ਰਾਏ ਵਲੋਂ ਕੀਤੇ ਮਹਾਨ ਸੁਧਾਰਵਾਦੀ ਕੰਮਾਂ ਜਿਵੇਂ ਕਿ ਸਤੀ ਪ੍ਰਥਾ ਦਾ ਖਾਤਮਾ, ਮਹਿਲਾ ਸਸ਼ਕਤੀਕਰਨ, ਔਰਤਾਂ ਵਿਰੁੱਧ ਅੱਤਿਆਚਾਰ, ਰੀਤੀ ਰਿਵਾਜਾਂ ਖਿਲਾਫ ਵਿਰੋਧ, ਸਮਾਜ ਦੀਆਂ ਬੁਰਾਈਆਂ ਨੂੰ ਚੁਣੌਤੀ ਆਦਿ ਬਾਰੇ ਪ੍ਰਚਾਰ ਕਰਦਿਆਂ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੌਕੇ ਪ੍ਰਿੰ. ਮਨਦੀਪ ਕੌਰ ਨੇ ਹਾਜ਼ਰ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਸਕੂਲ ਦੀ ਪ੍ਰਾਪਤੀਆਂ ਨਾਲ ਸਾਂਝ ਪੁਆਈ। ਸਮਾਗਮ ਦੇ ਆਯੋਜਨ ਵਿਚ ਕੁਲਬੀਰ ਕੌਰ, ਅੰਜੂ, ਅਲਕਾ ਰਾਣੀ, ਬਿੰਦੂ ਬਾਲਾ, ਅੰਕੁਸ਼ ਮਹਾਜਨ, ਰਮਨਦੀਪ ਕੌਰ, ਰੋਬਿੰਦਰ ਕੌਰ, ਬਲਵਿੰਦਰ ਕੌਰ, ਮਨਦੀਪ ਕੌਰ, ਜਗਪ੍ਰੀਤ ਕੌਰ, ਪਰਮ ਆਫਤਾਬ ਸਿੰਘ, ਸੰਜੇ ਕੁਮਾਰ, ਅਮਰਜੀਤ ਸਿੰਘ ਕਾਹਲੋਂ, ਮਹਿੰਦਰਪਾਲ ਸਿੰਘ ਅਤੇ ਰਾਜਵਿੰਦਰ ਸਿੰਘ ਨੇ ਖਾਸ ਭੂਮਿਕਾ ਨਿਭਾਈ।

16-Nov-PAGE-12.qxd 11/15/2022 10:19 PM Page 1



### ਕੈਨੇਡਾ 'ਚ ਹੋ ਰਹੇ ਸ਼ਰਧਾਂਜਲੀ ਸਮਾਗਮ ਮੌਕੇ

# ਕਿਰਤੀ ਲਹਿਰ ਦਾ ਮੀਲ-ਪੱਥਰ - ਕਾਮਰੇਡ ਰਣਧੀਰ ਸਿੰਘ ਗਿੱਲ

ਪਾਰਖੂ ਨਜ਼ਰ ਵਾਲਾ, ਸੰਘਰਸ਼ਾਂ ਦੀ ਭੱਠੀ ਰੜ੍ਹਿਆ ਹੋਇਆ, ਸਿਧਾਂਤਾਂ ਦੀ ਕੁਠਾਲੀ ਵਿੱਚ ਢਲ ਕੇ ਪਾਰਸ ਬਣਿਆ ਹੋਇਆ, ਵਿਦਿਆਰਥੀ ਜੀਵਨ ਤੋਂ ਲੈ ਕੇ ਬੁਢਾਪੇ ਤੱਕ ਨਿਰੰਤਰ ਜਮਾਤੀ ਘੋਲਾਂ ਵਿੱਚ ਕਿਰਤੀ ਵਰਗ ਦੀ ਸੁਚੱਜੀ ਅਗਵਾਈ ਸੰਭਾਲੀ ਬੈਠਾ ਟਰੇਡ ਯੂਨੀਅਨਿਸਟ ਅਤੇ ਇੱਕ ਸੂਝਵਾਨ ਸਿਆਸਤ ਦਾ ਨਾਂਅ ਸੀ ਕਾਮਰੇਡ ਰਣਧੀਰ ਸਿੰਘ ਗਿੱਲ ।

ਮਾਲਵੇ ਦੇ ਮਸ਼ਹੂਰ ਸ਼ਹਿਰ ਮੋਗੇ ਦੀਆਂ ਜੂਹਾਂ ਦੇ ਬਿਲਕੁਲ ਨਾਲ ਪਿੰਡ ਬਹੋਨੇ ਦੇ ਇੱਕ ਨਾਮਵਰ ਪਰਵਾਰ ਵਿੱਚ 15 ਮਈ 1935 ਨੂੰ ਜਨਮੇ ਰਣਧੀਰ ਨੂੰ ਗੁੜ੍ਹਤੀ ਵੀ ਇਨਕਲਾਬੀ ਵਿਚਾਰਧਾਰਾ ਨਾਲ ਮਿਲੀ ਸੀ । ਰਣਧੀਰ ਗਿੱਲ ਦੇ ਪਿਤਾ ਕਾਮਰੇਡ ਸ਼ੇਰ ਸਿੰਘ ਕਮਿਊਨਿਸਟ ਪਾਰਟੀ ਦੇ 1941-42 ਤੋਂ ਹੀ ਮੈਂਬਰ ਸਨ ਅਤੇ ਤਹਿਸੀਲ ਕਿਸਾਨ ਸਭਾ ਦੇ ਪ੍ਰਧਾਨ ਸਨ । ਉਨ੍ਹਾਂ ਦੇ ਘਰ ਸ਼੍ਰੋਮਣੀ ਦੇਸ਼ ਭਗਤਾਂ ਦਾ ਆਉਣਾ ਜਾਣਾ ਆਮ ਸੀ, ਜਿਨ੍ਹਾਂ ਵਿੱਚ ਕਾਮਰੇਡ ਤੇਜਾ ਸਿੰਘ ਸੁਤੰਤਰ, ਅੱਛਰ ਸਿੰਘ ਛੀਨਾ, ਕਾਮਰੇਡ ਦਲੀਪ ਸਿੰਘ ਟਪਿਆਲਾ ਆਦਿ ਸ਼ਾਮਲ ਸਨ । ਇਨ੍ਹਾਂ ਸ਼ਖਸੀਅਤਾਂ ਦੇ ਵਿਚਾਰਾਂ ਦਾ ਪ੍ਰਭਾਵ ਰਣਧੀਰ ਸਿੰਘ ਗਿੱਲ 'ਤੇ ਪਿਆ ਤੇ ਉਹ ਵਿਦਿਆਰਥੀ ਜੀਵਨ ਤੋਂ ਹੀ ਇਨਕਲਾਬੀ ਵਿਚਾਰਾਂ ਦਾ ਧਾਰਨੀ ਹੋ ਗਿਆ। ਮੁਢਲੀ ਸਿੱਖਿਆ ਪ੍ਰਾਇਮਰੀ ਸਕੂਲ ਮਹਿਰੋਂ, ਦਸਵੀਂ ਆਰੀਆ ਸਕੂਲ ਮੋਗਾ ਤੋਂ ਅਤੇ ਉਚੇਰੀ ਵਿੱਦਿਆ ਡੀ ਐਮ ਕਾਲਜ ਮੋਗਾ ਤੋਂ ਪ੍ਰਾਪਤ ਕੀਤੀ।

ਜਵਾਨੀ ਚੜ੍ਹਦਿਆਂ ਰਣਧੀਰ ਗਿੱਲ ਇਨਕਲਾਬੀ ਸੂਹੇ ਰੰਗਾਂ ਵਿੱਚ ਰੰਗਿਆ ਗਿਆ। ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦਾ ਸਰਗਰਮ ਆਗੂ ਐਫ ਏ ਦੀ ਪੜ੍ਹਾਈ ਦੇ ਵੇਲੇ ਤੋਂ ਹੀ ਬਣ ਗਿਆ ਸੀ । ਨਿਰੰਤਰ ਸਰਗਰਮੀਆਂ ਸਦਕਾ ਏ ਆਈ ਐਸ ਐਫ ਦਾ ਸਟੇਟ ਐਗਜ਼ੈਕਟਿਵ ਦਾ ਮੈਂਬਰ ਬਣ ਗਿਆ । ਯਾਦ ਰਹੇ ਕਿ ਲਾਲਾ ਲਾਜਪਤ ਰਾਏ ਜੀ ਵਰਗੇ ਮਹਾਨ ਆਗੂ ਇਸ ਜਥੇਬੰਦੀ ਦੇ ਕੁੱਲ ਹਿੰਦ ਪੱਧਰ ਦੇ ਪ੍ਰਧਾਨ ਰਹੇ ਸਨ । ਸਾਥੀ ਗਿੱਲ ਦੀਆਂ ਵਿਦਿਆਰਥੀ ਲਹਿਰ ਲਈ ਇਹ ਸਰਗਰਮੀਆਂ ਕਾਲਜ ਦੇ ਪ੍ਰਬੰਧਕਾਂ ਨੂੰ ਕਾਣੀ ਅੱਖ ਨਹੀਂ ਸਨ ਭਾਉਂਦੀਆਂ । ਕਾਲਜ ਦੇ ਪ੍ਰਿੰਸੀਪਲ ਉਗਰਸੈਨ ਨੇ ਸਾਥੀ ਗਿੱਲ ਨੂੰ ਐਫ ਏ ਤੋਂ ਬਾਅਦ ਤੇਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਕਰਨ ਤੋਂ ਇਨਕਾਰ ਕਰ ਦਿੱਤਾ। ਅਗਲੇ ਸਾਲ ਕਾਮਰੇਡ ਰਾਮ ਨਾਥ ਦੀ ਗਰੰਟੀ ਅਤੇ ਦਖਲ ਸਦਕਾ ਦਾਖਲਾ ਮਿਲ ਸਕਿਆ। ਫਿਰ ਇੱਥੋਂ ਬੀ ਏ ਤੇ ਫਿਰ ਬੀ ਐੱਡ ਕੀਤੀ।

ਸਾਥੀ ਗਿੱਲ ਦੀ ਪਹਿਲੀ ਨਿਯੁਕਤੀ ਸਰਕਾਰੀ ਮਿਡਲ ਸਕੂਲ ਖੁੱਭਣ ਵਿਖੇ ਹੋ ਗਈ । ਇੱਥੋਂ ਸਾਥੀ ਗਿੱਲ ਦਾ ਅਸਲ ਰੂਪ ਵਿੱਚ ਟਰੇਡ ਯੂਨੀਅਨ ਸਰਗਰਮੀਆਂ ਦਾ ਸਫਰ ਸ਼ੁਰੂ ਹੁੰਦਾ ਹੈ । ਰਣਧੀਰ ਗਿੱਲ ਦੀ ਪ੍ਰਤਿਭਾ ਸਦਕਾ 1965 ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦਾ ਗੌਰਮਿੰਟ ਟੀਚਰਜ਼ ਯੂਨੀਅਨ ਦਾ ਜਨਰਲ ਸਕੱਤਰ ਬਣ ਗਿਆ ਸੀ । ਉਹ 1966 ਵਿੱਚ ਇਸੇ ਜ਼ਿਲ੍ਹੇ ਦਾ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਯੂਨੀਅਨ ਦਾ ਪ੍ਰਧਾਨ ਬਣ ਕੇ ਰਣਧੀਰ ਗਿੱਲ ਨੇ 6 ਮਈ 1966, ਅਤੇ 16 ਦਸੰਬਰ 1970 'ਤੇ 12-13-14 ਜਨਵਰੀ, 5 ਜਨਵਰੀ 1977, 1971 ਦੀਆਂ ਹੜਤਾਲਾਂ ਵਿੱਚ ਪੂਰੀ ਦ੍ਰਿੜ੍ਹਤਾ ਤੇ ਦਲੇਰੀ ਨਾਲ ਅਧਿਆਪਕਾਂ ਦੀ ਅਗਵਾਈ ਕੀਤੀ । ਇਨ੍ਹਾਂ ਸੰਘਰਸ਼ਾਂ ਦੇ ਦਬਾਅ ਹੇਠ ਪੰਜਾਬ ਦੇ ਅਧਿਆਪਕਾਂ ਤੇ ਮੁਲਾਜ਼ਮਾਂ ਨੇ ਵਰਨਣਯੋਗ ਪ੍ਰਾਪਤੀਆਂ ਕੀਤੀਆਂ। ਡੀ ਏ ਦੀ ਇੱਕ ਕਿਸ਼ਤ, ਕੁਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਅਧਿਆਪਕਾਂ ਲਈ ਵਧੀਆ ਗਰੇਡ, ਡੀ.ਏ ਨੂੰ ਪੱਕੇ ਤੌਰ 'ਤੇ ਕੇਂਦਰ ਨਾਲ ਲਿੰਕ ਕਰਾਉਣਾ ਅਤੇ ਅੰਤ੍ਰਿਮ ਰਿਲੀਫ ਦੀਆਂ ਕਿਸ਼ਤਾਂ ਗਿਣਾਉਣਯੋਗ ਪ੍ਰਾਪਤੀਆਂ ਹਨ । ਅੰਤ੍ਰਿਮ ਰਿਲੀਫ ਦੀ ਲੜਾਈ ਸਮੇਂ (1970-71 ਵਿੱਚ) ਅਧਿਆਪਕਾਂ-ਮੁਲਾਜ਼ਮਾਂ ਨੂੰ ਉਸ ਸਮੇਂ ਦੀ ਬਾਦਲ ਸਰਕਾਰ ਸਮੇਂ ਸਖਤੀਆਂ ਤੇ ਜ਼ਿਆਦਤੀਆਂ ਦਾ ਸਾਹਮਣਾ ਕਰਨਾ ਪਿਆ । ਸਰਕਾਰ ਨੇ ਘੋਲ ਨੂੰ ਦਬਾਉਣ ਲਈ ਗ੍ਰਿਫਤਾਰੀਆਂ ਅਤੇ 20-20 ਮੀਲ ਦੂਰ ਬਦਲੀਆਂ ਕਰਨ ਦਾ ਕੁਹਾੜਾ ਚਲਾਇਆ ਪਰ ਲੀਡਰਸ਼ਿਪ ਦੀ ਯੋਗ ਅਗਵਾਈ ਸਦਕਾ ਟਰੇਡ ਯੂਨੀਅਨ ਲਹਿਰ ਹੋਰ ਤਕੜੀ ਹੋ ਕੇ ਉੱਭਰੀ ।



ਸਾਥੀ ਗਿੱਲ ਤੇ ਸਾਥੀ ਮਹਿੰਦਰ ਸਿੰਘ ਤੂਰ ਤੇ ਹੋਰ ਆਗੂਆਂ ਦੀਆਂ ਕੋਸ਼ਿਸ਼ਾਂ ਨਾਲ 1971 ਵਿੱਚ ਅਧਿਆਪਕ ਜਥੇਬੰਦੀਆਂ ਇੱਕ ਵਿਧਾਨ ਤੇ ਚੋਣ ਢੰਗ ਹੇਠ ਇਕੱਠੀਆਂ ਹੋ ਗਈਆਂ । ਬਲਾਕ ਅਤੇ ਜ਼ਿਲ੍ਹਾ ਪ੍ਰਧਾਨ ਵੋਟਾਂ ਰਾਹੀ ਚੁਣੇ ਜਾਣ ਲੱਗੇ । 1971 ਤੋਂ 1983 ਤੱਕ ਇਸ ਚੋਣ ਢੰਗ ਰਾਹੀਂ ਗੌਰਮਿੰਟ ਟੀਚਰਜ਼ ਯੂਨੀਅਨ ਦੇ ਛੇ ਇਲੈਕਸ਼ਨਾਂ ਵਿਚੋਂ ਪੰਜ ਵਾਰ ਚੋਣਾਂ ਲੜੀਆਂ ਅਤੇ ਕਾਮਯਾਬੀਆਂ ਹਾਸਲ ਕੀਤੀਆਂ । ਯੂਨੀਅਨ ਵਿੱਚ ਕੰਮ ਕਰਦਿਆਂ ਉਸ ਨੇ ਕਦੇ ਕੁਤਾਹੀ ਨਹੀਂ ਕੀਤੀ । ਉਹ ਹਮੇਸ਼ਾ ਬਾਦਲੀਲ ਤੇ ਜ਼ਿੰਮੇਵਾਰ ਆਗੂ ਦੇ ਤੌਰ 'ਤੇ ਵਿਚਰਦਾ ਰਿਹਾ । ਇਨ੍ਹਾਂ ਸਤਰਾਂ ਦੇ ਲੇਖਕ ਨੂੰ ਲੰਮਾ ਸਮਾਂ ਬਤੌਰ ਜ਼ਿਲ੍ਹਾ ਸਕੱਤਰ ਇਕੱਠਿਆਂ ਕੰਮ ਕਰਦਿਆਂ ਤੇ ਸੰਘਰਸ਼ ਲੜਦਿਆਂ ਉਸ ਦੀ ਸ਼ਖਸੀਅਤ ਨੂੰ ਨੇੜਿਓਂ ਵੇਖਣ ਦਾ ਮੌਕਾ ਮਿਲਿਆ ਸੀ । ਉਹ ਬੜਾ ਸਪੱਸ਼ਟਵਾਦੀ ਆਗੂ ਸੀ । ਟਰੇਡ ਯੂਨੀਅਨ ਘੋਲ ਉਸਾਰਨ, ਮੌਕੇ ਅਨੁਸਾਰ ਦਾਅ-ਪੇਚਕ ਲਾਈਨ ਅਖਤਿਆਰ ਕਰਨ ਅਤੇ ਆਪਣੀ ਹਮਾਇਤ ਦਾ ਘੇਰਾ ਵਿਸ਼ਾਲ ਕਰ ਲੈਣ ਵਿੱਚ ਉਸ 'ਚ ਪੂਰੀ ਮੁਹਾਰਤ ਸੀ । ਉਸ ਨੇ ਨਿੱਜੀ ਸਵਾਰਥ ਨੂੰ ਕਦੇ ਵੀ ਪਹਿਲ ਨਹੀਂ ਦਿੱਤੀ, ਭਾਵੇਂ ਉਸ ਨੂੰ ਕਿੰਨੇ ਕਸ਼ਟ ਝੱਲਣੇ ਪਏ । ਸਿਆਸੀ ਬਦਲੀਆਂ ਖਿਲਾਫ ਘੋਲ ਹੋਵੇ ਜਾਂ ਮਨਿਸਟੀਰੀਅਲ ਸਟਾਫ ਦਾ ਘੋਲ (ਸਤੰਬਰ 1978) ਤੇ ਇਨ੍ਹਾਂ ਘੋਲਾਂ ਵਿੱਚ ਗ੍ਰਿਫਤਾਰੀਆਂ ਦਿੱਤੀਆਂ ਅਤੇ ਜੇਲ੍ਹਾਂ ਵਿੱਚ ਗਏ । 9 ਜਨਵਰੀ 1974 ਦੀ ਹੜਤਾਲ ਦੀ ਲਾਮਬੰਦੀ ਵਿੱਚ ਸਾਥੀ ਗਿੱਲ ਨੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਬੇਮਿਸਾਲ ਸਰਗਰਮੀ ਕੀਤੀ ਸੀ । ਇਸ ਦਿਨ ਸਮੁੱਚਾ ਪੰਜਾਬ ਹੜਤਾਲ ਦੇ ਹੱਕ ਵਿੱਚ ਬੰਦ ਹੋਇਆ ਸੀ । ਪੰਜਾਬ ਦੇ ਇਤਿਹਾਸ ਵਿੱਚ ਹੜਤਾਲੀ ਮੁਲਾਜ਼ਮਾਂ ਦੇ ਹੱਕ ਵਿੱਚ ਇਹ ਬੰਦ ਇੱਕ ਅਹਿਮ ਘਟਨਾ ਸੀ। 1986 ਤੋਂ ਪਿੱਛੋਂ ਰਣਧੀਰ ਗਿੱਲ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਬਣੇ ਤੇ ਕਈ ਸਾਲਾਂ ਤੱਕ ਪੰਜਾਬ ਦੀ ਅਗਵਾਈ ਕਰਦੇ ਰਹੇ । 1992 ਵਿੱਚ ਹੁਸ਼ਿਆਰਪੁਰ ਦੀ ਕਾਨਫਰੰਸ ਸਮੇਂ ਉਹ ਪੰਜਾਬ ਦੇ ਸਮੁੱਚੇ ਕਰਮਚਾਰੀਆਂ ਦੀ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈੱਡਰੇਸ਼ਨ ਦੇ ਸੂਬਾਈ ਜਨਰਲ ਸਕੱਤਰ ਚੁਣੇ ਗਏ।

ਸਾਥੀ ਰਣਧੀਰ ਗਿੱਲ ਨੇ 1991 ਵਿੱਚ ਹਾਈ ਸਕੂਲ ਦੇ ਮੁੱਖ ਅਧਿਆਪਕ ਦੇ ਤੌਰ 'ਤੇ ਹੋਈ ਤਰੱਕੀ ਲੈਣ ਤੋਂ ਵੀ ਇਨਕਾਰ ਕਰ ਦਿੱਤਾ ਤਾਂ ਕਿ ਅਧਿਆਪਕਾਂ ਅਤੇ ਮੁਲਾਜ਼ਮ ਵਰਗ ਦੀ ਨਿਰੰਤਰ ਸੇਵਾ ਕਰਦੇ ਰਹਿ ਸਕਣ । 80ਵੇਂ ਵਿੱਚ ਪੰਜਾਬ ਦੀ ਧਰਤੀ ਨੂੰ ਅੱਤਵਾਦ ਦਾ ਗ੍ਰਹਿਣ ਲੱਗ ਗਿਆ ਪਰ ਕਿਰਤ ਦੀ ਲਹਿਰ ਡੋਲੀ ਨਹੀਂ । ਕਿਰਤੀ ਲਹਿਰ ਦੇ ਅਣਮੋਲ ਹੀਰੇ ਚੁਣ ਚੁਣ ਕੇ ਸ਼ਹੀਦ ਕੀਤੇ ਗਏ । ਸਾਥੀ ਰਣਧੀਰ ਨੇ ਇਸ ਕੌਮੀ ਏਕਤਾ ਤੇ ਅਖੰਡਤਾ ਦੀ ਲੜਾਈ ਵਿੱਚ ਮੂਹਰਲੀਆਂ ਸਫਾਂ ਵਿੱਚ ਕੰਮ ਕੀਤਾ ਸੀ । ਇਸ ਲਈ ਸਾਥੀ ਰਣਧੀਰ ਨੂੰ ਵੀ ਧਮਕੀਆਂ ਮਿਲਦੀਆਂ ਰਹੀਆਂ । ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਸ ਨੇ ਸਕਿਉਰਿਟੀ ਦੇ ਰੱਖੀ ਸੀ । ਰਣਧੀਰ ਦੇ ਰਿਸ਼ਤੇਦਾਰਾਂ ਅਤੇ ਸ਼ੁੱਭਚਿੰਤਕਾਂ ਨੇ ਅੱਤਵਾਦ ਖਿਲਾਫ ਆਪਣੀਆਂ ਸਰਗਰਮੀਆਂ ਘੱਟ ਕਰਨ ਦੀਆਂ ਬਥੇਰੀਆਂ ਸਲਾਹਾਂ ਦਿੱਤੀਆਂ ਪਰ ਸਾਥੀ ਰਣਧੀਰ ਉਸ ਮਿੱਟੀ ਦਾ ਤਾਂ ਬਣਿਆ ਹੀ ਨਹੀਂ ਸੀ । ਜ਼ਿੰਦਗੀ ਦੀ ਪਰਵਾਹ ਕੀਤੇ ਬਗੈਰ ਆਪਣੇ ਪਵਿੱਤਰ ਕਾਰਜ ਵਿੱਚ ਜੁਟਿਆ ਰਿਹਾ ।

ਰੈਲੀਆਂ, ਧਰਨਿਆਂ, ਮੁਜ਼ਾਹਰਿਆਂ, ਕਨਵੈਨਸ਼ਨਾਂ ਵਿੱਚ ਜਦ ਵੀ ਉਹ ਬੋਲਦਾ, ਸਰੋਤਿਆਂ ਨੂੰ ਕੀਲ ਕੇ ਰੱਖ ਦਿੰਦਾ। ਉਸ ਦੀ ਇਸ ਕਲਾ 'ਤੇ ਵਿਰੋਧੀ ਵਿਚਾਰ ਰੱਖਣ ਵਾਲੇ ਵੀ ਕਾਇਲ ਹੁੰਦੇ ਸਨ । ਉਹ ਹਰ ਗਮੀ ਖੁਸ਼ੀ ਵਿੱਚ ਸ਼ਾਮਲ ਹੋਣਾ ਆਪਣਾ ਫਰਜ਼ ਸਮਝਦਾ ਸੀ । ਲੋਕਾਂ ਵਿੱਚ ਇਸ ਤਰ੍ਹਾਂ ਘੁਲਮਿਲ ਜਾਣ ਦੀ ਪਹੁੰਚ ਸਦਕਾ ਹੀ ਉਹ ਮਕਬੂਲ ਆਗੂ ਬਣਿਆ ਸੀ । ਲਿਆਕਤ ਤੇ ਸਿਆਣਪ ਦੇ ਬਲਬੂਤੇ ਉਹ ਅਧਿਆਪਕਾਂ ਦਾ ਸਿਰਮੌਰ ਆਗੂ ਬਣਿਆ । ਪੰਜਾਬ ਯੂਨੀਵਰਸਿਟੀ ਵਿੱਚ 1992 ਤੋਂ 1996 ਤੱਕ ਸੈਨੇਟਰ ਵੀ ਰਿਹਾ। 31 ਮਈ 1993 ਨੂੰ ਸਰਕਾਰੀ ਸੇਵਾ ਤੋਂ ਰਿਟਾਇਰ ਹੋ ਕੇ ਵੀ ਉਹ ਘਰੇ ਨਹੀਂ ਬੈਠਾ, ਸਗੋਂ ਕਿਰਤੀ ਲਹਿਰ ਦੇ ਸੂਹੇ ਕਾਫਲੇ ਵਿੱਚ ਰਲ ਕੇ ਭਾਰਤੀ ਕਮਿਊਨਿਸਟ ਪਾਰਟੀ ਦਾ 1993 ਤੋਂ ਸਟੇਟ ਕੌਂਸਲ ਦਾ ਮੈਂਬਰ, 1995 ਤੋਂ ਸਾਂਝੇ ਜ਼ਿਲ੍ਹੇ ਫਰੀਦਕੋਟ ਦਾ ਸਹਾਇਕ ਸਕੱਤਰ ਅਤੇ ਜ਼ਿਲ੍ਹਾ ਮੋਗਾ ਦਾ ਸਕੱਤਰ ਬਣਿਆ। ਉਸ ਦੀ ਲਿਆਕਤ ਤੇ ਸੇਵਾ ਨੂੰ ਮੁੱਖ ਰੱਖ ਕੇ ਪਾਰਟੀ ਨੇ ਸੂਬੇ ਦੀ ਐਗਜ਼ੈਕਟਿਵ ਕਮੇਟੀ ਦਾ ਮੈਂਬਰ ਚੁਣ ਲਿਆ। ਇਨ੍ਹਾਂ ਸਾਰੀਆਂ ਜ਼ੁੰਮੇਵਾਰੀਆਂ ਨੂੰ ਉਹ ਪੂਰੀ ਤਰ੍ਹਾਂ ਸ਼ਕਤੀ ਤੇ ਲਿਆਕਤ ਨਾਲ ਨਿਭਾਉਂਦਾ ਰਿਹਾ।

ਰਣਧੀਰ ਗਿੱਲ ਇੱਕ ਸਫਲ ਕਬੀਲਦਾਰ ਸੀ । 1963 ਵਿੱਚ ਪ੍ਰਸਿੱਧ ਦੇਸ਼ ਭਗਤ ਤੇ ਕਮਿਊਨਿਸਟ ਆਗੂ ਕਾਮਰੇਡ ਉਜਾਗਰ ਸਿੰਘ ਬੁੱਧ ਸਿੰਘ ਵਾਲਾ ਦੀ ਸੂਝਵਾਨ ਧੀ ਬੀਬੀ ਹਰਪਾਲ ਕੌਰ ਨਾਲ ਸ਼ਾਦੀ ਹੋਈ । ਸਾਥੀ ਰਣਧੀਰ ਗਿੱਲ ਦੇ ਦੋ ਹੋਣਹਾਰ ਪੁੱਤਰ ਹਨ: ਡਾਕਟਰ ਇੰਦਰਵੀਰ ਗਿੱਲ ਤੇ ਹਰਿੰਦਰਵੀਰ ਗਿੱਲ । ਵੱਡਾ ਪੁੱਤਰ ਐਮ ਬੀ ਬੀ ਐਸ ਡਾਕਟਰ ਹੈ ਅਤੇ ਵਿਗਿਆਨਕ ਸੋਚ ਤੇ ਡਾਕਟਰੀ ਕਿੱਤੇ ਵਿੱਚ ਵੀ ਸੂਝ ਨਾਲ ਲੈਸ ਹੈ । ਆਪਣੇ ਪਿਤਾ ਵਾਂਗ ਹੀ ਬੇਹੱਦ ਸੋਸ਼ਲ ਤੇ ਮਿਲਣਸਾਰ ਹੈ । ਉਸ ਦੀ ਪਤਨੀ ਜਸਜੀਤ ਕੌਰ ਕੋਟਕਪੂਰੇ ਸ਼ਹਿਰ ਦੇ ਨਾਮਵਰ ਪਰਵਾਰ ਮਨਜੀਤ ਸਿੰਘ ਗਿੱਲ (ਸੇਵਾਮੁਕਤ ਜ਼ਿਲ੍ਹਾ ਮੰਡੀ ਅਫਸਰ) ਅਤੇ ਬੀਬੀ ਮਹਿੰਦਰ ਕੌਰ (ਸੇਵਾਮੁਕਤ ਅਧਿਆਪਕਾ) ਦੀ ਧੀ ਹੈ । ਇਸ ਜੋੜੀ ਦੀ ਇੱਕ ਪੁੱਤਰੀ ਜੋਇਆ ਹੈ । ਛੋਟਾ ਪੁੱਤਰ ਹਰਿੰਦਰਵੀਰ ਕੈਲਗਰੀ (ਕੈਨੇਡਾ) ਸੈਟਲ ਹੈ । ਇਸ ਦੀ ਪਤਨੀ ਦਲਜੀਤ ਕੌਰ ਤੇ ਅੱਗੋਂ ਇਨ੍ਹਾਂ ਦੀ ਬੇਟੀ ਨਿਮਰਤ ਹੈ। ਲੋਕ ਸੇਵਾ ਦੇ ਨਾਲ ਨਾਲ ਸਾਥੀ ਰਣਧੀਰ ਗਿੱਲ ਪਰਵਾਰਕ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਇੱਕ ਸਫਲ ਤੇ ਨਿਪੁੰਨ ਸ਼ਖਸੀਅਤ ਸੀ ।

ਸਾਡੇ ਸਾਰਿਆਂ ਦਾ ਸਤਿਕਾਰਯੋਗ ਸਾਥੀ ਰਣਧੀਰ ਸਿੰਘ ਗਿੱਲ ਆਪਣੀ ਉਮਰ ਦੇ 87ਵੇਂ ਸਾਲ ਵਿੱਚ ਕੁਝ ਸਮਾਂ ਬਿਮਾਰ ਰਹਿਣ ਉਪਰੰਤ ਪਿਛਲੇ ਦਿਨੀਂ 1 ਨਵੰਬਰ, 2022 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਉਸ ਵੱਲੋਂ ਪਾਈਆਂ ਗਈਆਂ ਪੈੜਾਂ ਅਗਲੀ ਨੌਜਵਾਨ ਪੀੜ੍ਹੀ ਦਾ ਸਦਾ ਮਾਰਗ ਦਰਸ਼ਨ ਬਣੀਆਂ ਰਹਿਣਗੀਆਂ। ਮੈਨੂੰ ਅਫਸੋਸ ਹੈ ਕਿ ਪਰਵਾਰਕ ਮਜਬੂਰੀਆਂ ਕਾਰਨ ਸੱਤ ਸਮੁੰਦਰੋਂ ਪਾਰ ਕੈਨੇਡਾ ਵਿਖੇ ਹੋਣ ਕਰਕੇ ਇਸ ਸ਼ਰਧਾਂਜਲੀ ਸਮਾਗਮ ਵਿੱਚ ਭਾਵੇਂ ਸਰੀਰਕ ਤੌਰ 'ਤੇ ਹਾਜ਼ਰ ਨਹੀਂ ਹੋ ਸਕਾਂਗਾ ਪਰ ਮੇਰਾ ਮਨ ਹਮੇਸ਼ਾ ਹੀ ਉਸ ਦੇ ਸਮੂਹ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਤੇ ਗਮਗੀਨ ਰਹੇਗਾ ।

**- ਬਲਦੇਵ ਸਿੰਘ ਸਹਿਦੇਵ**

ਮੋਬਾ: 98146-13971, 001647-233-1527

## ਜਨਮ ਦਿਨ ਮੁਬਾਰਕ



ਜੋਸ਼ਨ ਇਬਰਾਹਮ, ਤਰੀਜਾ ਨਗਰ



ਸੀਰਤ ਕੌਰ, ਰਾਮਾ ਮੰਡੀ, ਜਲੰਧਰ

## ਸ਼ਹਿਨਾਈਆਂ



ਜਗਵਿੰਦਰ ਸਿੰਘ ਜੱਗੂ ਤੇ ਬਲਜਿੰਦਰ ਕੌਰ ਵਾਸੀ ਪਿੰਡ ਰਤਨਗੜ੍ਹ ਨੇ ਆਪਣੇ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ



## ਹੁਣ ਗੁਜਰਾਤ 'ਚ ਵੀ ਇਮਾਨਦਾਰ ਤੇ ਕਾਮਯਾਬ ਸਰਕਾਰ ਬਣੇਗੀ : ਰਾਜਵਿੰਦਰ ਕੌਰ

**ਜਲੰਧਰ (ਨਵਾਂ ਜ਼ਮਾਨਾ ਸਰਵਿਸ)** ਆਮ ਆਦਮੀ ਪਾਰਟੀ ਦੀ ਸੂਬਾ ਸਕੱਤਰ ਤੇ ਦੋਆਬਾ ਜੋਨ ਇੰਚਾਰਜ ਰਾਜਵਿੰਦਰ ਕੌਰ ਨੇ ਗੁਜਰਾਤ ਵਿਧਾਨ ਸਭਾ ਚੋਣਾਂ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮਿਲ ਕੇ ਸੋਮਨਾਥ ਵਿਰਵਾਲ ਦੀ ਵਿਧਾਨ ਸਭਾ ਸੀਟ ਜੂਨਾਗੜ੍ਹ ਤੋਂ ਉਮੀਦਵਾਰ ਜਗਮਲ ਭਾਈ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਇਸ ਮੌਕੇ ਉਨ੍ਹਾਂ ਨਾਲ ਮੰਗਲ ਸਿੰਘ ਸੂਬਾ ਚੇਅਰਮੈਨ (ਖੇਤੀਬਾੜੀ ਐਕਸਪੋਰਟ), ਅੰਮ੍ਰਿਤਪਾਲ ਸਿੰਘ (ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ), ਸੂਬਾ ਪ੍ਰਧਾਨ ਘੱਟ ਗਿਣਤੀ ਵਿੰਗ ਅਬਦੁਲ ਬਾਰਿਕ, ਸੂਬਾ ਮੈਂਬਰ ਗੁਰਵਿੰਦਰ ਸਿੰਘ ਸ਼ੇਰਗਿੱਲ, ਡਾ: ਅਮਿਤ ਜ਼ਿਲ੍ਹਾ ਜਲੰਧਰ ਯੂਥ ਪ੍ਰਧਾਨ ਅਤੇ ਜ਼ਿਲ੍ਹਾ ਸਕੱਤਰ ਸੁਭਾਸ਼ ਸ਼ਰਮਾ ਆਦਿ ਹਾਜ਼ਰ ਸਨ। ਇਸ ਮੌਕੇ 'ਆਪ' ਆਗੂਆਂ ਨੇ ਕਿਹਾ ਕਿ ਦਿੱਲੀ ਅਤੇ ਪੰਜਾਬ 'ਚ ਸਰਕਾਰ ਦੀ ਕਾਮਯਾਬੀ ਤੋਂ ਬਾਅਦ ਹੁਣ ਗੁਜਰਾਤ 'ਚ ਵੀ ਇਮਾਨਦਾਰ ਤੇ ਕਾਮਯਾਬ ਸਰਕਾਰ ਬਣੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਾਂਗ ਗੁਜਰਾਤ ਵਿੱਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਲੋਕਾਂ ਨੂੰ 300 ਯੂਨਿਟ ਮੁਫਤ ਬਿਜਲੀ ਤੇ ਪਾਣੀ ਦਿੱਤਾ ਜਾਵੇਗਾ। ਜਿਸ ਤਰ੍ਹਾਂ ਪਾਰਟੀ ਨੇ ਦਿੱਲੀ ਵਿੱਚ ਸਿੱਖਿਆ ਦੇ ਮਿਆਰ ਨੂੰ ਸੁਧਾਰਨ ਲਈ ਸਕੂਲਾਂ ਦੀ ਹਾਲਤ ਵਿੱਚ ਸੁਧਾਰ ਕੀਤਾ ਹੈ, ਉਸੇ ਤਰ੍ਹਾਂ ਗੁਜਰਾਤ ਵਿੱਚ ਚੰਗੀ ਸਿੱਖਿਆ ਦੇਣ ਲਈ ਚੰਗੇ ਸਕੂਲ ਬਣਾਏ ਜਾਣਗੇ। ਲੋਕਾਂ ਦੀ ਚੰਗੀ ਸਿਹਤ ਲਈ ਹਸਪਤਾਲਾਂ ਵਿੱਚ ਵੀ ਸੁਧਾਰ ਕੀਤਾ ਜਾਵੇਗਾ। ਸੂਬੇ ਨੂੰ ਅਪਰਾਧ ਮੁਕਤ ਬਣਾਇਆ ਜਾਵੇਗਾ।

## ਐਡਵੋਕੇਟ ਧਾਮੀ ਵਲੋਂ ਪੰਜਾਬ 'ਵਰਸਿਟੀ ਦੀ ਚੈਂਪੀਅਨ ਬਣੀ ਖ਼ਾਲਸਾ ਕਾਲਜ ਦੀ ਫੁੱਟਬਾਲ ਟੀਮ ਦੀ ਹੌਸਲਾ-ਅਫ਼ਜ਼ਾਈ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇੰਟਰ ਕਾਲਜ ਫੁੱਟਬਾਲ ਮੁਕਾਬਲਿਆਂ ਵਿਚ ਸ਼ਾਨਦਾਰ ਜਿੱਤ ਦਰਜ਼ ਕਰਕੇ ਚੈਂਪੀਅਨ ਬਣੀ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੀ ਫੁੱਟਬਾਲ ਟੀਮ ਦੀ ਹੌਂਸਲਾ ਅਫ਼ਜਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਿਸ਼ੇਸ਼ 'ਤੌਰ 'ਤੇ ਕਾਲਜ ਪਹੁੰਚੇ। ਕਾਲਜ ਪਹੁੰਚਣ 'ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਪ੍ਰਿੰਸੀਪਲ ਡਾ. ਬਲਜੀਤ ਸਿੰਘ ਦੀ ਅਗਵਾਈ ਹੇਠ ਸਮੂਹ ਸਟਾਫ਼ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਪੰਜਾਬ ਯੂਨੀਵਰਸਿਟੀ ਚੈਂਪੀਅਨ ਬਣੀ ਫੁੱਟਬਾਲ ਟੀਮ ਦੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਤੇ ਫੁੱਟਬਾਲ ਦੇ ਪਸਾਰ ਲਈ ਕਾਲਜ ਵਲੋਂ ਉਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਫੁੱਟਬਾਲ ਟੂਰਨਾਮੈਂਟ ਕਮੇਟੀ ਦੇ ਸਹਿਯੋਗ ਨਾਲ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਧਾਨ ਧਾਮੀ ਨੇ ਕਾਲਜ 'ਚ ਐਲੂਮਨੀ ਐਸੋਸੀਏਸ਼ਨ ਵਲੋਂ ਪ੍ਰਧਾਨ ਕੈਪਟਨ ਆਰ.ਐੱਸ. ਪਠਾਣੀਆਂ ਦੇ ਯਤਨਾਂ ਨਾਲ ਨਵੀਂ ਬਣਾਈ ਕੰਪਿਊਟਰ ਲੈਬ ਅਤੇ ਕਾਮਰਸ ਵਿਭਾਗ ਦੇ ਸਟਾਫ਼ ਵਲੋਂ ਆਪਣੇ ਨਿੱਜੀ ਖਰਚ 'ਤੇ ਤਿਆਰ ਕੀਤੇ ਐੱਮ.ਕਾਮ. ਸੈਮੀਨਾਰ ਰੂਮ ਦਾ ਉਦਘਾਟਨ ਕੀਤਾ। ਉਨ੍ਹਾਂ ਐਲੂਮਨੀ ਐਸੋਸੀਏਸ਼ਨ ਅਤੇ ਕਾਮਰਸ ਵਿਭਾਗ ਦੇ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਇਹ ਅਦਾਰਾ ਲਗਾਤਾਰ ਤਰੱਕੀ ਵੱਲ ਵੱਧ ਰਿਹਾ ਹੈ। ਇਸ ਮੌਕੇ ਉਨ੍ਹਾਂ ਖੇਡਾਂ ਦੇ ਵਿਕਾਸ ਲਈ ਇਕ ਲੱਖ ਦੀ ਮਾਇਕ ਮਦਦ ਦੇਣ ਦਾ ਵੀ ਐਲਾਨ ਕੀਤਾ। ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਐਡਵੋਕੇਟ ਧਾਮੀ ਦਾ ਕਾਲਜ ਪਹੁੰਚਣ 'ਤੇ ਸਵਾਗਤ ਕਰਦਿਆਂ ਕਾਲਜ ਵਲੋਂ ਵਿਦਿਆਰਥੀਆਂ ਦੀ ਭਲਾਈ ਲਈ ਕੀਤੇ ਜਾ ਰਹੇ ਉਪਰਾਲਿਆਂ 'ਤੇ ਚਾਨਣਾ ਪਾਇਆ ਤੇ ਪ੍ਰਧਾਨ ਐਡਵੋਕੇਟ ਧਾਮੀ ਨੂੰ ਸਨਮਾਨ ਵਜੋਂ ਪੁਸਤਕਾਂ ਦਾ ਸੈੱਟ ਭੇਟ ਕੀਤਾ। ਉਚੇਚੇ ਤੌਰ 'ਤੇ ਪਹੁੰਚੇ ਕਾਲਜ ਦੇ ਸਾਬਕਾ ਪ੍ਰਿੰਸੀਪਲ ਡਾ. ਪ੍ਰੀਤ ਮਹਿੰਦਰ ਪਾਲ ਸਿੰਘ ਨੇ ਫੁੱਟਬਾਲ ਖਿਡਾਰੀਆਂ ਨੂੰ ਇਨਾਮ ਵਜੋਂ 11 ਹਜ਼ਾਰ ਰੁਪਏ ਭੇਟ ਕੀਤੇ ਤੇ ਉਨ੍ਹਾਂ ਕਿਹਾ ਕਿ ਫੁੱਟਬਾਲ ਦੇ ਖੇਤਰ 'ਚ ਪਿਛਲੇ ਸਮੇਂ 'ਚ ਕੀਤੀ ਮਿਹਨਤ ਰੰਗ ਲਿਆਈ ਹੈ। ਉਲੰਪੀਅਨ ਜਰਨੈਲ ਸਿੰਘ ਫੁੱਟਬਾਲ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਡਾ. ਹਰਵਿੰਦਰ ਸਿੰਘ ਬਾਠ ਨੇ ਕਮੇਟੀ ਵਲੋਂ ਫੁੱਟਬਾਲ ਖੇਡ ਦੇ ਪਸਾਰ ਲਈ ਕੀਤੇ ਜਾ ਰਹੇ ਯਤਨਾ ਬਾਰੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਫੁੱਟਬਾਲ ਕੋਚ ਹਰਦੀਪ ਸਿੰਘ ਗਿੱਲ ਤੇ ਖਿਡਾਰੀਆਂ ਦੀ ਮਿਹਨਤ ਨਾਲ ਟੀਮ ਨੂੰ ਇਹ ਜਿੱਤ ਨਸੀਬ ਹੋਈ ਹੈ।



ਇਸ ਮੌਕੇ ਕੈਪਟਨ ਆਰ. ਐੱਸ. ਪਠਾਣੀਆਂ ਪ੍ਰਧਾਨ ਐਲੂਮਨੀ ਐਸੋਸੀਏਸ਼ਨ ਨੇ ਐਸੋਸੀਏਸ਼ਨ ਵਲੋਂ ਕਾਲਜ ਦੇ ਵਿਕਾਸ ਲਈ ਕੀਤੇ ਯਤਨਾਂ ਦਾ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਡਾ. ਪ੍ਰੀਤ ਮਹਿੰਦਰ ਪਾਲ ਸਿੰਘ, ਕੈਪਟਨ ਆਰ.ਐੱਸ. ਪਠਾਣੀਆਂ, ਡਾ. ਹਰਵਿੰਦਰ ਸਿੰਘ ਬਾਠ, ਯੋਗ ਰਾਜ ਗੰਭੀਰ, ਅਮਨਦੀਪ ਸਿੰਘ ਬੈਂਸ, ਸ਼ਲਿੰਦਰ ਸਿੰਘ ਰਾਣਾ, ਰਣਜੀਤ ਸਿੰਘ ਬੰਗਾ ਤੋਂ ਇਲਾਵਾ ਕਾਲਜ ਸਟਾਫ਼ ਤੇ ਵਿਦਿਆਰਥੀ ਹਾਜ਼ਰ ਹੋਏ।

## ਡੀ ਏ ਵੀ ਸਕੂਲ 'ਚ ਇਨਾਮ ਵੰਡ ਸਮਾਰੋਹ ਕਰਵਾਇਆ

**ਬਿਲਗਾ (ਵਿਜੇ ਕੁਮਾਰ)**

ਸ਼ੀਲਾ ਰਾਣੀ ਤਾਂਗੜੀ ਡੀ.ਏ.ਵੀ. ਪਬਲਿਕ ਸਕੂਲ ਬਿਲਗਾ ਵਿੱਚ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਸ਼੍ਰੀਮਤੀ ਨੀਨਾ ਤਾਂਗੜੀ ਐਮ.ਪੀ.ਪੀ. ਮਿਸੀਸਾਗਾ, ਕੈਨੇਡਾ ਤੋਂ ਮੁੱਖ ਮਹਿਮਾਨ ਦੇ ਰੂਪ ਵਿੱਚ ਮੌਜੂਦ ਸੀ। ਇਸਦੇ ਨਾਲ ਜਲੰਧਰ ਤੋਂ ਐਸ.ਐਸ.ਪੀ. ਇਨਵੈਸਟਿਗਏਸ਼ਨ (ਰੂਰਲ) ਸਰਬਜੀਤ ਸਿੰਘ ਬਾਹੀਆ, ਗੇਸਟ ਆਫ ਔਨਰ ਦੇ ਰੂਪ ਵਿੱਚ ਪਧਾਰੇ। ਮਾਤਾ ਪਿਤਾ ਪਰਿਵਾਰ ਅਤੇ ਮਿੱਤਰਤਾ ਦੇ ਜੀਵਨ ਵਿੱਚ ਮਹੱਤਵ ਨੂੰ ਦਰਸਾਉਂਦੇ ਇਸ ਸਮਾਰੋਹ ਦਾ ਸ਼ੁੱਭ ਆਰੰਭ ਵਿਦਿਆ ਦੀ ਦੇਵੀ ਮਾਂ ਸਰਸਵਤੀ ਦੀ ਵੰਦਨਾ ਨਾਲ ਕੀਤਾ ਗਿਆ। ਇਸ ਉਪਰੰਤ ਸਕੂਲ ਦੇ ਕੇ.ਜੀ. ਵਿੰਗ ਦੇ ਨੰਨ੍ਹੇ- ਮੁੰਨੇ ਬੱਚਿਆਂ ਨੇ ਨੱਚ ਕੇ ਪਰਵਾਰ ਦੀ ਪ੍ਰਤੀ ਆਪਣੀ ਭਾਵਨਾ ਨੂੰ ਪ੍ਰਦਰਸ਼ਿਤ ਕੀਤਾ। ਸਕੂਲ ਦੇ ਸੀਨੀਅਰ ਵਿਦਿਆਰਥੀਆਂ ਦੁਆਰਾ ਪ੍ਰਸਤੁਤ ਵਨ ਐਕਟ ਪਲੇ ਦੀ ਸਭ ਨੇ ਖੂਬ ਸ਼ਲਾਘਾ ਕੀਤੀ। ਵਿਆਰਥੀਆਂ ਦੁਆਰਾ ਕੁਦਰਤ ਦੇ ਸੁਰੱਖਿਆ ਲਈ ਪੇਸ਼ ਕੋਰੀਓਗ੍ਰਾਫੀ ਨੇ ਇਸ ਕੁਦਰਤ ਦੇ ਪ੍ਰਤੀ ਮਨੁੱਖੀ ਜ਼ਿੰਮੇਵਾਰੀਆਂ ਤੋਂ ਦਰਸ਼ਕਾਂ ਨੂੰ ਜਾਣੂ ਕਰਵਾਇਆ। ਸਮਾਰੋਹ ਦੇ ਅੰਤ ਵਿੱਚ ਸਕੂਲ ਦੇ ਵਿਦਿਆਰਥੀਆਂ ਦੁਆਰਾ ਪੇਸ ਕੀਤੇ ਗਏ ਗਿੱਧੇ ਨੇ ਸਭ ਨੂੰ ਝੂਮਣ ਲਈ ਮਜਬੂਰ ਕੀਤਾ। ਸਕੂਲ ਦੇ ਪ੍ਰਿੰਸੀਪਲ ਰਵੀ ਸ਼ਰਮਾ ਨੇ ਸਾਲਾਨਾ ਰਿਪੋਰਟ ਪੜ੍ਹਦੇ ਹੋਏ ਸਕੂਲ ਦੀਆਂ ਪ੍ਰਾਪਤੀਆਂ ਤੋਂ ਸਾਰਿਆਂ ਨੂੰ ਜਾਣੂ ਕਰਵਾਇਆ



ਸਿੱਖਿਆ, ਖੇਡਾਂ ਅਤੇ ਸਹਿ ਪਾਠਕ੍ਰਮ ਗਤੀਵਿਧੀਆਂ ਵਿੱਚ ਅੱਗੇ ਵਧਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਰਬਜੀਤ ਸਿੰਘ ਬਾਹੀਆ ਨੇ ਕਿਹਾ ਕਿ ਜੋ ਵਿਦਿਆਰਥੀ ਨੈਤਿਕ ਗੁਣਾਂ ਦਾ ਪਾਲਣ ਕਰਦੇ ਹਨ ਉਹ ਜੀਵਨ ਵਿੱਚ ਸਫਲ ਹੁੰਦੇ ਹਨ। ਡੀ.ਏ.ਵੀ. ਸੀ.ਐਮ.ਸੀ. ਦੇ ਸੈਕਟਰੀ ਅਜੈ ਗੋਸਵਾਮੀ ਅਤੇ ਸਕੂਲ ਦੀ ਅਸਿਸਟੈਂਟ ਡਾਇਰੈਕਟਰ ਸ਼੍ਰੀਮਤੀ ਰਸਮੀ ਵਿਜ ਨੇ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਪ੍ਰੋਗਰਾਮ ਵਿੱਚ ਡੀ.ਏ.ਵੀ.ਸੀ.ਐਮ.ਸੀ. ਦੇ ਸੀਨੀਅਰ ਮੈਂਬਰ ਡਾ: ਰਾਮ ਕੇ. ਗੁਪਤਾ, ਸਾਬਕਾ ਡਾ: ਨਵਜੋਤ ਦਹੀਆ, ਐਮ.ਐਲ. ਐਰੀ, ਡਾ: ਧੀਰਜ ਭਾਟੀਆ, ਗਗਨ ਵਿੱਜ, ਡੀ.ਐਸ.ਪੀ. ਫਿਲੌਰ ਜਗਦੀਸ਼ ਰਾਜ. ਐਸ ਐੱਚ.ਓ. ਨਰਿੰਦਰ ਪਾਲ, ਐਸ ਐੱਚ.ਓ. ਮਹਿੰਦਰ ਪਾਲ, ਪ੍ਰਿੰਸੀਪਲ ਬਲਜਿੰਦਰ ਸਿੰਘ, ਪ੍ਰਿੰਸੀਪਲ ਪ੍ਰਭਜੋਤ ਗਿੱਲ, ਪ੍ਰਿੰਸੀਪਲ ਸੰਧਿਆ ਦੀਵਾਨ, ਸ਼੍ਰੀਮਤੀ ਅਨੀਤਾ ਸ਼ਰਮਾ, ਜੈ ਗੋਪਾਲ ਸਚਦੇਵਾ, ਰਜਿੰਦਰ ਸੋਨੀ, ਤੇਜਾ ਸਿੰਘ, ਇਕਬਾਲ ਸਿੰਘ ਜਰਨਲਿਸਟ ਪ੍ਰੈਸ ਕਲੱਬ ਰਜਿ.ਪੰਜਾਬ ਤੋਂ ਵਿਨੋਦ ਕੁਮਾਰ, ਦਵਿੰਦਰ ਜੌਹਲ, ਵਿਜੇ ਕੁਮਾਰ, ਰਜਿੰਦਰ ਸਿੰਘ ਅਤੇ ਟਾਂਗਰੀ ਪਰਵਾਰ ਦੇ ਹੋਰ ਮੈਂਬਰ ਵੀ ਹਾਜਰ ਸਨ।

## ਟੀਚਰਜ਼ ਬੈਡਮਿੰਟਨ ਲੀਗ ਮੁਕਾਬਲੇ ਕਰਵਾਏ



**ਤਲਵਾੜਾ, ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਟੀਚਰਜ਼ ਬੈਡਮਿੰਟਨ ਲੀਗ ਪ੍ਰਬੰਧਕ ਕਮੇਟੀ ਵੱਲੋਂ ਸਥਾਲਕ ਸਟਾਫ਼ ਕਲੱਬ 'ਚ ਦੋ ਰੋਜ਼ਾ ਚਿੜੀ ਛਿੱਕੇ ਦੇ ਖੇਡ ਮੁਕਾਬਲੇ ਕਰਵਾਏ ਗਏ। ਟੂਰਨਾਮੈਂਟ 'ਚ ਪੰਜਾਬ ਤੋਂ ਇਲਾਵਾ ਗੁਆਂਢੀ ਸੂਬਾ ਹਿਮਾਚਲ ਪ੍ਰਦੇਸ਼ ਤੋਂ ਵੀ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ। ਦੋ ਰੋਜ਼ਾ ਟੂਰਨਾਮੈਂਟ ਦਾ ਉਦਘਾਟਨ ਪਿੰਡ ਹਲੇੜ੍ਹ ਦੇ ਸਰਪੰਚ ਦੀਪਕ ਠਾਕੁਰ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ, ਪੰਜਾਬ ਦੇ ਕਨਵੀਨਰ ਜਸਵੀਰ ਤਲਵਾੜਾ ਨੇ ਕੀਤਾ। ਪਹਿਲੇ ਦਿਨ ਬੈਡਮਿੰਟਨ ਦੇ ਸਿੰਗਲਸ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਹਿਮਾਚਲ ਪ੍ਰਦੇਸ਼ ਦੇ ਗਗਰੇਟ ਤੋਂ ਰਾਕੇਸ਼ ਕੁਮਾਰ ਜੇਤੂ ਜਦਕਿ ਲਵਕੇਸ਼ ਕੁਮਾਰ ਉਪ ਜੇਤੂ ਰਹੇ। ਦੂਜੇ ਦਿਨ ਡਬਲਸ ਮੁਕਾਬਲਿਆਂ ਦਾ ਉਦਘਾਟਨ ਡਾ. ਕਸ਼ਮੀਰੀ ਲਾਲ, ਪ੍ਰਿੰਸੀਪਲ ਸਰਕਾਰੀ ਕਾਲਜ ਢੋਲਵਾਹਾ ਨੇ ਕੀਤਾ। ਡਬਲਸ ਮੁਕਾਬਲਿਆਂ ਦੇ ਫਾਈਨਲ ਮੁਕਾਬਲੇ 'ਚ ਲਵਕੇਸ਼ ਤੇ ਅਰੁਣ ਦੀ ਜੋੜੀ ਜੇਤੂ ਅਤੇ ਅਮਨਦੀਪ ਲੋਹੀਆਂ ਖਾਸ ਤੇ ਪਰਵਿੰਦਰ ਦੀ ਜੋੜੀ ਉਪ ਜੇਤੂ ਰਹੀ। ਜਦਕਿ ਮਨਮੋਹਨ ਸਿੰਘ ਤੇ ਦੀਪਕ ਅਤੇ ਅਨਿਲ ਰਿੰਕੂ ਤੇ ਰਾਜ ਕੁਮਾਰ ਦੀ ਜੋੜੀ ਸੈਮੀ ਫਾਈਨਲਿਸਟ ਰਹੀ। ਜੇਤੂ ਤੇ ਉਪ ਜੇਤੂ ਖਿਡਾਰੀਆਂ ਨੂੰ ਰਾਜੇਸ਼ ਸਿੰਘ, ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਮਾਹੀ ਦੇਵੀ ਅਤੇ ਅੰਤਰਰਾਸ਼ਟਰੀ ਪਹਿਲਵਾਨ ਨਿਰਮਲ ਸਿੰਘ ਨੇ ਟਰਾਫੀ ਤੇ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ। ਪ੍ਰਬੰਧਕ ਕਮੇਟੀ ਦੇ ਸਕੱਤਰ ਸੰਦੀਪ ਜਰਿਆਲ ਟੂਰਨਾਮੈਂਟ ਦੀ ਸਫ਼ਲਤਾ ਲਈ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਲੀਗ ਨੂੰ ਹਰ ਸਾਲ ਕਰਵਾਉਣ ਦਾ ਫੈਸਲਾ ਕੀਤਾ। ਅੰਤ 'ਚ ਕਮੇਟੀ ਦੇ ਪ੍ਰਧਾਨ ਮਨਮੋਹਨ ਸਿੰਘ ਨੇ ਆਏ ਹੋਏ ਮੁੱਖ ਮਹਿਮਾਨਾਂ, ਖਿਡਾਰੀਆਂ, ਸਹਿਯੋਗੀਆਂ ਆਦਿ ਦਾ ਧੰਨਵਾਦ ਕੀਤਾ। ਇਸ ਮੌਕੇ ਦੀਪਕ ਕੁਮਾਰ, ਸੁਨੀਲ ਦੱਤ, ਸੁਨੀਲ ਸੋਨੀ, ਸਰਬਜੀਤ ਸਿੰਘ, ਵਿਵੇਕ ਰਾਣਾ, ਅਨਿਲ ਸ਼ਰਮਾ ਆਦਿ ਕਮੇਟੀ ਮੈਂਬਰਾਂ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

## ਲਾਰਡ ਕ੍ਰਿਸ਼ਨਾ ਕਾਲਜ 'ਚ ਨੈਸ਼ਨਲ ਐਜੂਕੇਸ਼ਨ-ਡੇ ਮਨਾਇਆ



**ਸੁਲਤਾਨਪੁਰ ਲੋਧੀ, (ਹਨੀ)**

ਲਾਰਡ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੂਬੀ ਭਗਤ ਦੀ ਅਗਵਾਈ ਵਿਚ ਨੈਸ਼ਨਲ ਐਜੂਕੇਸ਼ਨ-ਡੇ ਮਨਾਇਆ ਗਿਆ। ਆਯੋਜਿਤ ਸਮਾਗਮ ਵਿਚ ਵਿਦਿਆਰਥੀਆਂ ਵੱਡੀ ਗਿਣਤੀ ਵਿਚ ਹਿੱਸਾ ਲਿਆ ਅਤੇ ਕੌਮੀ ਸਿੱਖਿਆ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ । ਪ੍ਰਿੰਸੀਪਲ ਰੂਬੀ ਭਗਤ ਨੇ ਸਿੱਖਿਆ ਦੀ ਮਹੱਤਤਾ ਸਬੰਧੀ ਵਿਦਿਆਰਥੀਆਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ । ਇਸ ਦੌਰਾਨ ਵਿਦਿਆਰਥੀਆਂ ਦਰਮਿਆਨ ਪੋਸਟਰ ਮੇਕਿੰਗ ਮੁਕਾਬਲਾ ਵੀ ਕਰਵਾਇਆ ਗਿਆ। ਜਿਸ ਵਿਚ ਗੌਤਮ ਜੈਨ ਪਹਿਲੇ ਸਥਾਨ 'ਤੇ ਰਿਹਾ, ਜਦਕਿ ਸੁਪ੍ਰੀਤ ਕੌਰ ਦੂਜਾ ਸਥਾਨ ਹਾਸਲ ਕਰਨ ਵਿਚ ਸਫਲ ਰਹੀ। ਇਸ ਮੌਕੇ ਪ੍ਰੋ. ਸੁੰਮੀ ਧੀਰ, ਪ੍ਰੋ.ਰਮਾ, ਪ੍ਰੋ.ਕੁਲਦੀਪ ਕੌਰ, ਪ੍ਰੋ.ਸਾਹਿਲ, ਪ੍ਰੋ.ਚਰਨਜੀਤ ਕੌਰ, ਪ੍ਰੋ.ਵੀਨਸ, ਪ੍ਰੋ.ਨੀਰੂ ਬਾਲਾ, ਮੈਡਮ ਰੀਟਾ ਰਾਣੀ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

## ਐਲ ਪੀ ਯੂ ਵਿਖੇ ਫਾਰਮਾਸਿਸਟਾਂ ਨੂੰ ਵਿਸ਼ਵ ਭਾਈਚਾਰੇ ਦੀ ਭਲਾਈ ਲਈ ਸੱਦਾ ਦਿੱਤਾ

**ਜਲੰਧਰ (ਸ਼ੈਲੀ ਐਲਬਰਟ)**

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਸਕੂਲ ਆਫ ਫਾਰਮਾਸਿਊਟੀਕਲ ਸਾਇੰਸਿਜ਼ ਨੇ ਯੂਨੀਵਰਸਿਟੀ ਦੇ ਸ਼ਾਂਤੀ ਦੇਵੀ ਮਿੱਤਲ ਆਡੀਟੋਰੀਅਮ ਵਿਖੇ ਦੋ ਰੋਜ਼ਾ ਤੀਜੀ ਅੰਤਰਰਾਸ਼ਟਰੀ ਕਾਨਫਰੰਸ ਆਫ ਫਾਰਮੇਸੀ (ਆਈ ਸੀ ਪੀ -2022) ਦਾ ਆਯੋਜਨ ਕੀਤਾ। ਕੇਂਦਰੀ ਡਰੱਗ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ (ਭਾਰਤ) ਦੇ ਡਾਇਰੈਕਟੋਰੇਟ ਜਨਰਲ ਆਫ਼ ਹੈਲਥ ਸਰਵਿਸਿਜ਼ ਦੇ ਸੰਯੁਕਤ ਡਰੱਗ ਕੰਟਰੋਲਰ ਡਾ. ਪੀਬੀਐਨ ਪ੍ਰਸਾਦ ਨੇ ਕਾਨਫਰੰਸ ਦੀ ਪ੍ਰਧਾਨਗੀ ਕੀਤੀ। । ਇਸ ਵਿਚ 2000 ਤੋਂ ਵੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ, ਮੌਜੂਦਾ ਅਤੇ ਬਣਨ ਜਾ ਰਿਹੇ ਫਾਰਮਾਸਿਸਟਾਂ ਨੂੰ ਸੰਬੋਧਿਤ ਕਰਦੇ ਹੋਏ, ਡਾ ਪ੍ਰਸਾਦ ਨੇ ਸਾਰਿਆਂ ਨੂੰ ਸਹਿ-ਮੌਜੂਦਗੀ, ਸਹਿਯੋਗ ਅਤੇ ਦੇਸ਼ ਅਤੇ ਵਿਸ਼ਵ ਭਾਈਚਾਰੇ ਲਈ ਉਪਯੋਗੀ ਕੰਮ ਕਰਨ ਲਈ ਸੱਦਾ ਦਿੱਤਾ। । ਕਠੋਰ ਕੋਵਿਡ-19 ਮਹਾਂਮਾਰੀ ਦੇ ਦਿਨਾਂ ਦੌਰਾਨ, ਮੂਲ ਅਤੇ ਦੂਰ-ਦੁਰਾਡੇ ਦੇ ਭਾਈਚਾਰੇ ਤੋਂ ਪੂਰੀ ਤਰ੍ਹਾਂ ਕੱਟੇ ਹੋਏ ਅਲੱਗ-ਥਲੱਗ ਕੰਮ ਨੂੰ ਯਾਦ ਕਰਦਿਆਂ; ਡਾ: ਪ੍ਰਸਾਦ ਨੇ ਦਵਾਈਆਂ, ਉਪਕਰਨਾਂ ਅਤੇ ਤਕਨੀਕਾਂ ਦੀ ਨਵੀਨਤਾ ਤੇ ਜ਼ੋਰ ਦਿੱਤਾ। ਉਨ੍ਹਾਂ ਇਹ ਵੀ ਉਮੀਦ ਜਤਾਈ ਕਿ ਅਜਿਹੀਆਂ ਕਾਨਫਰੰਸਾਂ ਮੌਜੂਦਾ ਸਥਿਤੀ ਨੂੰ ਚੰਗੀ ਤਰ੍ਹਾਂ ਸਮਝ ਕੇ ਵਿਸ਼ਵ ਭਾਈਚਾਰੇ ਦੀ ਮਦਦ ਕਰਨਗੀਆਂ। ਕਾਨਫਰੰਸ, ਐਲ ਪੀ ਯੂ ਵਿਖੇ, ਇੰਡੀਅਨ ਫਾਰਮਾਸਿਊਟੀਕਲ ਐਸੋਸੀਏਸ਼ਨ (ਆਈਪੀਏ) ਦੇ ਸਹਿਯੋਗ ਨਾਲ ਨਵੀਨਤਾ ਦਾ ਅਭਿਆਸ, ਪ੍ਰੋਤਸਾਹਨ ਅਤੇ ਪ੍ਰਕਾਸ਼ਨ ਸਿਹਤ ਨੂੰ ਬਦਲਣ ਦਾ ਇੱਕ ਤਰੀਕਾ 'ਤੇ ਆਯੋਜਿਤ ਕੀਤੀ ਗਈ।ਡਾ: ਪ੍ਰਸਾਦ ਦੇ ਨਾਲ, ਪਹਿਲੇ ਸੈਸ਼ਨ ਨੂੰ ਆਸਟ੍ਰੇਲੀਆ ਯੂਨੀਵਰਸਿਟੀ ਤੋਂ ਡਾ: ਕਮਲ ਦੁਆ ਨੇ ਵੀ ਸੰਬੋਧਿਤ ਕੀਤਾ ਜਿਸਨੇ ਇਨਫਲੂਐਂਜ਼ਾ ਅਤੇ ਸਾਹ ਸੰਬੰਧੀ ਵਿਕਾਰ ਅਤੇ ਉਹਨਾਂ ਦੀ ਜਾਂਚ ਬਾਰੇ ਗੱਲ ਕੀਤੀ। ਉਨ੍ਹਾਂ ਨੇ ਸਾਰਿਆਂ ਨੂੰ ਇੱਕ ਟੀਮ ਬਣਾਉਣ ਅਤੇ ਮਨੁੱਖਤਾ ਦੇ ਕਾਰਨਾਂ ਲਈ ਇਕੱਠੇ ਹੋਣ ਦਾ ਸੱਦਾ ਵੀ ਦਿੱਤਾ। ਸਾਰੇ ਪ੍ਰਮੁੱਖ ਡੈਲੀਗੇਟਾਂ ਦਾ ਧੰਨਵਾਦ ਕਰਦਿਆਂ, ਕਾਨਫਰੰਸ ਦੀ ਚੇਅਰਪਰਸਨ ਡਾ: ਮੋਨਿਕਾ ਗੁਲਾਟੀ ਨੇ ਸਾਰਿਆਂ ਨੂੰ ਜਾਣੂ ਕਰਵਾਇਆ ਕਿ ਕਾਨਫਰੰਸ ਦਾ ਜ਼ੋਰ ਅਕਾਦਮਿਕ, ਉਦਯੋਗ, ਖੋਜ ਅਤੇ ਸਮਾਜ ਵਿੱਚ ਫਾਰਮੇਸੀ ਅਤੇ ਸਹਾਇਕ ਵਿਗਿਆਨ ਦੀ ਭੂਮਿਕਾ ਨੂੰ ਉਜਾਗਰ ਕਰਨ ਤੇ ਹੈ। ਉਨਾਂ ਇਹ ਵੀ ਉਮੀਦ ਕੀਤੀ ਕਿ ਇਹ ਕਾਨਫਰੰਸ ਸਿਹਤ ਵਿਗਿਆਨ, ਖੋਜ, ਉਦਯੋਗ ਅਤੇ ਸਿਹਤ ਵਿਗਿਆਨ ਵਿੱਚ ਹਾਲ ਹੀ ਵਿੱਚ ਆਈ ਤਬਦੀਲੀ ਬਾਰੇ ਮੰਥਨ ਕਰਨ ਤੇ ਵੀ ਸੀ । ਉਨਾਂ ਇਹ ਵੀ ਉਜਾਗਰ ਕੀਤਾ ਕਿ ਇਹ ਉੱਘੇ ਖੋਜਕਰਤਾਵਾਂ ਨੂੰ ਜੋੜੇਗੀ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੇ ਵਿਚਕਾਰ ਸਹਿਯੋਗ ਨੂੰ ਵਧਾਵੇਗੀ।ਡਾ: ਗੁਲਾਟੀ ਐਲਪੀਯੂ ਦੇ ਕਾਰਜਕਾਰੀ ਡੀਨ ਅਤੇ ਰਜਿਸਟਰਾਰ ਵੀ ਹਨ । ਐਲਪੀਯੂ ਦਾ ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਿਜ਼ ਦੇਸ਼ ਦੇ ਪ੍ਰਮੁੱਖ ਸਕੂਲਾਂ ਵਿੱਚੋਂ ਇੱਕ ਹੈ, ਜਿਸ ਨੂੰ ਨਿਰਫ ਫਰੇਮਵਰਕ, ਭਾਰਤ ਸਰਕਾਰ ਦੁਆਰਾ ਲਗਾਤਾਰ ਭਾਰਤ ਦੇ ਚੋਟੀ ਦੇ 20 ਸੰਸਥਾਵਾਂ ਵਿੱਚ ਸ਼ਾਮਲ ਕੀਤਾ ਗਿਆ ਹੈ।




## ਫੁਲਵਾੜੀ ਪਬਲਿਕ ਸਕੂਲ 'ਚ ਮਨਾਇਆ ਬਾਲ ਦਿਵਸ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**

ਸਥਾਨਕ ਫੁਲਵਾੜੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲੋਹੀਆਂ ਖਾਸ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਲ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਲਈ ਇਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਕੋਆਰਡੀਨੇਟਰ ਮੈਡਮ ਹਰਪ੍ਰੀਤ ਕੌਰ ਵੱਲੋਂ ਬਾਲ ਦਿਵਸ ਮੌਕੇ 'ਤੇ ਇਕ ਸ਼ਾਨਦਾਰ ਭਾਸ਼ਣ ਦਿੱਤਾ ਗਿਆ। ਅਧਿਆਪਕਾਂ ਵੱਲੋਂ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਖਿਡਾਈਆਂ ਗਈਆਂ ਅਤੇ ਸਕੂਲ ਵਿਦਿਆਰਥੀਆਂ ਵੱਲੋਂ ਕਵਿਤਾਵਾਂ, ਸਪੀਚ ਬੋਲੀਆਂ ਗਈਆਂ। ਇਸ ਮੌਕੇ ਪ੍ਰਿੰਸੀਪਲ ਲਖਬੀਰ ਸਿੰਘ ਵੱਲੋਂ ਸਾਰੇ ਬੱਚਿਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਗਈ। ਇਸ ਮੌਕੇ ਮੈਨੇਜਰ ਜਗੀਰ ਜੋਸਨ, ਡਾਇਰੈਕਟਰ ਮੈਡਮ ਜੀ.ਕੇ ਜੋਸਨ, ਐਮ.ਡੀ ਰਾਜਬੀਰ ਜੋਸਨ, ਪ੍ਰਿੰਸੀਪਲ ਲਖਬੀਰ ਸਿੰਘ, ਕੋਆਰਡੀਨੇਟਰ ਹਰਪ੍ਰੀਤ ਕੌਰ, ਮ. ਰਣਜੀਤ ਸਿੰਘ ਰਾਣਾ, ਰਮੇਸ਼ ਸ਼ਰਮਾ, ਅਮਰਜੀਤ ਸਿੰਘ ਖੋਸਾ, ਸਰਬਜੀਤ ਸਿੰਘ, ਅਨਿਲ ਕੁਮਾਰ, ਮੈਡਮ ਇੰਦੂ ਬਾਲਾ, ਰੀਟਾ ਵਿੱਜ, ਗੁਰਵਿੰਦਰ ਕੌਰ, ਰਮਨਜੀਤ ਕੌਰ, ਨਵਦੀਪ ਕੌਰ, ਜਸਵਿੰਦਰ ਕੌਰ, ਨਿੰਦਰ ਕੌਰ, ਅਮਨਦੀਪ ਕੌਰ, ਪਰਮਿੰਦਰ ਕੌਰ, ਪ੍ਰਭਜੋਤ ਕੌਰ, ਰੀਟਾ ਸ਼ਰਮਾ, ਹਰਵਿੰਦਰ ਕੌਰ, ਤਨੂੰ ਅਰੋੜਾ, ਮੈਡਮ ਮੋਨਿਕਾ, ਮੈਡਮ ਤਜਿੰਦਰ ਕੌਰ, ਮੈਡਮ ਬਲਵਿੰਦਰ ਕੌਰ, ਮੈਡਮ ਅੰਸ਼ੁਲਾ ਖੋਸਲਾ, ਮੈਡਮ ਨਿਤਾਸ਼ਾ, ਮੈਡਮ ਮਨਪ੍ਰੀਤ ਕੌਰ, ਮੈਡਮ ਪਵਨਦੀਪ ਕੌਰ, ਮੈਡਮ ਕਵਿਤਾ ਤੋਂ ਇਲਾਵਾ ਹੋਰ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਇਨੋਸੈਂਟ ਹਾਰਟਸ 'ਚ ਬਾਲ ਦਿਵਸ ਮਨਾਇਆ

**ਜਲੰਧਰ (ਸ਼ੈਲੀ ਐਲਬਰਟ)**

ਇੰਨੋਸੈਂਟ ਹਾਰਟਸ (ਜੀ.ਐਮ.ਟੀ., ਲੋਹਾਰਾਂ, ਸੀ.ਜੇ.ਆਰ., ਰਾਇਲਵਰਲਡ, ਕਪੂਰਥਲਾ ਰੋਡ) ਦੇ ਪੰਜਾਂ ਸਕੂਲਾਂ ਵਿੱਚ ਚਾਚਾ ਨਹਿਰੂ ਦਾ ਜਨਮ ਦਿਨ ਬਾਲ ਦਿਵਸ ਵੱਜੋਂ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇੰਨੋਕਿਡਜ ਦੇ ਪ੍ਰੀ-ਪ੍ਰਾਇਮਰੀ ਸਕੂਲ ਦੇ ਛੋਟੇ ਬੱਚਿਆਂ ਨੇ ਚਾਚਾ ਨਹਿਰੂ ਲਈ ਆਪਣੇ ਡੂੰਘੇ ਪਿਆਰ ਦਾ ਪ੍ਰਗਟਾਵਾ ਕੀਤਾ।ਚਾਚਾ ਨਹਿਰੂ ਵਰਗੇ ਪਹਿਰਾਵੇ ਵਾਲੇ ਬੱਚੇ ਬਹੁਤ ਆਕਰਸ਼ਕ ਲੱਗ ਰਹੇ ਸਨ।ਬੱਚਿਆਂ ਨੇ ਦੇਸ਼ ਭਗਤੀ ਦੀਆਂ ਕਵਿਤਾਵਾਂ, ਗਾਇਨ ਵਿੱਚ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਇਸ ਤੋਂ ਇਲਾਵਾ ਬੱਚਿਆਂ ਨੇ ਬੈਲੂਨ, ਬਾਲ ਹੋਲਡਰ, ਰਿੰਗ, ਐਲੀਫੈਂਟਵਿਦਰਿੰਗ, ਪੇਪਰ ਪਲੇਟ ਆਦਿ ਖੇਡਾਂ ਦਾ ਆਨੰਦ ਮਾਣਿਆ। ਵਿਸ਼ੇਸ਼ ਪ੍ਰਾਰਥਨਾ ਸਭਾ ਵਿੱਚ ਵਿਦਿਆਰਥੀਆਂ ਨੂੰ ਪੰਡਤ ਜਵਾਹਰ ਲਾਲ ਨਹਿਰੂ ਦੇ ਜੀਵਨ ਅਤੇ ਕੰਮਾਂ ਬਾਰੇ ਜਾਣੂੰ ਕਰਵਾਇਆ ਗਿਆ। ਵਿਦਿਆਰਥੀਆਂ ਨੇ ਚਾਚਾ ਨਹਿਰੂ ਦੇ ਜਨਮ ਦਿਨ'ਤੇ ਕਵਿਤਾਵਾਂ ਪੇਸ਼ਕੀਤੀਆਂ। ਇਸ ਮੌਕੇ ਵਿਦਿਆਰਥੀਆਂ ਲਈ ਕਾਰਡ ਮੇਕਿੰਗ ਗਤੀ ਵਿਧੀਕਰਵਾਈ ਗਈ ਅਤੇ 7ਵੀਂ ਅਤੇ 8ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਬਾਲ ਦਿਵਸ ਤੇ ਇੱਕ ਪੈਰਾਗ੍ਰਾਫ਼ ਲਿਖਣ ਲਈ ਕਿਹਾ ਗਿਆ। ਬੱਚਿਆਂ ਦੀਆਂ ਪੇਸ਼ਕਾਰੀਆਂ ਦੀ ਖੂਬ ਸ਼ਲਾਘਾ ਕੀਤੀ ਗਈ। ਜਮਾਤਾਂ ਵਿੱਚ ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਅਸੀਂ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨੂੰ ਬਾਲ ਦਿਵਸ ਵੱਜੋਂ ਮਨਾਉਂਦੇ ਹਾਂ। ਨਹਿਰੂ ਜੀ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ, ਜਿਸ ਕਾਰਨ ਅੱਜ ਵੀ ਉਨ੍ਹਾਂ ਨੂੰ ਚਾਚਾ ਨਹਿਰੂ ਕਿਹਾ ਜਾਂਦਾ ਹੈ। ਉਨ੍ਹਾਂ ਨੇ ਬੱਚਿਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਅਤੇ ਚਾਚਾ ਨਹਿਰੂ ਦੇ ਬੱਚਿਆਂ ਪ੍ਰਤੀ ਪਿਆਰ ਅਤੇ ਦੇਸ਼ ਪ੍ਰਤੀ ਯੋਗਦਾਨ ਬਾਰੇ ਜਾਣਕਾਰੀ ਦਿੱਤੀ।ਚਾਚਾ ਨਹਿਰੂ ਦੇ ਆਦਰਸ਼ਾਂ ਨੂੰ ਅਪਣਾਉਂਦੇ ਹੋਏ ਉਨ੍ਹਾਂ ਨੇ ਬੱਚਿਆਂ ਨੂੰ ਉਨ੍ਹਾਂ ਵਾਂਗ ਸੰਜਮੀ, ਦਲੇਰ ਅਤੇ ਸਮਝਦਾਰ ਬਣਨ ਲਈ ਪ੍ਰੇਰਿਤ ਕੀਤਾ।




## ਰਾਖੀ ਗੁਪਤਾ ਭੰਡਾਰੀ ਨੇ ਪੰਜਾਬ ਦੇ ਰਾਜਪਾਲ ਦੇ ਪ੍ਰਮੁੱਖ ਸਕੱਤਰ ਵਜੋਂ ਸੰਭਾਲਿਆ ਅਹੁਦਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਕਈ ਐਵਾਰਡ ਹਾਸਲ 1997 ਬੈਚ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਰਾਖੀ ਗੁਪਤਾ ਭੰਡਾਰੀ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਪ੍ਰਮੁੱਖ ਸਕੱਤਰ ਵਜੋਂ ਅਹੁਦਾ ਸੰਭਾਲ ਲਿਆ। ਰਾਖੀ ਗੁਪਤਾ ਭੰਡਾਰੀ ਨੇ ਅੱਜ ਸਵੇਰੇ ਪੰਜਾਬ ਰਾਜ ਭਵਨ ਵਿਖੇ ਆਪਣੇ ਅਹੁਦੇ ਦਾ ਚਾਰਜ ਲਿਆ। ਪ੍ਰਸ਼ਾਸਨਕ ਹੁਨਰ, ਲੀਡਰਸ਼ਿਪ ਗੁਣਵੱਤਾ ਅਤੇ ਔਰਤਾਂ ਦੇ ਸਰਬਪੱਖੀ ਵਿਕਾਸ ਲਈ ਪ੍ਰਸੰਸਾਯੋਗ ਕੰਮ ਲਈ ਰਾਣੀ ਰੁਦਰਮਾ ਦੇਵੀ ਪੁਰਸਕਾਰ ਦੀ ਸ਼੍ਰੇਣੀ ਤਹਿਤ 2011 ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਭਾਰਤ ਦੇ ਰਾਸ਼ਟਰਪਤੀ ਤੋਂ ਵੱਕਾਰੀ "ਸਤ੍ਰੀ ਸ਼ਕਤੀ ਪੁਰਸਕਾਰ" ਪ੍ਰਾਪਤ ਰਾਖੀ ਗੁਪਤਾ ਭੰਡਾਰੀ ਕੋਲ ਵਿਆਪਕ ਪ੍ਰਸ਼ਾਸਨਕ ਤਜਰਬਾ ਹੈ। ਗ੍ਰਹਿ ਮੰਤਰਾਲੇ ਵਿੱਚ ਸੰਯੁਕਤ ਸਕੱਤਰ ਵਜੋਂ ਸੇਵਾ ਨਿਭਾ ਚੁੱਕੇ ਰਾਖੀ ਗੁਪਤਾ ਭੰਡਾਰੀ ਨੇ ਜਲ ਸਰੋਤ ਮੰਤਰਾਲੇ, ਨਦੀ ਵਿਕਾਸ ਅਤੇ ਗੰਗਾ ਦੀ ਸੁਰਜੀਤੀ, ਪੀਣ ਵਾਲੇ ਪਾਣੀ ਅਤੇ ਸੈਨੀਟੇਸ਼ਨ ਮੰਤਰਾਲੇ, ਬਿਜਲੀ ਮੰਤਰਾਲੇ ਅਤੇ ਕੱਪੜਾ ਮੰਤਰਾਲਾ, ਨਿਫਟ ਦੇ ਡਾਇਰੈਕਟਰ ਵਰਗੇ ਪ੍ਰਮੁੱਖ ਅਹੁਦਿਆਂ ਉਤੇ ਸੇਵਾ ਨਿਭਾਈ। ਉਨ੍ਹਾਂ ਨੂੰ 2001 ਵਿੱਚ ਮਰਦਮਸ਼ੁਮਾਰੀ ਦੇ ਕੰਮ ਲਈ ਭਾਰਤ ਦੇ ਰਾਸ਼ਟਰਪਤੀ ਨੇ ਸਿਲਵਰ ਮੈਡਲ ਨਾਲ ਵੀ ਸਨਮਾਨਤ ਕੀਤਾ ਸੀ। ਉਨ੍ਹਾਂ ਨੂੰ ਭਾਰਤ ਸਰਕਾਰ ਦੁਆਰਾ ਰਾਸ਼ਟਰੀ ਅਬਜ਼ਰਵਰ ਵਜੋਂ ਭੂਟਾਨ ਵਿੱਚ ਪਹਿਲੀਆਂ ਸੰਸਦੀ ਚੋਣਾਂ ਦੀ ਨਿਗਰਾਨੀ ਕਰਨ ਲਈ ਵੀ ਨਿਯੁਕਤ ਕੀਤਾ ਗਿਆ ਸੀ। ਲੇਡੀ ਸ੍ਰੀ ਰਾਮ ਕਾਲਜ ਨਵੀਂ ਦਿੱਲੀ ਤੋਂ ਗਰੈਜੂਏਟ ਰਾਖੀ ਗੁਪਤਾ ਭੰਡਾਰੀ ਨੂੰ 2015 ਵਿੱਚ ਜਨੇਵਾ ਵਿੱਚ 29ਵੀਂ ਅਤੇ 30ਵੀਂ ਸਾਲਾਨਾ ਮਨੁੱਖੀ ਅਧਿਕਾਰ ਕੌਂਸਲ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਦਾ ਸਨਮਾਨ ਵੀ ਹਾਸਲ ਹੋਇਆ ਸੀ। ਉਨ੍ਹਾਂ ਨੇ ਕਤਰ, ਪਾਕਿਸਤਾਨ, ਚੀਨ, ਸੀਰੀਆ ਅਤੇ ਦੁਬਈ ਵਿੱਚ ਅੰਤਰਰਾਸ਼ਟਰੀ ਪ੍ਰਤੀਨਿਧ ਮੰਡਲਾਂ ਵਿੱਚ ਵੀ ਮੈਂਬਰ ਵਜੋਂ ਹਿੱਸਾ ਲਿਆ। ਦਿੱਲੀ ਸਕੂਲ ਆਫ ਇਕਨਾਮਿਕਸ ਤੋਂ ਪੋਸਟ ਗਰੈਜੂਏਟ ਅਤੇ ਨੈਸ਼ਨਲ ਡਿਫੈਂਸ ਕਾਲਜ (ਐਨ.ਡੀ.ਸੀ.), ਨਵੀਂ ਦਿੱਲੀ/ਮਦਰਾਸ ਯੂਨੀਵਰਸਿਟੀ ਤੋਂ ਡਿਫੈਂਸ ਅਤੇ ਸਟਰੈਟਜਿਕ ਸਟੱਡੀਜ਼ ਵਿੱਚ ਐਮ. ਫਿਲ ਰਾਖੀ ਗੁਪਤਾ ਭੰਡਾਰੀ ਇੱਕ ਵਧੀਆ ਲੇਖਕ ਅਤੇ ਗਾਇਕ ਵੀ ਹਨ। ਉਨ੍ਹਾਂ ਕਈ ਕਿਤਾਬਾਂ ਵੀ ਪ੍ਰਕਾਸ਼ਿਤ ਕਰਵਾਈਆਂ ਹਨ ਅਤੇ ਪ੍ਰਮੁੱਖ ਅਖਬਾਰਾਂ ਤੇ ਰਸਾਲਿਆਂ ਵਿੱਚ ਲੇਖ ਅਤੇ ਕਵਿਤਾਵਾਂ ਵੀ ਪ੍ਰਕਾਸ਼ਿਤ ਕਰਵਾਈਆਂ ਹਨ।

